# PUNJAB VIDHAN SABHA

## DEBATES

*Monday, the 24th November, 2025*

# SIXTEENTH VIDHAN SABHA

**TENTH (SPECIAL) SESSION at**

**SRI ANANDPUR SAHIB**

**(Sitting No.1)**

# OFFICIAL REPORT



**PUNJAB VIDHAN SABHA SECRETARIAT**
**SRI ANANDPUR SAHIB-140118**

Price : Rs…………

## ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ

## PUNJAB VIDHAN SABHA

Sardar Kultar Singh Sandhwan, Hon'ble Speaker

Sardar Jai Krishan Singh, Hon'ble Deputy Speaker

Shri Ram Lok Khatana, Secretary

# ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment, Sports & Youth Services | ਆਮ ਪ੍ਰਸ਼ਾਸਨ,<br>ਗ੍ਰਿਹ ਮਾਮਲੇ ਅਤੇ ਨਿਆਂ,<br>ਪ੍ਰਸੋਨਲ,<br>ਚੌਕਸੀ,<br>ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ, ਪ੍ਰੋਗਰਾਮ ਲਾਗੂਕਰਨ, ਆਬਕਾਰੀ ਤੇ ਕਰ ਮੰਤਰੀ |
| 3. | ਸ੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities, Social Security, Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ੍ਰੀ ਸੰਜੀਵ ਅਰੋੜਾ<br>Shri Sanjeev Arora | Industry and Commerce, Investment Promotion, NRI Affairs, Power Minister | ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਪ੍ਰਵਾਸੀ ਭਾਰਤੀ ਮਾਮਲੇ, ਊਰਜਾ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife preservation Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |

| | | | |
|---|---|---|---|
| 8. | ਸਰਦਾਰ ਲਾਲਜੀਤ ਸਿੰਘ ਭੁੱਲਰ<br>Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |
| 9. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training,<br>Higher Education, School Education, Information & Public Relations Minister | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਅਤੇ ਲੋਕ ਸੰਪਰਕ ਮੰਤਰੀ |
| 10. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| 11. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | ਡਾਕਟਰ ਰਵਜੋਤ ਸਿੰਘ<br>Doctor Ravjot Singh | Local Government, Parliamentary Affairs Minister | ਸਥਾਨਕ ਸਰਕਾਰ, ਸੰਸਦੀ ਮਾਮਲੇ ਮੰਤਰੀ |
| 13. | ਸ੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 15. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ |
| 16. | ਸ੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀਆਂ ਦੀ ਭਲਾਈ, ਬਾਗਬਾਨੀ ਮੰਤਰੀ |

## CONTENTS


| SR. No. | SUBJECT | PAGE No. |
|---|---|---|
| 1 | Announcement by the Hon'ble Speaker reg. Panel of Chairmen | 1 |
| 2 | Announcement by the Secretary | 2 |
| 3 | Motion under Rule 16 | 3 |
| 4 | Official Resolution regarding paying humble tributes to Sri Guru Tegh Bahadur ji on the Occasion of his 350th Martyrdom anniversary; commending efforts of Govt. of Punjab in organizing various events to commemorate this Occasion and urging the Government to continue promoting values as exemplified by Sri Guru Teg Bahadur ji | 3 |
| 6 | Welcome Announcement by the Hon'ble Speaker | 17 |
| 7 | Official Resolution regarding paying humble tributes to Sri Guru Tegh Bahadur ji on the Occasion of his 350th Martyrdom anniversary; commending efforts of Govt. of Punjab in organizing various events to commemorate this Occasion and urging the Government to continue promoting values as exemplified by Sri Guru Teg Bahadur ji *(Resumption)* | 17 |
| 8 | Welcome Announcement by the Hon'ble Speaker | 31 |
| 9 | Official Resolution regarding paying humble tributes to Sri Guru Tegh Bahadur ji on the Occasion of his 350th Martyrdom anniversary; commending efforts of Govt. of Punjab in organizing various events to commemorate this Occasion and urging the Government to continue promoting values as exemplified by Sri Guru Teg Bahadur ji *(Resumption)* | 31 |
| 10 | Request/ Announcement by the Hon'ble Speaker | 36 |
| 11 | Welcome Announcement by the Hon'ble Speaker | 36 |
| 12 | Official Resolution regarding paying humble tributes to Sri Guru Tegh Bahadur ji on the Occasion of his 350th Martyrdom anniversary; commending efforts of Govt. of Punjab in organizing various events to commemorate this Occasion and urging the Government to continue promoting values as exemplified by Sri Guru Teg Bahadur ji *(Resumption)* | 37 |

| | | |
|---|---|---|
| 13 | Welcome Announcement by the Hon'ble Speaker | 39 |
| 14 | Official Resolution regarding paying humble tributes to Sri Guru Tegh Bahadur ji on the Occasion of his 350th Martyrdom anniversary; commending efforts of Govt. of Punjab in organizing various events to commemorate this Occasion and urging the Government to continue promoting values as exemplified by Sri Guru Teg Bahadur ji *(Resumption)* | 39 |
| 15 | Walk Out | 40 |
| 16 | Official Resolution regarding paying humble tributes to Sri Guru Tegh Bahadur ji on the Occasion of his 350th Martyrdom anniversary; commending efforts of Govt. of Punjab in organizing various events to commemorate this Occasion and urging the Government to continue promoting values as exemplified by Sri Guru Teg Bahadur ji *(Resumption)* | 40 |
| 17 | Ruling by the Hon'ble Speaker Regarding making written speeches of Hon'ble Ministers/Members part of Debate of Sri Anandpur Sahib Historical Vidhan Sabha Session | 46 |
| 18 | Official Resolution regarding paying humble tributes to Sri Guru Tegh Bahadur ji on the Occasion of his 350th Martyrdom anniversary; commending efforts of Govt. of Punjab in organizing various events to commemorate this Occasion and urging the Government to continue promoting values as exemplified by Sri Guru Teg Bahadur ji *(Resumption)* | 46 |
| 19 | Resolution regarding meeting long-standing demand of public by officially declaring galiara of Sri Darbar Sahib at Sri Amritsar Sahib, Sri Anandpur Sahib and Sri Damdama Sahib, Talwandi Sabo, as holy cities of Punjab, banning the sale and use of meat, liquor, tobacco and other intoxicant products and shutting down shops of meat, liquor, cigarette and tobacco there. | 47 |
| 20 | Annexure-I<br><br>Laying of written speechs of Hon’ble Members, on the official resolution regarding paying humble tributes to Sri Guru Tegh Bahadur ji on the occasion of his 350th martyrdom anniversary; commending efforts of govt. of punjab in organizing various events to commemorate this occasion and urging the government to continue promoting values as exemplified by Sri Guru Tegh Bahadur ji, as per ruling of the Hon’ble Speaker. | 54 |
| 21 | Annexure-II (Bulletin No. 1) | 127 |

**PUNJAB VIDHAN SABHA**

*Monday, the 24th November, 2025*

*The Vidhan Sabha met in the Punjab Vidhan Sabha Hall (Provisional), Sri Anandpur Sahib, Rupnagar at 1.00 P.M. for Special Session regarding 350th Martyrdom day of Sri Guru Teg Bahadur ji. Mr. Speaker (Sardar Kultar Singh Sandhwan) in the Chair.*

..............

**ਮਾਣਯੋਗ ਸਪੀਕਰ**: ਪ੍ਰਗਟ ਭਏ ਗੁਰੂ ਤੇਗ ਬਹਾਦਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ।

ਅੱਜ ਅਸੀਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਨੋਖੀ ਸ਼ਹਾਦਤ ਦੇ 350ਵੇਂ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਇਸ ਵਿਸ਼ੇਸ਼ ਸਮਾਗਮ ਵਿੱਚ ਇਕੱਤਰ ਹੋਏ ਹਾਂ। ਸਮੂਹ ਮੈਂਬਰ ਸਾਹਿਬਾਨ ਨੂੰ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਅੱਜ ਆਪਣੇ 'ਤੇ ਅਪਾਰ ਬਖਸ਼ਿਸ਼ ਹੋਈ ਹੈ ਕਿ ਭਾਈ ਜੈਤਾ ਜੀ ਯਾਦਗਾਰੀ ਸਮਾਰਕ ਵਿਖੇ ਖਾਲਸੇ ਦੇ ਪਵਿੱਤਰ ਖੰਡੇ ਦੇ ਨਿਸ਼ਾਨ ਦੀ ਛਤਰ ਛਾਇਆ ਵਿੱਚ ਆਪਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ ਮੈਸੇਜ ਸਾਰੀ ਦੁਨੀਆ ਵਿੱਚ ਪਹੁੰਚਾਉਣ ਲਈ ਇਕੱਤਰ ਹੋਏ ਹਾਂ। ਇਹ ਅਕਾਲ ਪੁਰਖ ਦੀ ਆਪਣੇ 'ਤੇ ਕਿਰਪਾ ਹੈ। ਗੁਰੂ ਸਾਹਿਬ ਨੂੰ ਸਮਰਪਿਤ ਸਰਕਾਰੀ ਮਤੇ ਨੂੰ ਟੇਕ ਅੱਪ ਕਰਨ ਤੋਂ ਪਹਿਲਾਂ ਨਿਯਮਾਂ ਮੁਤਾਬਿਕ ਜ਼ਰੂਰੀ, ਅੱਜ ਦੇ ਏਜੰਡੇ 'ਤੇ ਲਿਸਟਿਡ ਆਈਟਮਜ਼ ਲੈਂਦੇ ਹਾਂ।

------

**ANNOUNCEMENT BY THE SPEAKER REGARDING PANEL OF CHAIRMEN**

**ਮਾਣਯੋਗ ਸਪੀਕਰ** : ਮੈਂ, ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਲਈ ਨਾਮਜ਼ਦ ਕਰਦਾ ਹਾਂ :-

1. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ
2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ
3. ਸ਼੍ਰੀਮਤੀ ਜੀਵਨਜੋਤ ਕੌਰ, ਐਮ.ਐਲ.ਏ
4. ਸ੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ

------

**ANNOUNCEMENT BY THE SECRETARY**

**ਮਾਣਯੋਗ ਸਪੀਕਰ** : ਹੁਣ ਸਕੱਤਰ ਜੀ ਐਲਾਨ ਕਰਨਗੇ।

**ਸ੍ਰੀ ਸਕੱਤਰ** : ਸ੍ਰੀਮਾਨ ਜੀ, ਮੈਂ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਨੌਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਮਾਣਯੋਗ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਪੰਜਾਬ ਲਾਅ ਆਫੀਸਰਜ਼ (ਇਨਗੇਜਮੈਂਟ) ਸੋਧ ਬਿਲ, 2025

2. ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਹੁਸ਼ਿਆਰਪੁਰ ਬਿਲ, 2025

3. ਸੀ.ਜੀ.ਸੀ. ਯੂਨੀਵਰਸਿਟੀ ਮੋਹਾਲੀ ਬਿਲ, 2025

4. ਪੰਜਾਬ ਦੁਕਾਨਾਂ ਅਤੇ ਵਪਾਰਕ ਅਦਾਰੇ (ਸੋਧ) ਬਿਲ, 2025

5. ਪੰਜਾਬ ਸਟੇਟ ਡਿਵੈਲਪਮੈਂਟ ਟੈਕਸ (ਸੋਧ) ਬਿਲ, 2025

6. ਪੰਜਾਬ ਨਮਿੱਤਣ ਐਕਟਸ (ਰਿਪੀਲ) ਬਿਲ, 2025

7. ਪੰਜਾਬ ਰਾਈਟ ਟੂ ਬਿਜ਼ਨਸ (ਸੋਧ) ਬਿਲ, 2025

8. ਪੰਜਾਬ ਗੁੱਡਜ਼ ਐਂਡ ਸਰਵਿਸਿਜ਼ (ਸੋਧ) ਬਿਲ, 2025

9. ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੂਲੇਸ਼ਨ (ਸੋਧ) ਬਿਲ, 2025

10. ਪੰਜਾਬ ਸਹਿਕਾਰੀ ਸਭਾਵਾਂ (ਸੋਧ) ਬਿਲ, 2025

11. ਪੰਜਾਬ ਟਾਊਨ ਇੰਪਰੂਵਮੈਂਟ (ਸੋਧ) ਬਿਲ, 2025

------

**MOTION UNDER RULE 16**

**ਮਾਣਯੋਗ ਸਪੀਕਰ :** ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

------

**OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI**

**ਮਾਣਯੋਗ ਸਪੀਕਰ** : ਹੁਣ ਸਿੱਖਿਆ ਮੰਤਰੀ ਜੀ ਮਤਾ ਪੇਸ਼ ਕਰਨਗੇ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਦੇ ਇਤਿਹਾਸਕ ਮੌਕੇ ਤੇ ਮਹਾਨ ਸਿੱਖ ਗੁਰੂ ਪ੍ਰਤੀ ਆਪਣੀ ਡੂੰਘੀ ਸ਼ਰਧਾ ਅਤੇ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਸਤਿਕਾਰ, ਭਾਵਨਾ ਅਤੇ ਵਿਸ਼ਵਾਸ ਨਾਲ ਨਿਮਰਤਾ ਸਹਿਤ ਸੀਸ ਝੁਕਾਉਂਦਾ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰਨ ਦੇ ਅਧਿਕਾਰ ਦੀ ਰੱਖਿਆ ਕਰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਸਵੈਮਾਨ ਦੇ ਸਿਧਾਂਤਾਂ ਨੂੰ ਮਜ਼ਬੂਤੀ ਨਾਲ ਕਾਇਮ ਰੱਖਿਆ;

ਉਨ੍ਹਾਂ ਦੀ ਸਰਵਉੱਚ ਕੁਰਬਾਨੀ ਪੀੜ੍ਹੀਆਂ ਲਈ ਪ੍ਰੇਰਨਾ ਦਾ ਚਾਨਣ ਮੁਨਾਰਾ ਰਹੀ ਹੈ, ਜਿਸ ਨੇ ਸੂਰਬੀਰਤਾ, ਹਮਦਰਦੀ ਅਤੇ ਨਿਆਂ ਪ੍ਰਤੀ ਅਟੁੱਟ ਵਚਨਬੱਧਤਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕੀਤਾ ਹੈ;

ਪੰਜਾਬ ਦੇ ਲੋਕ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਉਹ ਗੁਰੂ ਜੀ ਦੀ ਅਮੀਰ ਅਧਿਆਤਮਿਕ ਵਿਰਾਸਤ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਤੇ ਅਤਿਅੰਤ ਮਾਣ ਮਹਿਸੂਸ ਕਰਦੇ ਹਨ;

ਇਸ ਲਈ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਉਨ੍ਹਾਂ ਦੀ ਸ਼ਹੀਦੀ ਦੀ 350ਵੀਂ ਵਰ੍ਹੇਗੰਢ ਤੇ ਪੂਰੀ ਗੰਭੀਰਤਾ ਅਤੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਸਨਮਾਨ ਸਹਿਤ ਯਾਦ ਕਰਦਾ ਹੈ।

ਇਸ ਮੌਕੇ ਨੂੰ ਸਮਰਪਿਤ ਵੱਖ-ਵੱਖ ਸਮਾਗਮਾਂ ਅਤੇ ਪ੍ਰੋਗਰਾਮਾਂ ਦੇ ਆਯੋਜਨ ਲਈ ਪੰਜਾਬ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕਰਦਾ ਹੈ, ਜਿਸ ਵਿੱਚ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਦੇ ਨਾਲ-ਨਾਲ ਨਗਰ ਕੀਰਤਨ, ਕੀਰਤਨ ਦਰਬਾਰ ਅਤੇ ਗੁਰੂ ਸਾਹਿਬ ਦੇ ਜੀਵਨ ਅਤੇ ਵਿਰਾਸਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ/ਡਰੋਨ ਸ਼ੋਅ ਅਤੇ ਸਰਵ ਧਰਮ ਸੰਮੇਲਨ ਸ਼ਾਮਲ ਹਨ।

ਇਹ ਸਦਨ ਸਰਕਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦਰਸਾਏ ਗਏ ਧਰਮ ਨਿਰਪੱਖਤਾ, ਵਿਸ਼ਵਵਿਆਪੀ ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਲਾਂ ਦੇ ਸਿਧਾਤਾਂ ਨੂੰ ਉਤਸ਼ਾਹਿਤ ਕਰਨਾ, ਜਾਰੀ ਰੱਖਣ ਦੀ ਅਪੀਲ ਕਰਦਾ ਹੈ।

ਇਹ ਸਦਨ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਖੁਸ਼ਹਾਲੀ, ਸਮਾਜ ਵਿੱਚ ਸ਼ਾਂਤੀ, ਸਹਿਣਸ਼ੀਲਤਾ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਨ ਦਾ ਸੰਕਲਪ ਕਰਦਾ ਹੈ।"

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

"ਕਿ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਦੇ ਇਤਿਹਾਸਕ ਮੌਕੇ ਤੇ ਮਹਾਨ ਸਿੱਖ ਗੁਰੂ ਪ੍ਰਤੀ ਆਪਣੀ ਡੂੰਘੀ ਸ਼ਰਧਾ ਅਤੇ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਸਤਿਕਾਰ, ਭਾਵਨਾ ਅਤੇ ਵਿਸ਼ਵਾਸ ਨਾਲ ਨਿਮਰਤਾ ਸਹਿਤ ਸੀਸ ਝੁਕਾਉਂਦਾ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰਨ ਦੇ ਅਧਿਕਾਰ ਦੀ ਰੱਖਿਆ ਕਰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਸਵੈਮਾਨ ਦੇ ਸਿਧਾਂਤਾਂ ਨੂੰ ਮਜ਼ਬੂਤੀ ਨਾਲ ਕਾਇਮ ਰੱਖਿਆ;

ਉਨ੍ਹਾਂ ਦੀ ਸਰਵਉੱਚ ਕੁਰਬਾਨੀ ਪੀੜ੍ਹੀਆਂ ਲਈ ਪ੍ਰੇਰਨਾ ਦਾ ਚਾਨਣ ਮੁਨਾਰਾ ਰਹੀ ਹੈ, ਜਿਸ ਨੇ ਸੂਰਬੀਰਤਾ, ਹਮਦਰਦੀ ਅਤੇ ਨਿਆਂ ਪ੍ਰਤੀ ਅਟੁੱਟ ਵਚਨਬੱਧਤਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕੀਤਾ ਹੈ;

ਪੰਜਾਬ ਦੇ ਲੋਕ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਉਹ ਗੁਰੂ ਜੀ ਦੀ ਅਮੀਰ ਅਧਿਆਤਮਿਕ ਵਿਰਾਸਤ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਤੇ ਅਤਿਅੰਤ ਮਾਣ ਮਹਿਸੂਸ ਕਰਦੇ ਹਨ;

ਇਸ ਲਈ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਉਨ੍ਹਾਂ ਦੀ ਸ਼ਹੀਦੀ ਦੀ 350ਵੀਂ ਵਰ੍ਹੇਗੰਢ ਤੇ ਪੂਰੀ ਗੰਭੀਰਤਾ ਅਤੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਸਨਮਾਨ ਸਹਿਤ ਯਾਦ ਕਰਦਾ ਹੈ।

ਇਸ ਮੌਕੇ ਨੂੰ ਸਮਰਪਿਤ ਵੱਖ-ਵੱਖ ਸਮਾਗਮਾਂ ਅਤੇ ਪ੍ਰੋਗਰਾਮਾਂ ਦੇ ਆਯੋਜਨ ਲਈ ਪੰਜਾਬ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕਰਦਾ ਹੈ, ਜਿਸ ਵਿੱਚ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਦੇ ਨਾਲ-ਨਾਲ ਨਗਰ ਕੀਰਤਨ, ਕੀਰਤਨ ਦਰਬਾਰ ਅਤੇ ਗੁਰੂ ਸਾਹਿਬ ਦੇ ਜੀਵਨ ਅਤੇ ਵਿਰਾਸਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ/ਡਰੋਨ ਸ਼ੋਅ ਅਤੇ ਸਰਵ ਧਰਮ ਸੰਮੇਲਨ ਸ਼ਾਮਲ ਹਨ।

ਇਹ ਸਦਨ ਸਰਕਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦਰਸਾਏ ਗਏ ਧਰਮ ਨਿਰਪੱਖਤਾ, ਵਿਸ਼ਵਵਿਆਪੀ ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਲਾਂ ਦੇ ਸਿਧਾਤਾਂ ਨੂੰ ਉਤਸ਼ਾਹਿਤ ਕਰਨਾ, ਜਾਰੀ ਰੱਖਣ ਦੀ ਅਪੀਲ ਕਰਦਾ ਹੈ।

ਇਹ ਸਦਨ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਖੁਸ਼ਹਾਲੀ, ਸਮਾਜ ਵਿੱਚ ਸ਼ਾਂਤੀ, ਸਹਿਣਸ਼ੀਲਤਾ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਨ ਦਾ ਸੰਕਲਪ ਕਰਦਾ ਹੈ।"

ਪ੍ਰਗਟ ਭਏ ਗੁਰੂ ਤੇਗ ਬਹਾਦਰ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟੱਲ ਕਰੀ ਕਲਿਯੁਗ ਮੈ ਸਾਖੀ।
ਸਗਲ ਸ੍ਰਿਸਟਿ ਜਾ ਕਾ ਜਸ ਭਯੋ।
ਜਿਹ ਤੇ ਸਰਬ ਧਰਮ ਬਚਯੋ।
ਤੀਨ ਲੋਕ ਮੈ ਜੈ ਜੈ ਭਈ।

ਸਤਿਗੁਰੂ ਪੈਜ ਰਾਖ ਇਮ ਲਈ।

ਇਸ ਤੋਂ ਪਹਿਲਾਂ ਕਿ ਇਸ ਪਵਿੱਤਰ ਸਦਨ ਦੇ ਮਾਣਯੋਗ ਮੈਂਬਰ ਗੁਰੂ ਸਾਹਿਬ ਨੂੰ ਸਮਰਪਿਤ ਇਸ ਸਰਕਾਰੀ ਮਤੇ ਤੇ ਆਪਣੇ ਵਿਚਾਰ ਪੇਸ਼ ਕਰਨ, ਦਾਸ ਗੁਰੂ ਸਾਹਿਬ ਪ੍ਰਤੀ ਆਪਣੀ ਸ਼ਰਧਾ ਵਿਅਕਤ ਕਰਨਾ ਚਾਹੁੰਦਾ ਹਾਂ। ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਰਮ ਭੂਮੀ ਅਤੇ ਪੰਥ ਖਾਲਸਾ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਪਵਿੱਤਰ ਧਰਤੀ ਤੇ ਅਸੀਂ ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਵਾਲੇ ਨੌਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਪਰਮ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਅਤੇ ਗੁਰੂ ਸਾਹਿਬ ਦੇ ਤਮਾਮ ਸਿੱਖ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਕੱਤਰ ਹੋਏ ਹਾਂ। ਇਹ ਜਗ੍ਹਾ ਬੜੀ ਵੱਡੀ ਹੈ। ਇਸ ਜਗ੍ਹਾ ਦੀ ਅਹਿਮੀਅਤ ਬੜੀ ਵੱਡੀ ਹੈ, ਜਿਸ ਜਗ੍ਹਾ ਤੇ ਅੱਜ ਵਿਧਾਨ ਸਭਾ ਦਾ ਸੈਸ਼ਨ ਪਹਿਲੀ ਵਾਰ ਚੰਡੀਗੜ੍ਹ ਤੋਂ ਬਾਹਰ ਭਾਈ ਜੈਤਾ ਜੀ ਮੈਮੋਰੀਅਲ ਵਿਖੇ ਬੁਲਾਇਆ ਗਿਆ ਹੈ। ਭਾਈ ਜੈਤਾ ਜੀ ਦੀ ਸਿੱਖ ਪੰਥ ਅਤੇ ਸਮਾਜ ਵਿਚ ਬਹੁਤ ਵੱਡੀ ਜਗ੍ਹਾ ਹੈ। ਮੈਂ ਆਪਣੇ ਆਪ ਨੂੰ ਬੜਾ ਭਾਗਾਂ ਵਾਲਾ ਸਮਝਦਾ ਹਾਂ ਕਿ ਅੱਜ ਇਸ ਬੜੀ ਵੱਡੀ ਇਤਿਹਾਸਕ ਜਗ੍ਹਾ ਤੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਹੋ ਰਿਹਾ ਹੈ।

ਸਭ ਤੋਂ ਪਹਿਲਾਂ ਮੈਂ ਗੁਰੂ ਸਾਹਿਬਾਨ ਅੱਗੇ ਇਹ ਅਰਦਾਸ ਕਰਦਾ ਹਾਂ ਕਿ ਹੇ ਵਾਹਿਗੁਰੂ ਸੱਚੇ ਪਾਤਸ਼ਾਹ! ਅਸੀਂ ਨਿਮਾਣੇ ਭੁੱਲਣਹਾਰ ਹਾਂ, ਅਨੇਕਾਂ ਭੁੱਲਾਂ-ਵਿਕਾਰਾਂ ਨਾਲ ਗ੍ਰਸਤ ਹਾਂ, ਇਸ ਲਈ ਅਸੀਂ ਆਪਣੇ ਆਪ ਨੂੰ ਇੰਨੇ ਕਾਬਿਲ ਨਹੀਂ ਸਮਝਦੇ ਕਿ ਆਪ ਜੀ ਦੀ, ਆਪ ਜੀ ਦੇ ਪਰਿਵਾਰ ਦੀ ਅਤੇ ਆਪ ਜੀ ਦੇ ਤਮਾਮ ਸਿੰਘਾਂ-ਸਿੰਘਣੀਆਂ ਦੀ ਕੁਰਬਾਨੀ ਦੀ ਮਹਿਮਾ ਵੀ ਆਪਣੇ ਮੁਖ ਤੋਂ ਕਰ ਸਕੀਏ।

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥
ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥
ਮਾਧੋ ਹਮ ਐਸੇ ਤੂ ਐਸਾ ॥
ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ ਰਹਾਉ ॥

ਅੱਜ ਅਸੀਂ ਸਾਰੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰ ਰਹੇ ਹਾਂ ਤਾਂ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਦਿੱਤੀ ਗਈ ਸ਼ਹਾਦਤ ਦੀ ਤਸਵੀਰ ਵੀ ਆਪ ਮੁਹਾਰੇ ਅੱਖਾਂ ਅੱਗੇ ਘੁੰਮਦੀ ਨਜ਼ਰ ਆਉਂਦੀ ਹੈ। ਕੌਮ ਦੀ ਖਾਤਿਰ ਤੱਤੀ ਤਵੀ ਤੇ ਆਪਣੀ ਦੇਹ ਨੂੰ ਤਪਾਉਂਦਿਆ ਬੇਮਿਸਾਲ ਕੁਰਬਾਨੀ ਦੇ ਕੇ ਪੰਜਵੀਂ ਪਾਤਸ਼ਾਹੀ ਨੇ ਸ਼ਹਾਦਤ ਦਾ ਇੱਕ ਮਹਾਨ ਵਿਰਸਾ ਕਾਇਮ ਕਰ ਦਿੱਤਾ। ਇਹ ਸ਼ਹਾਦਤ ਦੀ ਅਨਮੋਲ ਦੌਲਤ ਜੋ ਪੰਜਵੀਂ ਪਾਤਸ਼ਾਹੀ ਨੇ ਬਖਸ਼ੀ, ਉਸ ਨੂੰ ਆਪ ਜੀ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਆਪਣੀਆਂ ਕੀਮਤੀ ਜਾਨਾਂ ਕੌਮ ਉੱਤੇ, ਮਨੁੱਖਤਾ ਉੱਤੇ ਵਾਰ ਕੇ ਹੰਢਾਇਆ।

ਸ਼ਹੀਦੀ ਤੋਂ ਪਹਿਲਾਂ ਜਦੋਂ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਪਾਤਸ਼ਾਹ ਤੋਂ ਪੁੱਛਿਆ ਗਿਆ ਕਿ ''ਤੁਸੀਂ ਆਪਣੀ ਹਸਤੀ ਮਿਟਾਉਣ ਤੇ ਕਿਉਂ ਤੁਲੇ ਹੋਏ ਹੋ", ਗੁਰੂ ਸਾਹਿਬ ਨੇ ਬੜੀ ਹੀ ਨਿਮਰਤਾ ਨਾਲ ਜਵਾਬ

ਦਿੱਤਾ, ‘‘ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਲਈ।" ਅਹੰਕਾਰ ਵਿੱਚ ਭਰੇ ਅਹਿਲਕਾਰਾਂ ਨੇ ਕਿਹਾ ਕਿ ‘‘ਜੇ ਅਸੀਂ ਤੁਹਾਡੀ ਆਵਾਜ਼ ਹੀ ਬੰਦ ਕਰ ਦੇਈਏ ਤਾਂ ਕੀ ਕਰੋਗੇ", ਕਵੀ ਲਿਖਦਾ ਹੈ ਕਿ ਗੁਰੂ ਸਾਹਿਬ ਦਾ ਜਵਾਬ ਸੀ -

"ਮੇਰੀ ਸਦਾ ਕੋ ਦਬਾਨਾ ਤੋਂ ਮੁਮਕਿਨ ਹੈ, ਬਦਲਤੇ ਵਕਤ ਕੀ ਰਫ਼ਤਾਰ ਕੌਨ ਰੋਕੇਗਾ।
ਆਪਕੀ ਆਨ ਕਾ ਫੈਸਲਾ ਬੁਲੰਦ ਹੀ ਸਹੀ, ਮਗਰ ਹਯਾਤ ਕੀ ਲਲਕਾਰ ਕੌਨ ਰੋਕੇਗਾ।
ਮੇਰੇ ਖ਼ਿਆਲੋਂ ਕੀ ਪਰਵੇਜ਼ ਰੋਕਨੇ ਵਾਲੋ, ਹਰਗੋਬਿੰਦ ਦੀ ਤਲਵਾਰ ਕੌਨ ਰੋਕੇਗਾ।"

ਪੰਜਵੀਂ ਪਾਤਸ਼ਾਹੀ ਵਲੋਂ ਕੀਤੇ ਗਏ ਇਸ ਸੰਕੇਤਕ ਆਦੇਸ਼ ਦੀ ਪਾਲਣਾ ਕਰਦਿਆਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਾ ਕੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਭਗਤੀ ਨੂੰ ਸ਼ਕਤੀ ਨਾਲ ਜੋੜ ਦਿੱਤਾ। ਅਕਾਲ ਬੁੰਗੇ ਤੇ ਦੋ ਨਿਸ਼ਾਨ ਸਾਹਿਬ, ਇੱਕ ਭਗਤੀ ਤੇ ਇੱਕ ਸ਼ਕਤੀ ਦਾ ਔਰ ਵੱਡੀ ਗੱਲ ਕਿ ਭਗਤੀ ਦਾ ਨਿਸ਼ਾਨ ਉੱਚਾ ਰੱਖ ਕੇ, ਸ਼ਕਤੀ ਨੂੰ ਭਗਤੀ ਦੇ ਅਧੀਨ ਕਰ ਦਿੱਤਾ। ਇਹ ਸਾਡੀ ਬਹੁਤ ਹੀ ਵੱਡੀ ਵਿਰਾਸਤ ਹੈ।

ਇਸੀ ਰਾਹ ਤੇ ਚਲਦਿਆਂ ਨੌਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੀ ਕੁਰਬਾਨੀ ਨੇ ਸ਼ਹਾਦਤ ਦੇ ਇਸ ਵਿਰਸੇ ਨੂੰ ਆਪਣੀ ਅਮਰ, ਪਵਿੱਤਰ ਖੁਸ਼ਬੋ ਨਾਲ ਮਹਿਕਾ ਦਿੱਤਾ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਸਤਿਕਾਰ ਸਹਿਤ ਪੜ੍ਹਦਿਆਂ, ਸੁਣਦਿਆਂ ਤੇ ਵਿਚਾਰਦਿਆਂ ਸਹਿਜੇ ਹੀ ਮਹਿਸੂਸ ਹੋ ਜਾਂਦਾ ਹੈ ਕਿ ਆਪ ਜੀ ਦੀ ਬਾਣੀ ਸੰਸਾਰਕ ਰਸਾਂ-ਕਸਾਂ ਦੇ ਭਰਮ ਜਾਲ ਵਿੱਚ ਗ੍ਰਸੇ ਮਨੁੱਖ ਨੂੰ ਮੁਕਤ ਕਰਕੇ ਉਸ ਅੰਦਰ ਪ੍ਰਭੂ ਮਿਲਾਪ ਲਈ ਵੈਰਾਗ ਦੀ ਅਨੰਤ ਧਾਰਾ ਪ੍ਰਵਾਹਿਤ ਕਰਨ ਵਾਲੀ ਹੈ। ਇਸ ਲਈ ਆਪ ਜੀ ਨੂੰ 'ਵੈਰਾਗ ਦੀ ਮੂਰਤ' ਵੀ ਆਖਿਆ ਜਾਂਦਾ ਹੈ।

ਗੁਰੂ ਸਾਹਿਬ ਜੀ ਨੇ ਗੁਰਤਾ ਗੱਦੀ ਤੇ ਸੁਭਾਇਮਾਨ ਹੋ ਕੇ ਨਿਰਭੈਤਾ ਅਤੇ ਨਿਰਵੈਰਤਾ ਦਾ ਜਿਹੜਾ ਵਿਲੱਖਣ ਜਲਵਾ ਪੇਸ਼ ਕੀਤਾ, ਉਸ ਜਲਵੇ ਨੂੰ ਵਾਰ ਵਾਰ ਸਿਜਦਾ ਕਰਦੇ ਹਾਂ। ਗੁਰੂ ਸਾਹਿਬ ਦੀ ਜਿਹੜੀ ਆਤਮਕ ਅਵਸਥਾ ਗੁਰਗੱਦੀ ਉੱਤੇ ਸੁਭਾਇਮਾਨ, ਸੀਸ ਉੱਤੇ ਸੇਵਕਾਂ ਵੱਲੋਂ ਚੌਰ ਝੁਲਾਉਣ, ਸੰਗਤਾਂ ਵੱਲੋਂ ਨਤਮਸਤਕ ਹੋਣ ਸਮੇਂ ਸੀ, ਠੀਕ ਉਹੀ ਅਵਸਥਾ ਉਨ੍ਹਾਂ ਦੀ ਦਿੱਲੀ ਦੇ ਚਾਂਦਨੀ ਚੌਂਕ ਦੇ ਕੈਦਖ਼ਾਨੇ ਵਿਚ ਨਜ਼ਰਬੰਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਵਰਗੇ ਆਪਣੇ ਸਿੱਖਾਂ ਦੀਆਂ ਅੱਖਾਂ ਸਾਹਮਣੇ ਹੋਈਆਂ ਸ਼ਹਾਦਤਾਂ ਵੇਲੇ ਅਤੇ ਆਪਣੀ ਖ਼ੁਦ ਦੀ ਅਜ਼ੀਮ ਸ਼ਹਾਦਤ ਸਮੇਂ ਇੰਨ-ਬਿੰਨ ਕਾਇਮ ਸੀ।

ਆਪ ਜੀ ਦੀ ਬ੍ਰਹਮ ਸ਼ਕਤੀ ਦਾ ਪ੍ਰਤਾਪ ਇੰਨਾ ਸੀ ਕਿ ਜਦੋਂ ਆਪ ਜੀ ਦੇ ਪਰਮ ਸਿੱਖਾਂ ਨੂੰ ਆਪ ਜੀ ਦੀਆਂ ਅੱਖਾਂ ਸਾਹਮਣੇ ਕਤਲ ਕਰਕੇ ਸ਼ਹੀਦ ਕੀਤਾ ਗਿਆ ਤਾਂ ਆਪ ਜੀ ਨੇ ਪਰਮਾਤਮਾ ਦੇ ਧਿਆਨ ਵਿੱਚ ਲੀਨ ਹੋ ਕੇ ਉਨ੍ਹਾਂ ਸਿੱਖਾਂ ਨੂੰ ਕੌਮ ਲਈ ਕੁਰਬਾਨ ਹੋਣ ਦਾ ਬਲ ਬਖਸ਼ਿਆ।

ਆਪ ਜੀ ਨੇ ਮਨੁੱਖਤਾ ਦੀ ਖਾਤਿਰ ਖੁਦ ਇਸ ਤੋਂ ਵੀ ਵੱਧ ਤਸੀਹਿਆਂ ਵਾਲੀ ਸ਼ਹਾਦਤ ਗ੍ਰਹਿਣ ਕੀਤੀ ਤਾਂ ਆਪ ਉਸ ਵੇਲੇ ਵੀ ਧਿਆਨ ਵਿੱਚ ਹੀ ਲੀਨ ਹੋ ਕੇ ਸਿਮਰਨ ਕਰਦੇ ਰਹੇ ਅਤੇ ਸਮੁੱਚੀ ਮਨੁੱਖਤਾ ਨੂੰ ਇਹ ਸੰਦੇਸ਼ ਪੇਸ਼ ਕੀਤਾ ਕਿ ਜ਼ਬਰ ਜ਼ੁਲਮ ਦੇ ਖਿਲਾਫ਼ ਡਟਣਾ ਅਤੇ ਮਜ਼ਲੂਮ ਦੇ ਹੱਕ ਵਿੱਚ ਖੜ੍ਹਨਾ ਹੀ ਧਰਮ ਦਾ ਸਭ ਤੋਂ ਵੱਡਾ ਫਰਜ਼ ਹੈ, ਇਹ ਹੀ ਜ਼ਿੰਦਗੀ ਦਾ ਸਭ ਤੋਂ ਆਦਰਸ਼ ਮਾਰਗ ਹੈ।

ਗੁਰੂ ਸਾਹਿਬ ਉਚੇਰੀ ਆਤਮਕ ਅਵਸਥਾ ਦੀ ਸੋਝੀ ਕਰਵਾਉਂਦਿਆਂ ਫੁਰਮਾਨ ਕਰਦੇ ਹਨ :

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥

ਭਾਵ, ਜੀਵਨ ਵਿੱਚ ਵਿਚਰਦਿਆਂ ਦੁੱਖ ਵੀ ਮਿਲਣਗੇ ਅਤੇ ਸੁੱਖ ਦੀ ਬਖ਼ਸ਼ਿਸ਼ ਵੀ ਹੋਵੇਗੀ। ਅਸਲ ਮਨੁੱਖ ਉਹ ਹੈ ਜਿਹੜਾ ਇਨ੍ਹਾਂ ਦੋਹਾਂ ਅਵਸਥਾਵਾਂ ਵਿੱਚ ਵਿਚਲਿਤ ਨਹੀਂ ਹੁੰਦਾ, ਉਸ ਦੇ ਕਦਮ ਨਹੀਂ ਲੜਖੜਾਉਂਦੇ, ਉਸ ਦਾ ਮਨ ਨਹੀਂ ਡੋਲਦਾ, ਸਗੋਂ ਉਹ ਦੋਹਾਂ ਅਵਸਥਾਵਾਂ ਨੂੰ ਪਰਮੇਸ਼ਰ ਦੀ ਰਜ਼ਾ ਸਮਝਦੇ ਹੋਏ ਖਿੜੇ ਮੱਥੇ ਪ੍ਰਵਾਨ ਕਰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਇਹ ਬਚਨ ਆਪਣੇ ਮੁਖਾਰਬਿੰਦ ਤੋਂ ਮਹਿਜ਼ ਉਚਾਰੇ ਹੀ ਨਹੀਂ ਸਗੋਂ ਆਪ ਵੀ ਇਨ੍ਹਾਂ ਉੱਤੇ ਅਮਲ ਕਰ ਕੇ ਮਿਸਾਲ ਕਾਇਮ ਕੀਤੀ। ਗੁਰੂ ਸਾਹਿਬ ਨੇ ਤਿਆਗ, ਬਲੀਦਾਨ, ਪਰਉਪਕਾਰ ਅਤੇ ਬਹਾਦਰੀ ਦੀ ਜੋ ਜੋਤ ਜਗਾਈ, ਉਸ ਨੂੰ ਸਦਾ ਜਗਮਗਾਏ ਰੱਖਣ ਲਈ ਆਪ ਜੀ ਦੇ ਸਾਹਿਬਜ਼ਾਦੇ, ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰ ਪੁੱਤਰਾਂ ਦੀਆਂ ਜਾਨਾਂ ਵੀ ਕੌਮ ਦੇ ਲੇਖੇ ਲਾ ਦਿੱਤੀਆਂ। ਉਨ੍ਹਾਂ ਨਾ ਸਿਰਫ਼ ਆਪ ਜੀ ਦੇ ਆਦਰਸ਼ਾਂ ਦੀ ਰਾਖੀ ਕੀਤੀ ਬਲਕਿ ਸਮੁੱਚੀ ਇਨਸਾਨੀਅਤ ਨੂੰ ਨਾਲ ਲੈ ਕੇ ਖਾਲਸਾ ਦੀ ਸਿਰਜਣਾ ਕਰ ਆਪ ਜੀ ਦੀ ਲੋਅ ਨੂੰ ਅਮਰ ਵੀ ਕਰ ਦਿੱਤਾ। ਜਿਵੇਂ ਇੱਕ ਪਿਤਾ ਨੂੰ ਹਮੇਸ਼ਾ ਆਪਣੇ ਜਾਣ ਤੋਂ ਬਾਅਦ ਆਪਣੀ ਔਲਾਦ ਦਾ ਫਿਕਰ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਸਾਡੇ ਦਸਮ ਪਿਤਾ ਨੂੰ ਇਹ ਸੋਚ ਪਈ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਪੈਰੋਕਾਰ, ਉਨ੍ਹਾਂ ਦੇ ਬੱਚੇ ਕਿਸ ਦੇ ਮੂੰਹ ਵੱਲ ਵੇਖਣਗੇ। ਇਸ ਲਈ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਫਾਨੀ ਜਗਤ ਨੂੰ ਵਿਛੋੜੇ ਦੇ ਕੇ ਵੀ ਸਾਨੂੰ ਨਿਓਟੇ ਜਾਂ ਨਿਆਸਰੇ ਨਹੀਂ ਰਹਿਣ ਦਿੱਤਾ। ਸ੍ਰੀ ਨੰਦੇੜ ਸਾਹਿਬ ਵਿਖੇ ਆਪ ਜੀ ਨੇ "ਗੁਰੂ ਮਾਨਿਓ ਗ੍ਰੰਥ" ਦੇ ਇਲਾਹੀ ਵਚਨ ਕਰਕੇ ਸਮੁੱਚੀ ਲੋਕਾਈ ਨੂੰ ਆਪਣੀ ਹੋਂਦ ਦੀ ਸ਼ਰਨ ਬਖਸ਼ੀ, ਜਿਸ ਦੇ ਪਵਿੱਤਰ ਨਿੱਘ ਵਿੱਚ ਅਸੀਂ ਅੱਜ ਵੀ ਆਪਣੇ ਗੁਰ ਪਿਤਾ ਨੂੰ ਹਾਜ਼ਰ ਮੰਨਦੇ ਹਾਂ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

ਇਸ ਉਤੇ ਅਮਲ ਕਰਦਿਆਂ ਗੁਰੂ ਸਾਹਿਬਾਨਾਂ ਦੀ ਮਹਾਨ ਸ਼ਹਾਦਤ ਇੱਕ ਅਜਿਹਾ ਇਨਕਲਾਬ ਸੀ ਜਿਸ ਨੂੰ ਪੰਜਾਬੀਆਂ, ਖ਼ਾਸ ਕਰ ਸਿੱਖਾਂ ਨੇ ਆਪਣਾ ਅਮੀਰ ਵਿਰਸਾ ਮੰਨ ਕੇ ਪੀੜ੍ਹੀ ਦਰ ਪੀੜ੍ਹੀ ਨਿਭਾਇਆ। ਦੁਨੀਆ ਦੇ ਇਤਿਹਾਸ ਵਿੱਚ ਕੌਮ ਦੀ ਖਾਤਿਰ ਪੰਜਾਬੀਆਂ ਜਿੰਨੀਆਂ ਜਾਨਾਂ ਸ਼ਾਇਦ ਹੀ ਕਿਸੇ ਨੇ ਵਾਰੀਆਂ ਹੋਣਗੀਆਂ।

ਮਨੁੱਖੀ ਇਤਿਹਾਸ ਵਿੱਚ ਸਿੱਖ ਧਰਮ ਦੀ ਨੀਂਹ ਕੋਈ ਆਮ ਵਿਕਾਸ ਨਹੀਂ ਸੀ ਸਗੋਂ ਇੱਕ ਅਜਿਹਾ ਵਿਕਾਸ ਸੀ ਜੋ ਹਰ ਤਰ੍ਹਾਂ ਦੇ ਅੱਤਿਆਚਾਰ ਦੇ ਵਿਰੁੱਧ ਮਨੁੱਖਤਾ ਦੀ ਢਾਲ ਬਣ ਕੇ ਅੱਗੇ ਆਉਂਦਾ ਰਿਹਾ ਅਤੇ ਅੱਜ ਵੀ ਆ ਰਿਹਾ ਹੈ। ਬੇਸ਼ੱਕ ਕੁਝ ਤਾਕਤਾਂ ਵੱਲੋਂ ਧਾਰਮਿਕ ਕੱਟੜਤਾ ਦੇ ਪ੍ਰਭਾਵ ਹੇਠ ਮਨੁੱਖ ਨੂੰ ਮਨੁੱਖ ਨਾਲ ਲੜਾਉਣ ਦੀ ਰਾਜਨੀਤੀ ਠੋਸੀ ਜਾ ਰਹੀ ਹੈ, ਮੌਜੂਦਾ ਹਾਲਾਤਾਂ ਵਿੱਚ ਤੁਸੀਂ ਦੇਖ ਲਉ, ਇਸ ਕਰਕੇ ਲੜਾਈਆਂ ਪੈ ਰਹੀਆਂ ਹਨ ਕਿ ਤੁਸੀਂ ਰੱਬ ਦਾ ਨਾਮ ਸਾਡੇ ਵਾਂਗ ਕਿਉਂ ਨਹੀਂ ਲੈਂਦੇ, ਤੁਸੀਂ ਸਾਡੇ ਵਾਂਗ ਕੱਪੜੇ ਕਿਉਂ ਨਹੀਂ ਪਾਉਂਦੇ, ਤੁਸੀਂ ਸਾਡੇ ਵਾਂਗ ਖਾਣਾ ਕਿਉਂ ਨਹੀਂ ਖਾਂਦੇ ਲੇਕਿਨ ਉਸ ਸਮੇਂ ਗੁਰੂ ਸਾਹਿਬ ਦੀ ਸ਼ਹਾਦਤ ਦਾ ਮੈਸੇਜ਼ ਬਹੁਤ ਇੰਪਾਰਟੈਂਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਆਪ ਮਕਤੂਲ, ਕਾਤਲ ਕੋਲ ਚੱਲ ਕੇ ਗਏ ਸਿਰਫ ਉਸ ਅਕੀਦੇ ਨੂੰ ਬਚਾਉਣ ਲਈ, ਜਿਸ ਅਕੀਦੇ ਬਾਰੇ

9 ਸਾਲ ਦੇ ਨਾਨਕ ਨੇ ਕਹਿ ਦਿੱਤਾ ਸੀ ਕਿ ਮੈਂ ਜਨੇਊ ਨਹੀਂ ਪਾਉਣਾ ਪਰੰਤੂ 9 ਸਾਲ ਦੇ ਬਾਲ ਗੋਬਿੰਦ ਰਾਏ ਦੇ ਕਹਿਣ ਤੇ ਨੌਵੇਂ ਪਾਤਸ਼ਾਹ ਆਪ ਦਿੱਲੀ ਜਾ ਕੇ ਉਸ ਅਕੀਦੇ ਨੂੰ ਬਚਾਉਣ ਦੇ ਲਈ ਸ਼ਹਾਦਤ ਦਿੰਦੇ ਹਨ। ਇਹ ਇੱਕ ਬਹੁਤ ਵੱਡਾ ਮੈਸੇਜ਼ ਦੁਨੀਆ ਦੇ ਲਈ ਹੈ ਅਤੇ ਇਸੇ ਨਾਲ ਹੀ ਦੁਨੀਆ ਦੇ ਵਿੱਚ ਸ਼ਾਂਤੀ ਪਸਰ ਸਕਦੀ ਹੈ। ਸੋ, ਗੁਰੂ ਸਾਹਿਬਾਨ ਨੇ ਜਿੱਥੇ ਨਾਰੀ ਨੂੰ ਸਨਮਾਨ ਦਿੱਤਾ -

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਉਥੇ ਗੁਰੂ ਸਾਹਿਬ ਨੇ ਇਹ ਵੀ ਕਿਹਾ -

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ (ਅੰਗ ੯੭)
ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਅੰਗ ੧੩)
ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥ (ਅੰਗ ੨੨੩)
ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ (ਅੰਗ ੬੧੧)
ਹਿੰਦੂ ਤੁਰਕ ਕਾ ਸਾਹਿਬੁ ਏਕ ॥ (ਅੰਗ ੧੧੫੮)
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (ਅੰਗ ੧੩੪੯)

ਅਜਿਹੀਆਂ ਅਨੇਕਾਂ ਉਦਾਹਰਣਾਂ ਦੇ ਕੇ ਧਾਰਮਿਕ ਸਹਿਣਸ਼ੀਲਤਾ ਅਤੇ ਭਾਈਚਾਰਕ ਸਾਂਝ ਦਾ ਉਪਦੇਸ਼ ਦਿੱਤਾ। ਮੌਜੂਦਾ ਸਮੇਂ ਫਿਰ ਕੁਝ ਤਾਕਤਾਂ ਵੱਲੋਂ ਗੁਰੂ ਸਾਹਿਬਾਨ, ਭਗਤਾਂ, ਸੂਫ਼ੀ ਸੰਤਾਂ ਦੇ ਮਹਾਨ ਉਪਦੇਸ਼ਾਂ ਨੂੰ ਆਪੋ-ਆਪਣੇ ਹਿਸਾਬ ਨਾਲ ਵਰਤਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਫਿਰ ਵੀ ਪੰਜਾਬ ਦੀ ਧਾਰਮਿਕ ਭਾਈਚਾਰਕ ਸਾਂਝ ਦਾ ਮੁਕਾਬਲਾ ਕੋਈ ਹੋਰ ਨਹੀਂ ਕਰ ਸਕਦਾ। ਇੱਕੋ ਥਾਂ ਤੇ ਗੁਰਦੁਆਰਿਆਂ, ਮਸਜਿਦਾਂ ਅਤੇ ਮੰਦਰਾਂ ਦੇ ਨਾਲ ਮਿਲ-ਜੁਲ ਕੇ ਰਹਿਣਾ, ਸਾਡੇ ਪੰਜਾਬ ਦੀ ਸਮਾਜਿਕ ਵਿਰਾਸਤ ਬਣ ਚੁੱਕਿਆ ਹੈ। ਪੰਜਾਬ ਦੇ ਲੋਕਾਂ ਵਲੋਂ ਘੱਟ-ਗਿਣਤੀਆਂ ਅਤੇ ਮਜ਼ਲੂਮਾਂ ਦੀ ਰੱਖਿਆ ਅਤੇ ਇਨਸਾਫ਼ ਲਈ ਆਵਾਜ਼ ਉਠਾਉਣ ਦੀ ਰਵਾਇਤ ਗੁਰੂ ਸਾਹਿਬਾਨ ਦੇ ਦਿੱਤੇ ਉਪਦੇਸ਼ਾਂ ਤੋਂ ਹੀ ਪ੍ਰੇਰਿਤ ਹੈ। ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਦਾ ਮੈਸੇਜ਼ ਹੀ ਇਹ ਹੈ।

ਬਾਬਾ ਨਾਨਕ ਦੇ ਵਾਰਿਸ ਪੰਜਾਬੀਆਂ ਨੇ ਕਦੇ ਇਕੱਲੇ ਖਾਣਾ ਨਹੀਂ ਸਿੱਖਿਆ, ਬਾਬੇ ਨਾਨਕ ਵੱਲੋਂ ਲਾਇਆ ਗਿਆ ਲੰਗਰ ਅੱਜ ਵੀ ਧਰਮ, ਜਾਤ ਜਾਂ ਵਰਗ ਦੇ ਵਖਰੇਵਿਆਂ ਨੂੰ ਮਿਟਾ ਕੇ ਪੰਗਤ ਵਿੱਚ ਬਹਿ ਕੇ ਛਕਿਆ ਜਾਂਦਾ ਹੈ।

ਦੇਸ਼ ਦੁਨੀਆ ਵਿੱਚ ਕੋਈ ਵੀ ਆਪਦਾ ਆਵੇ, ਕੋਈ ਕੁਦਰਤੀ ਆਫ਼ਤ ਆ ਜਾਵੇ ਜਾਂ ਕਿਸੇ ਵੀ ਤਰ੍ਹਾਂ ਦਾ ਸੰਕਟ ਕਿਉਂ ਨਾ ਆ ਜਾਵੇ, ਗੁਰੂ ਕੀ ਫੌਜ ਅੱਜ ਵੀ ਸਭ ਤੋਂ ਪਹਿਲਾਂ ਸੇਵਾ ਲਈ ਮੈਦਾਨ ਵਿੱਚ ਪਹੁੰਚਦੀ ਹੈ। ਜਿਸ ਸੇਵਾ ਭਾਵ ਨਾਲ ਗਰੀਬਾਂ, ਮਜ਼ਦੂਰਾਂ ਅਤੇ ਬੇਸਹਾਰਿਆਂ ਦੀ ਸਹਾਇਤਾ ਲਈ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਇੰਝ ਜਾਪਦਾ ਹੈ ਕਿ ਗੁਰੂ ਸਾਹਿਬਾਨ ਆਪ ਉਸ ਥਾਂ ਹਾਜ਼ਰ ਹੋ ਕੇ ਇਹ ਸੁਮੱਤ ਬਖਸ਼ ਰਹੇ ਹੋਣ ।

ਦੇਸ਼ ਵਿੱਚ ਅੱਜ ਵੀ ਜੇ ਸਮਾਜਿਕ ਅਨਿਆਇ ਦੇ ਖਿਲਾਫ ਕੋਈ ਆਵਾਜ਼ ਉੱਠਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਪੰਜਾਬ ਤੋਂ ਉੱਠਦੀ ਹੈ, ਅੱਜ ਵੀ ਪੂਰੇ ਦੇਸ਼ ਦੇ ਹੱਕਾਂ ਦੀ ਲੜਾਈ ਪੰਜਾਬੀ ਮੋਹਰੀ ਬਣ ਕੇ ਲੜਦੇ ਹਨ। ਕੁਝ ਸਾਲ ਪਹਿਲਾਂ ਦੇਸ਼ ਦੇ ਕਿਸਾਨਾਂ ਦੇ ਹੱਕਾਂ ਲਈ ਜੋ ਅੰਦੋਲਨ ਹੋਇਆ, ਉਹ ਪੰਜਾਬੀਆਂ ਵਲੋਂ ਚਲਾਈ ਗਈ ਮੁਹਿੰਮ ਸਦਕਾ ਹੀ ਇਤਿਹਾਸ ਦਾ ਸਭ ਤੋਂ ਲੰਮਾ ਅਤੇ ਕਾਮਯਾਬ ਅੰਦੋਲਨ ਸਾਬਿਤ ਹੋਇਆ ਅਤੇ ਕੋਵਿਡ ਦੌਰਾਨ ਜਿੰਨੀ ਨਿਸਵਾਰਥ ਸੇਵਾ ਪੰਜਾਬੀਆਂ ਵਲੋਂ ਨਿਭਾਈ ਗਈ, ਉਸ ਦਾ ਦੁਨੀਆਂ ਭਰ ਵਿੱਚ ਕੋਈ ਮੁਕਾਬਲਾ ਨਹੀਂ ਕਰ ਸਕਿਆ।

ਅਜੇ ਪਿਛਲੇ ਦਿਨੀਂ ਪੰਜਾਬ ਵਿੱਚ ਬਰਸਾਤਾਂ ਨਾਲ ਆਏ ਹੜ੍ਹਾਂ ਨੇ ਪੰਜਾਬੀਆਂ ਦਾ ਲੱਕ ਤੋੜਵਾਂ ਨੁਕਸਾਨ ਕੀਤਾ ਪਰ ਬਾਬੇ ਨਾਨਕ ਦੇ ਕਿਰਤੀ ਪੁੱਤਰਾਂ ਨੇ ਦੁਨੀਆਂ ਭਰ ਤੋਂ ਆਪਣੀ ਸਰ-ਜ਼ਮੀਨ ਦੀ ਖਾਤਿਰ ਤਨ, ਮਨ ਤੇ ਧਨ ਨਾਲ ਹਰ ਤਰ੍ਹਾਂ ਦੀ ਸੇਵਾ ਆਪਣੇ ਲੋਕਾਂ ਤੱਕ ਪੁੱਜਦੀ ਕੀਤੀ ਅਤੇ ਆਪਣੇ ਭੈਣ-ਭਰਾਵਾਂ ਨੂੰ ਮੁੜ ਤਕੜਾ ਕਰ ਦਿੱਤਾ।

ਸਾਹਸ, ਧੀਰਜ ਅਤੇ ਸੱਚ ਲਈ ਇਹ ਸਾਰੀ ਜੱਦੋ-ਜਹਿਦ ਜੇ ਪੰਜਾਬੀ ਕਰ ਸਕੇ ਹਨ ਤਾਂ ਕਾਰਨ ਸਿਰਫ ਇੱਕ ਹੈ, ਉਹ ਹੈ ਸਾਡੇ ਗੁਰੂਆਂ ਵਲੋਂ ਬਖਸ਼ੀ ਗਈ ਪ੍ਰਮਾਤਮਾ ਦੀ ਰਜ਼ਾ ਵਿੱਚ ਚਲਣ ਦੀ ਸੁਮੱਤ। ਸਰਬੱਤ ਦਾ ਭਲਾ ਲੋਚਣਾ, ਕਿਰਤ ਕਰਨਾ, ਵੰਡ ਕੇ ਛੱਕਣਾ, ਇਹ ਪੰਜਾਬ ਦੇ ਲੋਕਾਂ ਦੇ ਮੋਹਰੀ ਆਦਰਸ਼ ਹਨ। ਅੱਜ ਭਾਂਤ-ਭਾਂਤ ਦੇ ਵਖਰੇਵਿਆਂ ਵਿੱਚ ਡੁੱਬੀ ਦੁਨੀਆਂ ਵਿੱਚ ਪੰਜਾਬੀਆਂ ਦੀ ਪਛਾਣ ਇਹ ਹੈ ਕਿ ਅਸੀਂ ਜਾਤ-ਪਾਤ ਅਤੇ ਪੱਖਪਾਤ ਦੇ ਵਿਰੁੱਧ ਖੜ੍ਹਦੇ ਹਾਂ। ਅਸੀਂ ਗੁਰੂ ਮੱਤ ਅਧੀਨ ਰਹਿ ਕੇ ਮਨੁੱਖੀ ਮਰਿਆਦਾ ਅਤੇ ਸਮਾਨਤਾ ਨੂੰ ਪਹਿਲ ਤੇ ਰੱਖਦੇ ਹਾਂ। ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਸ ਅਕੀਦੇ ਲਈ ਕੁਰਬਾਨੀ ਦੇਣੀ, ਜਿਸ ਅਕੀਦੇ ਵਿੱਚ ਗੁਰੂ ਸਾਹਿਬ ਖੁਦ ਆਸਥਾ ਨਹੀਂ ਰੱਖਦੇ ਸਨ, ਅਜਿਹੀ ਮਿਸਾਲ ਸਮੁੱਚੀ ਲੋਕਾਈ ਵਿੱਚ ਹੋਰ ਕਿਧਰੇ ਵੀ ਵਿਖਾਈ ਨਹੀਂ ਦਿੱਤੀ।

ਅੱਜ ਜਦੋਂ ਸੰਸਾਰ ਪੱਧਰ ਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਉਨ੍ਹਾਂ ਦੇ ਤਿੰਨ ਸਿੱਖ ਸੇਵਕਾਂ ਦੀ ਸ਼ਹਾਦਤ ਦਾ ਦਿਹਾੜਾ ਮਨਾਇਆ ਜਾ ਰਿਹਾ ਹੈ ਤਦ ਸੰਸਾਰ ਦਾ ਸਿਆਸਤਦਾਨ ਕੀ ਸਿੱਖੇ ਤੇ ਕਿਵੇਂ ਸਿੱਖੇ? ਇਹ ਸਵਾਲ ਨਿਰੰਤਰ ਰਿੜਕਣ ਦੀ ਲੋੜ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਇਨ੍ਹਾਂ ਇਤਿਹਾਸਿਕ ਪਲਾਂ ਮੌਕੇ ਪੰਜਾਬ ਅਸੈਂਬਲੀ ਦੀ ਇਸ ਵਿਸ਼ੇਸ਼ ਬੈਠਕ ਦਾ ਮੰਤਵ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਸਮੂਹ ਮਹੱਤਵਪੂਰਨ ਪੱਖਾਂ ਨੂੰ ਸਮਝਣ, ਖੁਦ ਨੂੰ ਸਰਬ ਸਾਂਝੀਵਾਲਤਾ, ਇਨਸਾਨੀਅਤ ਦੀ ਸੇਵਾ ਵਾਲੀ ਪਵਿੱਤਰ ਸੋਚ ਨਾਲ ਖੜ੍ਹੇ ਕਰਨ ਦੀ ਇੱਕ ਨਿਮਾਣੀ ਕੋਸ਼ਿਸ਼ ਹੈ। ਅਸੀਂ ਬਹੁਤ ਵਡਭਾਗੇ ਹਾਂ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਨੇ ਆਪਣੀ ਛੋਹ ਪ੍ਰਾਪਤ ਇਸ ਮੁਕੱਦਸ ਧਰਤੀ ਤੇ ਸਾਡੇ ਸਿਰ ਤੇ ਮਿਹਰ ਭਰਿਆ ਹੱਥ ਧਰ ਕੇ ਸਾਨੂੰ ਇਸ ਜੀਵਨ ਕਾਲ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਦੇ ਇਸ 350 ਸਾਲਾ ਪਵਿੱਤਰ ਯਾਦਗਾਰ ਦਿਹਾੜੇ ਤੇ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਦੀ ਮਹਿਮਾ ਦਾ ਵਿਖਿਆਨ ਕਰਨ ਦਾ ਮੌਕਾ ਬਖਸ਼ਿਆ।

ਮਨੁੱਖ ਗਲਤੀਆਂ ਦਾ ਪੁਤਲਾ ਹੈ ਅਤੇ ਅਕਾਲ ਪੁਰਖ ਜੀ ਬਖਸ਼ਣਹਾਰ ਹਨ, ਅੱਜ ਅਸੀਂ ਸਾਰੇ ਸਾਫ ਦਿਲ ਅਤੇ ਸੱਚੀ ਨੀਅਤ ਨਾਲ ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਇਕੱਤਰ ਹੋਏ ਹਾਂ, ਪ੍ਰਮਾਤਮਾ ਜਾਣੇ-ਅਨਜਾਣੇ ਵਿੱਚ ਹੋਈਆਂ ਭੁੱਲਾਂ ਦੀ ਖਿਮਾ ਬਖਸ਼ਣ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)** : "ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ"

ਸਪੀਕਰ ਸਾਹਿਬ, ਅੱਜ ਦਾ ਵਿਸ਼ੇਸ਼ ਸਦਨ ਮੇਰੇ ਪਿਤਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਉਨ੍ਹਾਂ ਦੇ ਅਨਿਨ ਸਿੱਖ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਹੈ। ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਅਤੇ ਇਸ ਪਾਕ ਪਵਿੱਤਰ ਸਦਨ ਰਾਹੀਂ ਮੈਂ ਕੁੱਲ ਕਾਇਨਾਤ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਅੱਜ ਜਿਸ ਵਤਨ ਤੇ, ਜਿਸ ਮੁਲਕ ਤੇ ਅਸੀਂ ਸਾਰੇ ਨਾਜ਼ ਕਰਦੇ ਹਾਂ, ਅਸੀਂ ਸਾਰੇ ਦੇਸ਼ ਵਾਸੀ ਨਾਜ਼ ਕਰਦੇ ਹਾਂ, ਉਸ ਭਾਰਤ ਦਾ ਜੋ ਅੱਜ ਸਰੂਪ ਹੈ, ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਕਰਕੇ ਹੈ। ਸਪੀਕਰ ਸਾਹਿਬ, ਆਪ ਜੀ ਨੇ ਗੱਲ ਕੀਤੀ ਕਿ ਅੱਜ ਧਰਮਾਂ ਦੇ ਨਾਂ ਤੇ ਵਾਢੇ ਪਾਏ ਜਾ ਰਹੇ ਹਨ। ਇਸ ਤੋਂ ਵੱਡੀ ਕਿਹੜੀ ਮਿਸਾਲ ਹੋਵੇਗੀ ਕਿ ਅਗਰ ਮੇਰੇ ਪਿਤਾ, ਮੇਰੇ ਗੁਰੂ ਸ਼ਹਾਦਤ ਨਾ ਦਿੰਦੇ ਤਾਂ ਅੱਜ ਇਸ ਦੇਸ਼ ਦਾ ਨਕਸ਼ਾ ਵੀ ਹੋਰ ਹੋਣਾ ਸੀ ਤੇ ਸਰੂਪ ਵੀ ਹੋਰ ਹੋਣਾ ਸੀ। ਸਾਰੇ ਦੇਸ਼ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਵੱਡੀ ਕੋਈ ਹੋਰ ਸ਼ਹਾਦਤ ਨਹੀਂ ਹੋਵੇਗੀ, ਇਸ ਲਈ ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਨੂੰ ਇਹ ਪੁਰਬ ਹਰ ਸਾਲ ਮਨਾਉਣਾ ਚਾਹੀਦਾ ਹੈ। ਐਸੇ ਮਹਾਨ ਮੇਰੇ ਪਿਤਾ, ਐਸੇ ਮਹਾਨ ਮੇਰੇ ਗੁਰੂ ਕਿ ਜਦੋਂ ਕਿਸੇ ਹੋਰ ਧਰਮ ਵਾਲਿਆਂ ਤੇ, ਜਦੋਂ ਹਿੰਦੂਆਂ ਦੇ ਧਰਮ ਤੇ ਦਿੱਕਤ ਆਈ ਤਾਂ ਮੇਰੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਇੱਕ ਦੀਵਾਰ ਖੜ੍ਹੀ ਕਰ ਦਿੱਤੀ। ਜਦੋਂ ਧਰਮ ਦਾ forced conversion ਹੋ ਰਿਹਾ ਸੀ ਤਾਂ ਮੇਰੇ ਸਤਿਗੁਰੂ ਜੀ ਨੇ ਦੀਵਾਰ ਖੜ੍ਹੀ ਕਰ ਦਿੱਤੀ, ਉਹ ਦੀਵਾਰ ਕੀ ਸੀ? ਆਪਣੀ ਸ਼ਹਾਦਤ ਦੀ ਦੀਵਾਰ। ਇੰਨੀ ਮਹਾਨ ਸ਼ਹਾਦਤ! ਇਹ ਗੱਲ ਮੈਂ ਆਪਣੇ ਦਿਲ ਦੀ ਡੂੰਘਾਈ ਤੋਂ ਕਰ ਰਿਹਾ ਹਾਂ। ਮੇਰੇ ਲਈ ਇਸ ਤੋਂ ਵੱਡੀ ਕੋਈ ਗੱਲ ਨਹੀਂ ਹੈ। ਮੈਂ ਹਮੇਸ਼ਾ ਕਹਿੰਦਾ ਹਾਂ ਕਿ ਦੁਨੀਆਂ ਵਿੱਚ ਅਗਰ ਕੋਈ ਸਭ ਤੋਂ ਵੱਡਾ ਖਿਤਾਬ ਹੈ ਤਾਂ ਮੈਂ ਕਹਿੰਦਾ ਹਾਂ ਕਿ ਮੇਰੇ ਪਿਤਾ ਨੇ ਮੈਨੂੰ ਦਿੱਤਾ ਹੈ, ਉਹ ਹੈ ਅਨੰਦਪੁਰ ਸਾਹਿਬ ਦੀ ਨੁਮਾਇੰਦਗੀ ਕਰਨਾ, ਇੱਥੋਂ ਦਾ ਐਮ.ਐਲ.ਏ. ਹੋਣਾ। ਇਹ ਐਸੀ ਧਰਤੀ ਹੈ ਅਤੇ ਮੈਂ ਕਿੰਨਾ ਵਡਭਾਗਾ ਹਾਂ, ਇਹ ਇਸ ਧਰਤੀ ਦਾ ਪ੍ਰਤਾਪ ਹੈ। ਮੇਰੀ ਔਕਾਤ ਮਿੱਟੀ ਜਿੰਨੀ ਵੀ ਨਹੀਂ ਹੈ ਪਰ ਇਸ ਧਰਤੀ ਦਾ ਪ੍ਰਤਾਪ ਹੈ ਕਿ ਇੱਥੋਂ ਦੇ ਵਿਧਾਇਕ ਨੂੰ ਇਹ ਮੌਕਾ ਮਿਲਿਆ ਹੈ। ਰਾਜਨੀਤੀ ਵਿੱਚ ਹਰ ਐਮ.ਐਲ.ਏ. ਦਾ ਸੁਪਨਾ ਹੁੰਦਾ ਹੈ ਕਿ ਮੈਂ ਐਮ.ਐਲ.ਏ. ਬਣਾਂ ਤੇ ਚੰਡੀਗੜ੍ਹ ਜਾਵਾਂ ਪਰ ਇਹ ਇਸ ਧਰਤੀ ਦਾ ਪ੍ਰਤਾਪ ਹੈ ਕਿ ਵਿਧਾਨ ਸਭਾ ਚੰਡੀਗੜ੍ਹ ਤੋਂ ਉਠ ਕੇ ਸ੍ਰੀ ਅਨੰਦਪੁਰ ਸਾਹਿਬ ਆਈ ਹੈ। ਇਹ ਸ਼ਹਿਰ, ਇਹ ਨਗਰੀ, ਅੱਜ ਆਪਾਂ ਜਿੱਥੇ ਬੈਠੇ ਹਾਂ, ਇਹ ਮੇਰੇ ਪਿਤਾ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੁੱਲ ਖਰੀਦ ਕੇ ਵਸਾਈ ਸੀ। ਇਸ ਦਾ ਨਾਂ ਆਪਣੀ ਮਾਤਾ ਜੀ ਦੇ ਨਾਂ ਤੇ ਚੱਕ ਨਾਨਕੀ ਰੱਖਿਆ। ਇਹ ਉਹ ਮਹਾਨ ਧਰਤੀ ਹੈ ਜਿੱਥੇ ਕਸ਼ਮੀਰੀ ਪੰਡਿਤ ਗੁਰੂ ਸਾਹਿਬ ਕੋਲ ਆਪਣੀ ਫਰਿਆਦ ਲੈ ਕੇ ਆਏ ਤੇ ਗੁਰੂ ਸਾਹਿਬ ਨੇ ਉਨ੍ਹਾਂ ਦੀ ਬਾਂਹ ਫੜੀ। ਇਸੀ ਧਰਤੀ ਤੋਂ ਗੁਰੂ ਸਾਹਿਬ ਨੇ ਦਿੱਲੀ ਨੂੰ ਚਾਲੇ ਪਾਏ, ਆਗਰੇ ਵਿੱਚ ਗ੍ਰਿਫਤਾਰੀ ਹੋਈ ਤੇ ਇਹੀ ਉਹ ਪਾਵਨ ਪਵਿੱਤਰ ਧਰਤੀ ਹੈ ਜਿੱਥੇ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਗੁਰੂ ਸਾਹਿਬ ਦੇ ਸੀਸ ਨੂੰ ਅਦਬ ਤੇ ਸਤਿਕਾਰ ਨਾਲ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਏ ਸਨ ਤੇ ਜਦੋਂ ਦਸਮ ਪਾਤਸ਼ਾਹ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਨੂੰ ਮਿਲਦੇ ਹਨ ਤੇ ਸੀਨੇ ਨਾਲ ਲਾ ਕੇ ਕਹਿੰਦੇ ਹਨ - 'ਰੰਘਰੇਟੇ ਗੁਰੂ ਕੇ ਬੇਟੇ'। ਗੁਰੂ ਸਾਹਿਬ ਬਚਨ ਕਰਦੇ ਹਨ ਕਿ ਤੁਸੀਂ ਸਾਡੇ ਪਿਤਾ ਦਾ ਸੀਸ ਨਹੀਂ ਲੈ ਕੇ ਆਏ, ਤੁਸੀਂ ਸਾਡਾ ਸੂਰਜ ਲੈ ਕੇ ਆਏ ਹੋ। ਇਹ ਉਹ ਮਹਾਨ ਧਰਤੀ ਹੈ ਜਿੱਥੇ ਦਸਮ ਪਾਤਸ਼ਾਹ ਨੇ ਕੁੱਲ ਕਾਇਨਾਤ ਨੂੰ ਸਭ ਤੋਂ ਵੱਡਾ ਤੋਹਫਾ ਖਾਲਸੇ ਦੇ ਰੂਪ ਵਿੱਚ ਦਿੱਤਾ। ਇਸੇ ਧਰਤੀ ਉਤੇ ਸਾਰੇ ਸਾਹਿਬਜ਼ਾਦੇ ਖੇਡੇ, ਇਹ ਇੰਨੀ ਪਾਵਨ, ਪਵਿੱਤਰ ਧਰਤੀ ਹੈ ਤੇ ਅੱਜ ਆਪਾਂ ਇੱਥੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਨਮਨ ਕਰਨ ਲਈ ਇਕੱਠੇ ਹੋਏ ਹਾਂ। ਪੰਜਾਬ ਸਰਕਾਰ ਵੱਲੋਂ ਲਗਭਗ ਇੱਕ ਸਾਲ ਪਹਿਲਾਂ ਇਹ ਫੈਸਲਾ ਲਿਆ ਗਿਆ ਸੀ ਤੇ ਬਜਟ ਪ੍ਰੋਵੀਜ਼ਨਾਂ ਕੀਤੀਆਂ ਗਈਆਂ ਸਨ ਤੇ ਮਾਣਯੋਗ ਮੁੱਖ ਮੰਤਰੀ ਸਾਹਿਬ ਵੱਲੋਂ ਆਪਣੀ ਅਗਵਾਈ ਹੇਠ

ਇੱਕ ਕਮੇਟੀ ਬਣਾਈ ਗਈ ਜਿਸ ਵਿੱਚ ਮੇਰੇ ਨਾਲ ਮੇਰੇ ਸਾਥੀ ਬਹੁਤ ਸਾਰੇ ਮੰਤਰੀ ਸਾਹਿਬਾਨ ਸਨ, ਸਾਰੇ ਅਫਸਰ ਸਨ ਤੇ ਜੇ ਮੈਂ ਯਾਦ ਕਰਾਂ ਤਾਂ ਹਰ ਹਫਤੇ ਰਿਵਿਊ ਕੀਤਾ ਜਾਂਦਾ ਸੀ ਤੇ ਖੁਦ ਮੁੱਖ ਮੰਤਰੀ ਸਾਹਿਬ ਹਰ ਮੌਕੇ ਤੇ ਪੁੱਛਦੇ ਸਨ ਕਿ ਤਿਆਰੀ ਕਿਵੇਂ ਚੱਲ ਰਹੀ ਹੈ ਤੇ ਅੱਜ ਅਸੀਂ ਇੱਥੇ ਖੜ੍ਹੇ ਹਾਂ। ਜਿਸ ਦਿਨ ਅਸੀਂ ਅਨਾਊਂਸ ਕੀਤਾ ਸੀ ਕਿ ਵਿਧਾਨ ਸਭਾ ਦਾ ਸੈਸ਼ਨ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਵੇਗਾ ਤਾਂ ਸਾਰੀ ਦੁਨੀਆ ਇਹ ਸਵਾਲ ਪੁੱਛਦੀ ਸੀ ਕਿ ਇਹ ਕਿਵੇਂ ਹੋ ਸਕਦਾ ਹੈ? ਇਹ ਮਾਨ ਸਾਹਿਬ ਜੀ ਦਾ ਤੇ ਆਪ ਜੀ ਦਾ ਸਹਿਯੋਗ ਰਿਹਾ ਕਿ ਅੱਜ ਇਹ ਮੁਮਕਿਨ ਹੋ ਗਿਆ ਹੈ।

**Mr. Speaker**: Thank you, thank you.

**ਸਿੱਖਿਆ ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਜਿੱਥੇ ਸਮਾਗਮ ਚੱਲ ਰਹੇ ਹਨ ਉੱਥੇ ਨਾਲ ਨਾਲ ਇਹ ਵੀ ਪਹਿਲੀ ਵਾਰੀ ਹੋਇਆ ਹੈ ਕਿ ਪੰਜਾਬ ਵਿੱਚ ਜਿੰਨੇ ਵੀ ਸਕੂਲ ਹਨ ਚਾਹੇ ਸਰਕਾਰੀ ਸਕੂਲ ਹਨ, ਚਾਹੇ ਪ੍ਰਾਈਵੇਟ ਸਕੂਲ ਹਨ, ਹਰ ਸਕੂਲ ਵਿੱਚ ਸਵੇਰੇ ਮੌਰਨਿੰਗ ਅਸੈਂਬਲੀ ਵਿੱਚ ਗੁਰੂ ਸਾਹਿਬ ਜੀ ਦਾ ਇਤਿਹਾਸ 10 ਤੋਂ 12 ਮਿੰਟ ਤੱਕ ਪੜ੍ਹਾਇਆ ਜਾਂਦਾ ਹੈ। ਹਰ ਇੱਕ ਯੂਨੀਵਰਸਿਟੀ, ਹਰ ਇੱਕ ਕਾਲਜ, ਹਰ ਇੱਕ ਵਿਦਿਅਕ ਅਦਾਰੇ ਵਿੱਚ ਸੈਮੀਨਾਰ ਹੋ ਰਹੇ ਹਨ, ਪੂਰੇ ਅਨੰਦਪੁਰ ਸਾਹਿਬ ਨੂੰ ਤਿਆਰ ਕਰਨ ਲਈ, ਮੁੱਖ ਸਮਾਗਮਾਂ ਲਈ ਹਰ ਇੱਕ ਸੜਕ ਨੂੰ ਨਵਾਂ ਬਣਾਇਆ ਗਿਆ ਹੈ।

**ਮਾਣਯੋਗ ਸਪੀਕਰ**: ਥੈਂਕਿਊ ਜੀ, ਕਨਕਲੂਡ ਕਰ ਲਓ।

**ਸਿੱਖਿਆ ਮੰਤਰੀ**: ਸਪੀਕਰ ਸਾਹਿਬ, ਬਸ ਦੋ ਮਿੰਟ ਦੇ ਦਿਓ। ਜਿਹੜੇ ਸਮਾਗਮ ਚੱਲ ਰਹੇ ਹਨ ਇਸ ਦੇ ਨਾਲ ਨਾਲ ਪੂਰੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਸੰਗਤ ਦੀ ਸਹੂਲਤ ਲਈ ਪਹਿਲੀ ਵਾਰੀ ਸ਼ਾਨਦਾਰ ਟੈਂਟ ਸਿਟੀ, ਪਾਰਕਿੰਗਜ਼, Anandpur Sahib350.com ਐਪ ਦੇ ਨਾਲ ਨਾਲ, ਈ-ਰਿਕਸ਼ਾਜ਼, ਸ਼ਟਲ ਸਰਵਿਸਿਜ਼ ਚੱਲ ਰਹੀਆਂ ਹਨ। ਇਸ ਦੇ ਨਾਲ ਨਾਲ ਮੈਂ ਇਹ ਵੀ ਦੱਸ ਦਿਆਂ ਕਿ ਜਿਹੜੇ ਪੰਜਾਬ ਦੇ ਬਾਕੀ ਸਮਾਗਮ ਹੁੰਦੇ ਹਨ ਜਿਵੇਂ ਜੋੜ ਮੇਲੇ ਹੁੰਦੇ ਹਨ, ਹੋਲਾ-ਮੁਹੱਲਾ ਹੁੰਦਾ ਹੈ ਪਰ ਇਹ ਪਹਿਲੀ ਵਾਰੀ ਇੰਨਾ ਵੱਡਾ ਸਮਾਗਮ ਮਨਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ 23 ਲਾਈਟ ਐਂਡ ਸਾਊਂਡ ਸ਼ੋਅਜ਼ ਪੰਜਾਬ ਦੇ ਹਰ ਇੱਕ ਜ਼ਿਲ੍ਹੇ ਵਿੱਚ ਹੋਏ। ਮੈਂ ਆਪ ਸਭ ਨੂੰ ਵੀ ਬੇਨਤੀ ਕਰਾਂਗਾ ਕਿ ਅੱਜ ਸ਼ਾਮ ਨੂੰ ਛੇ ਵਜੇ ਡ੍ਰੋਨ ਸ਼ੋਅ ਹੋਵੇਗਾ ਤੇ ਜ਼ਮੀਨ ਤੋਂ ਲੈ ਕੇ ਆਸਮਾਨ ਤੱਕ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਨਮਨ ਕੀਤਾ ਜਾਵੇਗਾ। ਸਮੇਂ ਦੀ ਪਾਬੰਦੀ ਹੈ, ਇਸ ਲਈ ਮੈਂ ਅੰਤ ਵਿੱਚ ਸਿਰਫ ਇੱਕ ਗੱਲ ਕਹਾਂਗਾ ਤੇ ਇਹ ਗੱਲ ਮੈਂ ਇੱਕ ਵਿਧਾਇਕ ਦੇ ਨਾਤੇ ਜਾਂ ਇੱਕ ਮੰਤਰੀ ਹੋਣ ਦੇ ਨਾਤੇ ਨਹੀਂ ਜਾਂ ਕੋਈ ਆਮ ਆਦਮੀ ਪਾਰਟੀ ਦੇ ਮੈਂਬਰ ਹੋਣ ਦੇ ਨਾਤੇ ਨਹੀਂ ਬਲਕਿ ਆਨ ਰਿਕਾਰਡ ਇੱਕ ਸਿੱਖ ਵਜੋਂ ਕਹਾਂਗਾ ਕਿ ਬਹੁਤ ਲੋਕ ਸਾਡੇ ਮੁੱਖ ਮੰਤਰੀ ਸਾਹਿਬ ਬਾਰੇ ਕੁਝ ਕਹਿੰਦੇ ਹਨ ਪਰ ਮੈਂ ਦੱਸਦਾ ਹਾਂ ਕਿ ਇਨ੍ਹਾਂ ਸਮਾਗਮਾਂ ਲਈ ਅਸੀਂ ਜਦੋਂ ਵੀ ਉਨ੍ਹਾਂ ਕੋਲ ਬਜਟ ਲੈਣ ਜਾਂਦੇ ਸੀ ਤਾਂ ਉਹ ਕਹਿੰਦੇ ਸੀ ਕਿ ਲੱਖੀ ਸ਼ਾਹ ਵਣਜਾਰੇ ਨੇ ਆਪਣਾ ਘਰ ਫੂਕ ਦਿੱਤਾ ਸੀ ਤੇ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਸੀ, ਇਸ ਕਰਕੇ ਪੈਸੇ ਦੀ ਗੱਲ ਨਹੀਂ ਕਰਨੀ ਤੇ ਜੋ ਕੁਝ ਚਾਹੀਦਾ ਹੈ, ਉਹ ਗੁਰੂ ਸਾਹਿਬ ਦੀ ਸ਼ਹਾਦਤ ਦੇ ਸਮਾਗਮਾਂ ਲਈ ਕਰੋ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਨ ਸਾਹਿਬ ਤੋਂ ਸੱਚਾ ਸਿੱਖ ਕੋਈ ਹੋਰ ਨਹੀਂ ਹੋ ਸਕਦਾ ਤੇ ਨਾਲ ਹੀ ਮੈਂ ਧੰਨਵਾਦ ਕਰਦਾ ਹਾਂ ਆਪਣੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ, ਜਿਨ੍ਹਾਂ ਨੇ

ਪਿਛਲੇ ਕਈ ਦਿਨਾਂ ਤੋਂ ਸਾਰੀ ਆਰਗੇਨਾਈਜ਼ੇਸ਼ਨ ਨੂੰ ਲਗਾ ਦਿੱਤਾ ਤੇ ਅੱਜ ਸਾਰੀ ਪੰਜਾਬ ਸਰਕਾਰ ਗੁਰੂ ਸਾਹਿਬ ਦੇ ਚਰਨਾਂ ਵਿੱਚ ਸਮਰਪਿਤ ਹੈ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਡਾਕਟਰ ਨਛੱਤਰ ਪਾਲ ਜੀ। ਆਪਣੇ ਕੋਲ ਸਮੇਂ ਦੀ ਸੀਮਾ ਹੈ। ਤੁਸੀਂ ਇਹ ਪੰਜ ਮਿੰਟਾਂ ਵਿੱਚ ਕਨਕਲੂਡ ਕਰਨਾ ਹੈ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਧੰਨਵਾਦ। ਮਾਣਯੋਗ ਸਪੀਕਰ ਸਾਹਿਬ, ਤੁਸੀਂ ਮੈਨੂੰ ਇਸ ਇਤਿਹਾਸਕ ਮੌਕੇ ਤੇ ਅਤੇ ਪਵਿੱਤਰ ਧਰਤੀ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦਾ, ਪੰਜਾਬ ਸਰਕਾਰ ਦਾ, ਖਾਸ ਕਰਕੇ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਬੈਂਸ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਬਹੁਤ ਵੱਡਾ ਉਪਰਾਲਾ ਇਸ ਪਵਿੱਤਰ ਧਰਤੀ ਤੇ ਕੀਤਾ ਹੈ। ਜਿਸ ਧਰਤੀ ਤੋਂ ਚਾਰ ਗੁਰੂ ਸਾਹਿਬਾਨ ਨੇ ਆਪਣਾ ਜੀਵਨ ਮਨੁੱਖਤਾ ਦੇ ਭਲੇ ਲਈ ਅਤੇ ਜਬਰ - ਜ਼ੁਲਮ ਖਿਲਾਫ ਲਗਾਇਆ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਪੀਰੀ ਮੀਰੀ ਦੇ ਮਾਲਕ, ਦੇ ਘਰ 1621 ਨੂੰ ਤਿਆਗ ਮੱਲ (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਦਾ ਪ੍ਰਕਾਸ਼ ਹੋਇਆ। ਜਿਨ੍ਹਾਂ ਬਾਰੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨੌਵੇਂ ਗੁਰੂ ਬਾਰੇ 'ਬਾਬਾ ਬਕਾਲੇ' ਦਾ ਇਸ਼ਾਰਾ ਕੀਤਾ। ਮੱਖਣ ਸ਼ਾਹ ਲੁਬਾਣੇ ਦੇ ਡੁੱਬਦੇ ਜਹਾਜ਼ ਨੂੰ ਮੋਢਾ ਦੇਣ ਵਾਲੇ, 22 ਮੰਜੀਆਂ ਦੇ ਧੁੰਦਕਾਰੇ ਵਿੱਚੋਂ ਪ੍ਰਕਾਸ਼ਮਾਨ ਹੋਣ ਵਾਲੇ, ਮੱਖਣ ਸ਼ਾਹ ਲੁਬਾਣੇ ਦੀਆਂ 500 ਮੋਹਰਾਂ ਦੇ ਮਾਲਕ ਬਾਬਾ ਬਕਾਲੇ ਦੇ ਭੋਰਿਆਂ ਵਿੱਚੋਂ ਬਾਬਾ ਤੇਗਾ ਜੀ, ਤੇਗ ਦੇ ਧਨੀ ਨੌਵੀਂ ਪਾਤਸ਼ਾਹੀ, ਖਾਲਸਾ ਪੰਥ ਦੇ ਬਾਨੀ ਦਸ਼ਮੇਸ਼ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ, ਖਾਲਸੇ ਦੀ ਜਨਮ ਭੂਮੀ ਦੇ ਸਿਰਜਣਹਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਤਿਲਕ ਜੰਞੂ ਦੇ ਰਾਖੇ, ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ, ਕਰਤਾਰਪੁਰ ਦੀ ਜੰਗ ਵਿੱਚ ਜੌਹਰ ਦਿਖਾਉਣ ਵਾਲੇ ਤੇਗਾਂ ਦੇ ਧਨੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਦੇਸ਼ ਵਿੱਚ ਧਰਮ ਪਰਿਵਰਤਨ ਨੂੰ ਠੱਲ੍ਹ ਪਾਉਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ, ਸਵਾ ਮਣ ਜੰਞੂ ਲੁਹਾ ਕੇ ਰੋਟੀ ਖਾਣ ਵਾਲੇ ਔਰੰਗਜ਼ੇਬ ਦੇ ਅਜਿਹੇ ਮਨਸੂਬਿਆਂ ਨੂੰ ਰੋਕ ਲਗਾਉਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਜੀ। ਜਿੱਥੇ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ, ਉੱਥੇ ਉਨ੍ਹਾਂ ਦੇ ਨਾਲ ਸ਼ਹੀਦ ਹੋਣ ਵਾਲੇ ਸਾਰਸਵਤ ਬ੍ਰਾਹਮਣ, ਜੇਹਲਮ ਜ਼ਿਲ੍ਹੇ ਤੋਂ ਆਏ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਦਾਈ ਦਿਆਲਾ ਜੀ ਨੂੰ ਸ਼ਰਧਾ ਅਤੇ ਸਤਿਕਾਰ ਦੇ ਫੁੱਲ ਭੇਟ ਕਰਦੇ ਹਾਂ। ਜਿਨ੍ਹਾਂ ਗੁਰੂ ਘਰ ਦੇ ਸ਼ਰਧਾਲੂਆਂ ਨੇ ਸ਼ਹੀਦੀਆਂ ਦਿੱਤੀਆਂ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ), ਭਾਈ ਸੰਗਤ ਸਿੰਘ ਜੀ, ਭਾਈ ਬਚਿੱਤਰ ਸਿੰਘ ਜੀ ਔਰ ਹੋਰ ਸ਼ਹੀਦੀਆਂ ਦੇਣ ਵਾਲਿਆਂ ਦੀਆਂ ਅੱਜ ਸਾਨੂੰ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ ਔਰ ਉਨ੍ਹਾਂ ਦੇ ਦਿਨ ਮਨਾਉਣੇ ਚਾਹੀਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਵਸਾਏ ਚੱਕ ਨਾਨਕੀ ਨੂੰ ਵੀ ਸੁਰਜੀਤ ਕਰਨਾ ਚਾਹੀਦਾ ਹੈ। ਇਸ ਪਵਿੱਤਰ ਧਰਤੀ ਨੂੰ ਜ਼ਿਲ੍ਹਾ ਬਣਾਉਣ ਦੀਆਂ ਕਨਸੋਆਂ ਚੱਲ ਰਹੀਆਂ ਹਨ। ਇਸ ਗੱਲ ਦਾ ਅਸੀਂ ਸਵਾਗਤ ਕਰਦੇ ਹਾਂ ਲੇਕਿਨ ਹੁਸ਼ਿਆਰਪੁਰ, ਗੜ੍ਹਸ਼ੰਕਰ ਔਰ ਬਲਾਚੌਰ ਦੇ ਲੋਕ ਇਸ ਗੱਲ ਦੀ ਹਾਮੀ ਨਹੀਂ ਭਰ ਰਹੇ ਹਨ। ਮੇਰੀ ਬੇਨਤੀ ਹੈ ਕਿ ਜਿਸ ਤਰ੍ਹਾਂ ਭੈਣ ਕੁਮਾਰੀ ਮਾਇਆਵਤੀ ਜੀ ਨੇ ਤਰਾਈ ਦੇ ਇਲਾਕੇ ਅੰਦਰ ਸ਼ਹੀਦ ਊਧਮ ਸਿੰਘ ਨਗਰ ਵਸਾਇਆ। ਉਸ ਤੋਂ 35 ਦਿਨਾਂ ਬਾਅਦ ਨਵਾਂ ਸ਼ਹਿਰ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਣਾਇਆ ਗਿਆ। ਮੇਰੀ ਬੇਨਤੀ ਹੈ ਕਿ ਰੋਪੜ/ਰੂਪਨਗਰ ਜ਼ਿਲ੍ਹੇ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ ਤੇ ਜਾਂ ਸ੍ਰੀ ਅਨੰਦਪੁਰ ਸਾਹਿਬ ਰੱਖਿਆ ਜਾਵੇ ਤਾਂ ਜੋ ਸਾਰਿਆਂ ਨੂੰ ਨਾਲ ਲੈ ਕੇ ਚੱਲਿਆ ਜਾਵੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜਬਰ ਅਤੇ ਜ਼ੁਲਮ ਖਿਲਾਫ ਸਾਨੂੰ ਲੜਨਾ ਸਿਖਾਇਆ, ਸਾਨੂੰ ਸਾਂਝੀਵਾਲਤਾ ਅਤੇ ਬਰਾਬਰਤਾ ਦਾ ਸੰਦੇਸ਼ ਦਿੱਤਾ। ਪੰਜਾਬ ਦੇ ਅੰਦਰ ਚਾਹੇ ਚੰਡੀਗੜ੍ਹ ਦਾ ਮਾਮਲਾ ਹੈ, ਯੂਨੀਵਰਸਿਟੀ ਦਾ ਮਾਮਲਾ ਹੈ, ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਔਰ ਪੰਜਾਬੀਆਂ ਦੇ ਜਿੰਨੇ ਮਾਮਲੇ ਹਨ, ਉਹ ਸਾਨੂੰ ਇਕੱਠੇ ਹੋ ਕੇ ਲੜਨੇ ਚਾਹੀਦੇ ਹਨ। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਖਾਲਸੇ ਦੀ ਜਨਮ ਭੂਮੀ ਤੇ ਇਤਿਹਾਸਕ ਸੈਸ਼ਨ ਬੁਲਾ ਕੇ ਬਹੁਤ ਵੱਡਾ ਉਪਰਾਲਾ ਕੀਤਾ ਹੈ। ਮੈਨੂੰ ਮਾਣ ਹੈ ਕਿ ਮੈਂ ਇਸ ਸਦਨ ਦਾ ਮੈਂਬਰ ਹਾਂ ਅਤੇ ਤੁਸੀਂ ਮੈਨੂੰ ਅੱਜ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਪੰਜਾਬ ਦੀ ਸਰਕਾਰ, ਜਿਨ੍ਹਾਂ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ ਅਤੇ ਤੁਹਾਡਾ ਧੰਨਵਾਦ ਵੀ ਕਰਦਾ ਹਾਂ। ਇੱਕ ਐਜੂਕੇਸ਼ਨ ਦਾ ਕੰਸੈਪਟ, ਸਿੱਖਿਆ ਦਾ ਖੇਤਰ ਅਤੇ ਧਰਮ ਨੂੰ ਅੱਗੇ ਵਧਾਉਣ ਦੀ ਜੋ ਗੁਰੂ ਸਾਹਿਬ ਨੇ ਸਾਨੂੰ ਸੇਧ ਦਿੱਤੀ ਹੈ, ਸਾਨੂੰ ਉਸ ਤੇ ਚੱਲਣਾ ਚਾਹੀਦਾ ਹੈ। ਜਿਸ ਤਰ੍ਹਾਂ ਉਨ੍ਹਾਂ ਨੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ, ਸਾਨੂੰ ਉਹ ਮੰਨ ਕੇ ਜਾਤਾਂ-ਪਾਤਾਂ ਤੋਂ ਉੱਚੇ ਉੱਠ ਕੇ ਹਰ ਧਰਮ ਦਾ ਸਤਿਕਾਰ ਕਰਕੇ ਅੱਗੇ ਵਧਣਾ ਚਾਹੀਦਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਦਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਮਾਣਯੋਗ ਸਪੀਕਰ:** ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.):** ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਅੱਜ ਇਸ ਇਤਿਹਾਸਕ ਮੌਕੇ ਮੈਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਫਲਸਫੇ ਬਾਰੇ ਬੋਲਣ ਦਾ ਮੌਕਾ ਦਿੱਤਾ। ਮਾਣਯੋਗ ਸਹਿਯੋਗੀ ਵਿਧਾਇਕ ਜੀਓ, ਸਤਿਕਾਰਯੋਗ ਤੇ ਮੇਰੇ ਪਿਆਰੇ ਪੰਜਾਬ ਵਾਸੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ ॥

ਅੱਜ ਦਾ ਦਿਨ ਕੋਈ ਆਮ ਦਿਨ ਨਹੀਂ, ਇਹ ਉਹ ਪਵਿੱਤਰ ਪਲ ਹੈ ਜਦ ਸਾਰੀ ਮਨੁੱਖਤਾ ਸ਼ਰਧਾ ਦੇ ਸਾਗਰ ਵਿੱਚ ਡੁੱਬੀ ਹੋਈ ਹੈ, ਅੱਜ ਅਸੀਂ ਉਸ ਮਹਾਨ ਜੋਤ ਨੂੰ ਨਮਨ ਕਰਨ ਲਈ ਇਕੱਠੇ ਹੋਏ ਹਾਂ, ਜਿਸ ਰੱਬੀ ਰੂਹ ਨੇ ਸੱਚ ਨੂੰ ਆਪਣੀ ਜਾਨ ਤੋਂ ਵੀ ਉੱਚਾ ਮੰਨਿਆ, ਜਿਸ ਨੇ ਧਰਮ ਦੀ ਰੱਖਿਆ ਲਈ ਆਪਣੇ ਸੀਸ ਦੀ ਕੁਰਬਾਨੀ ਦੇ ਕੇ ਮਨੁੱਖਤਾ ਦਾ ਦੀਵਾ ਜਗਾਇਆ, ਉਹ ਮਹਾਨ ਜੋਤ, ਜਿਸ ਨੇ ਅਸਹਿਣਸ਼ੀਲਤਾ ਦੇ ਹਨੇਰੇ ਨੂੰ ਮਨੁੱਖਤਾ ਦੇ ਚਾਨਣ ਵਿੱਚ ਬਦਲ ਦਿੱਤਾ ਤੇ ਉਹ ਜੋਤ ਸੀ, ਨੌਵੇਂ ਗੁਰੂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।

ਮੈਂ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦਾ ਹਾਂ ਕਿ ਅੱਜ ਮੁੱਖ ਮੰਤਰੀ, ਸ੍ਰੀ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਸਮਾਰੋਹ ਨੂੰ ਮਹਾਨ ਖਾਲਸੇ ਦੀ ਪਵਿੱਤਰ ਧਰਤੀ ਤੇ, ਉਹ ਖਾਲਸਾ ਜਿਹੜਾ ਅਸੀਂ ਦਲਿਤ ਕ੍ਰਾਂਤੀ ਦੇ ਨਾਲ ਵੀ ਜਾਣ ਸਕਦੇ ਹਾਂ, ਊਚ-ਨੀਚ ਦਾ ਪਹਾੜਾ ਖਤਮ ਕਰਕੇ ਸ਼ਰਧਾ ਭਾਵਨਾ ਨਾਲ ਮਨਾ ਰਹੀ ਹੈ। ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਭਾਈ ਜੈਤਾ ਜੀ ਦੇ ਪਵਿੱਤਰ ਹਾਲ ਵਿੱਚ, ਨੀਵੇਂ-ਨਿਤਾਣੇ, ਜਿਨ੍ਹਾਂ ਨੂੰ ਲੋਕ ਅੱਜ ਤੱਕ ਦੁਰਕਾਰਦੇ ਰਹੇ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਛਾਤੀ ਨਾਲ ਲਗਾ ਕੇ ਕਿਹਾ ਸੀ, ਰੰਘਰੇਟੇ ਗੁਰੂ ਕੇ ਬੇਟੇ, ਅੱਜ ਤੁਸੀਂ ਉਨ੍ਹਾਂ ਦੇ ਹਾਲ ਵਿੱਚ ਇੰਨਾ ਵੱਡਾ ਦਿਨ ਮਨਾ ਕੇ ਕੌਮ ਨੂੰ ਬਹੁਤ ਵੱਡਾ ਮਾਣ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਜਦੋਂ ਸ਼ਹੀਦਾਂ ਦਾ ਨਾਮ ਆ ਜਾਂਦਾ ਹੈ, ਉੱਥੇ ਆਪਣੇ ਆਪ ਇਹ ਗੱਲ ਮਾਣ ਤੇ ਸਨਮਾਨਯੋਗ ਹੋ ਜਾਂਦੀ ਹੈ। ਮਾਣਯੋਗ ਸਪੀਕਰ ਸਾਹਿਬ,

ਜਦੋਂ ਮਨੁੱਖਤਾ ਦੀ ਰੱਖਿਆ ਅਤੇ ਸੱਚ ਦੇ ਰਾਹ ਤੇ ਆਜ਼ਾਦੀ ਦੀ ਗੱਲ ਚੱਲਦੀ ਹੈ ਤਾਂ ਗੁਰੂ ਤੇਗ ਬਹਾਦਰ ਜੀ ਦਾ ਨਾਮ ਸਭ ਤੋਂ ਉੱਚੇ ਸਨਮਾਨ ਦੇ ਨਾਲ ਲਿਆ ਜਾਂਦਾ ਹੈ।

ਉਹ ਸਿਰਫ ਸਿੱਖ ਧਰਮ ਦੇ ਨੌਵੇਂ ਗੁਰੂ ਹੀ ਨਹੀਂ ਸਨ ਸਗੋਂ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਵੀ ਸਨ। ਗੁਰੂ ਜੀ ਦੀ ਸ਼ਹਾਦਤ ਸਿਰਫ ਇਤਿਹਾਸਕ ਘਟਨਾ ਨਹੀਂ ਸਗੋਂ ਇਹ ਸ਼ਹਾਦਤ ਸਾਨੂੰ ਰੂਹਾਨੀ ਤਾਕਤ ਤੇ ਆਤਮਿਕ ਪ੍ਰੇਰਨਾ ਦਿੰਦੀ ਹੈ। ਗੁਰੂ ਸਾਹਿਬ ਜੀ ਕਲਮ ਦੇ ਧਨੀ ਹੋਣ ਦੇ ਨਾਲ ਹੀ ਤੇਗ ਦੇ ਵੀ ਧਨੀ ਸਨ। ਗੁਰੂ ਸਾਹਿਬ ਜੀ ਦਾ ਇਹ ਨਾਮ ਤੇਗ ਦੇ ਧਨੀ ਹੋਣ ਕਾਰਨ ਪਿਆ ਸੀ। ਉਨ੍ਹਾਂ ਦੇ ਲਿਖੇ 116 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਸ਼ੋਭਿਤ ਹਨ। ਗੁਰੂ ਸਾਹਿਬ ਜੀ ਸਾਨੂੰ ਦੱਸਦੇ ਹਨ -

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਆਪ ਜੀ ਦੀ ਬਾਣੀ ਵਿੱਚੋਂ ਆਤਮਿਕ ਸ਼ਾਂਤੀ, ਸਹਿਣਸ਼ੀਲਤਾ ਤੇ ਅਧਿਆਤਮਕ ਉੱਚਤਾ ਦੀ ਝਲਕ ਮਿਲਦੀ ਹੈ। ਗੁਰੂ ਜੀ ਫੁਰਮਾਉਂਦੇ ਹਨ -

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥

ਅਰਥਾਤ ਜਿਹੜਾ ਮਨੁੱਖ ਦੁੱਖ ਤੇ ਸੁੱਖ ਵਿੱਚ ਇਕਸਾਰ ਰਹਿੰਦਾ ਹੈ, ਜਿਸ ਲਈ ਸੋਨਾ ਤੇ ਮਿੱਟੀ ਇਕਸਾਰ ਹਨ, ਉਹੀ ਸੱਚਾ ਗਿਆਨੀ ਹੈ, ਉਹੀ ਮੁਕਤ ਆਤਮਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ 17ਵੀਂ ਸਦੀ ਵਿੱਚ ਭਾਰਤ ਉੱਤੇ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸ਼ਾਸਨ ਸੀ। ਉਹ ਪੂਰੇ ਦੇਸ਼ ਨੂੰ ਮੁਗਲ ਸਲਤਨਤ ਵਿੱਚ ਬਦਲ ਦੇਣਾ ਚਾਹੁੰਦਾ ਸੀ। ਗੁਰੂ ਸਾਹਿਬ ਨੇ ਉਸ ਸਮੇਂ ਧੋਤੀ ਅਤੇ ਟੋਪੀ ਦੀ ਰੱਖਿਆ ਲਈ ਆਪਣਾ ਜੀਵਨ ਬਲੀਦਾਨ ਦੇ ਦਿੱਤਾ। ਗੁਰੂ ਸਾਹਿਬ ਦਾ ਫੁਰਮਾਨ ਹੈ -

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

ਗੁਰੂ ਸਾਹਿਬ ਦਾ ਉਸ ਸਮੇਂ ਇੱਕ ਐਸਾ ਕ੍ਰਾਂਤੀਕਾਰੀ ਕਦਮ, ਜਿਹੜਾ ਕਿ ਪੂਰੇ ਦੇਸ਼ ਵਾਸਤੇ ਜ਼ਰੂਰੀ ਸੀ ਕਿਉਂਕਿ ਇੱਕ ਪੂਰੇ ਫਿਰਕੇ ਨੂੰ ਮੁਗਲੀਆ ਬਣਾਉਣ ਲਈ ਔਰੰਗਜ਼ੇਬ ਆਪਣੀ ਪੂਰੀ ਵਾਹ ਲਗਾ ਰਿਹਾ ਸੀ। ਗੁਰੂ ਸਾਹਿਬ ਕੋਲ ਜਦੋਂ ਕਸ਼ਮੀਰੀ ਪੰਡਿਤ ਆਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਔਰੰਗਜ਼ੇਬ ਨੂੰ ਜਾ ਕੇ ਕਹਿ ਦਿਓ ਕਿ ਉਹ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਧਰਮ ਕਬੂਲ ਕਰਵਾ ਦੇਵੇ ਤਾਂ ਅਸੀਂ ਸਾਰੇ ਜਣੇ ਮੁਸਲਮਾਨ ਬਣਨ ਲਈ ਤਿਆਰ ਹੋ ਜਾਵਾਂਗੇ।

ਗੁਰੂ ਸਾਹਿਬ ਜੀ ਦੇ ਤਿੰਨ ਸੇਵਕਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਨੂੰ ਵਾਰੀ ਵਾਰੀ ਗੁਰੂ ਜੀ ਦੇ ਸਾਹਮਣੇ ਸ਼ਹੀਦ ਕੀਤਾ ਗਿਆ। ਗੁਰੂ ਜੀ ਨੂੰ ਵੀ ਭਾਰੀ ਤਸੀਹੇ ਦਿੱਤੇ ਗਏ। ਗੁਰੂ ਸਾਹਿਬ ਜੀ ਨੂੰ ਉਸ ਸਮੇਂ ਜਦੋਂ ਪੁੱਛਿਆ ਗਿਆ ਕਿ ਜਿਸ ਤਰੀਕੇ ਨਾਲ ਤੁਹਾਡੇ ਤਿੰਨਾਂ ਸੇਵਕਾਂ ਵਿੱਚੋਂ ਇੱਕ ਨੂੰ ਆਰੇ ਨਾਲ ਚੀਰ ਕੇ

ਸ਼ਹੀਦ ਕੀਤਾ, ਇੱਕ ਨੂੰ ਦੇਗ ਦੇ ਵਿੱਚ ਉਬਾਲ ਕੇ ਸ਼ਹੀਦ ਕੀਤਾ, ਇੱਕ ਨੂੰ ਰੂੰ ਦੇ ਵਿੱਚ ਲਪੇਟ ਕੇ ਸ਼ਹੀਦ ਕੀਤਾ ਗਿਆ ਹੈ ਜੇਕਰ ਤੁਸੀਂ ਵੀ ਇਸਲਾਮ ਕਬੂਲ ਨਾ ਕੀਤਾ ਤਾਂ ਤੁਹਾਨੂੰ ਵੀ ਇਸੇ ਤਰੀਕੇ ਨਾਲ ਸ਼ਹੀਦ ਕਰ ਦਿੱਤਾ ਜਾਵੇਗਾ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਮੈਨੂੰ ਮੇਰਾ ਧਰਮ ਸਭ ਤੋਂ ਵੱਧ ਪਿਆਰਾ ਹੈ। ਉਸੇ ਸਮੇਂ ਜੱਲਾਦ ਨੇ ਗੁਰੂ ਸਾਹਿਬ ਦਾ ਸੀਸ ਧੜ੍ਹ ਤੋਂ ਅਲੱਗ ਕਰ ਦਿੱਤਾ। ਸਾਰੇ ਪਾਸੇ ਸੰਨਾਟਾ ਛਾ ਗਿਆ। ਹੁਕਮ ਕੀਤਾ ਗਿਆ ਕਿ ਕੋਈ ਵੀ ਗੁਰੂ ਸਾਹਿਬ ਦੇ ਸੀਸ ਅਤੇ ਦੇਹ ਨੂੰ ਇੱਥੋਂ ਚੁੱਕਣ ਦੀ ਹਿੰਮਤ ਨਾ ਕਰੇ। ਸਪੀਕਰ ਸਾਹਿਬ, ਮੈਂ ਭਾਈ ਜੈਤਾ ਜੀ ਨੂੰ ਨਮਨ ਕਰਦਾ ਹਾਂ ਜਿਹੜੇ ਗੁਰੂ ਸਾਹਿਬ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਆਏ ਔਰ ਗੁਰੂ ਸਾਹਿਬ ਦਾ ਸੀਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਭੇਟ ਕੀਤਾ।

**ਮਾਣਯੋਗ ਸਪੀਕਰ :** ਕਨਕਲੂਡ ਕਰੋ ਜੀ, ਕਨਕਲੂਡ ਕਰੋ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ :** ਸਪੀਕਰ ਸਾਹਿਬ, ਗੁਰੂ ਸਾਹਿਬ ਦੇ ਇਤਿਹਾਸ ਬਾਰੇ ਵੱਖ-ਵੱਖ ਇਤਿਹਾਸਕਾਰ ਸਾਨੂੰ ਦੱਸਦੇ ਹਨ ਅਤੇ ਇਸੇ ਤਰੀਕੇ ਨਾਲ ਸਾਡੇ ਭਾਰਤ ਦੇ ਪੂਰਵ ਰਾਸ਼ਟਰਪਤੀ, ਡਾਕਟਰ ਰਾਧਾਕ੍ਰਿਸ਼ਨਨ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਦੀ ਪਹਿਲੀ ਲੜਾਈ ਸੀ। ਉਨ੍ਹਾਂ ਨੇ ਧਾਰਮਿਕ ਸਹਿਣਸ਼ੀਲਤਾ ਅਤੇ ਵਿਸ਼ਵ ਭਾਈਚਾਰੇ ਦੇ ਸਿਧਾਂਤ ਨੂੰ ਜਨਮ ਦਿੱਤਾ। ਗੁਰੂ ਸਾਹਿਬ ਨੇ ਜੋ ਸਾਨੂੰ ਸਿਧਾਂਤ ਦਿੱਤਾ, ਮੈਨੂੰ ਲਗਦਾ ਹੈ ਕਿ ਉਸੇ ''ਸਭੇ ਸਾਂਝੀਵਾਲ ਸਦਾਇਨ, ਕੋਇ ਨਾ ਦਿਸੈ ਬਾਹਰਾ ਜੀਓ॥" ਦੇ ਸਿਧਾਂਤ ਉੱਤੇ ਚੱਲ ਕੇ ਅੱਜ ਸਾਡੀ ਆਮ ਆਦਮੀ ਪਾਰਟੀ ਹਰੇਕ ਪਰਿਵਾਰ ਨੂੰ 600 ਯੂਨਿਟ ਬਿਜਲੀ ਫਰੀ ਦੇ ਰਹੀ ਹੈ, ਇਹ ਉਸੇ ਸਿਧਾਂਤ ਦਾ ਹਿੱਸਾ ਹੈ। ਅੱਜ ਗੁਰੂ ਸਾਹਿਬਾਨਾਂ ਦੇ ਸਿਧਾਂਤਾਂ ਉੱਤੇ ਚੱਲ ਕੇ ਅਸੀਂ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀ ਵੀ ਲਿਆਂਦੀ ਹੈ। ਗੁਰਬਾਣੀ ਦਾ ਫੁਰਮਾਨ ਹੈ, ਭਾਈ ਗੁਰਦਾਸ ਜੀ ਲਿਖਦੇ ਹਨ -

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ॥

ਅੱਜ ਅਸੀਂ ਵਾਅਦਾ ਕਰੀਏ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਉਨ੍ਹਾਂ ਦਾ ਬਲੀਦਾਨ, ਉਨ੍ਹਾਂ ਦਾ ਸੰਦੇਸ਼ ਸਾਡੇ ਜੀਵਨ ਵਿੱਚ ਸਦਾ ਲਈ ਪ੍ਰਸੰਗਿਕ ਰਹੇਗਾ। ਅਸੀਂ ਅਜਿਹੀ ਨੌਜਵਾਨ ਪੀੜ੍ਹੀ ਤਿਆਰ ਕਰੀਏ, ਜੋ ਸੱਚ ਬੋਲਣ ਤੋਂ ਨਾ ਡਰੇ, ਜੋ ਧਰਮ ਨੂੰ ਜਿਊਣ ਤੋਂ ਨਾ ਹਿਚਕੇ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ :** ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੱਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਸ਼ਾਹ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਕਾਰਵਾਈ ਦੇਖਣ ਲਈ ਸੰਤ ਬਾਬਾ ਸੇਵਾ ਸਿੰਘ ਜੀ; ਡਾਕਟਰ ਵਿਕਰਮਜੀਤ ਸਿੰਘ ਸਾਹਨੀ, ਐਮ.ਪੀ.; ਡਾਕਟਰ ਰਾਜ ਕੁਮਾਰ ਚੱਬੇਵਾਲ, ਐਮ.ਪੀ.; ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਐਮ.ਪੀ.; ਸ੍ਰੀ ਮਲਵਿੰਦਰ ਸਿੰਘ ਕੰਗ, ਐਮ.ਪੀ.; ਬਾਬਾ ਬਲਬੀਰ ਸਿੰਘ ਸੀਚੇਵਾਲ, ਐਮ.ਪੀ.; ਡਾਕਟਰ ਚਰਨਜੀਤ ਸਿੰਘ ਅਟਵਾਲ, ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ ਅਤੇ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਪੀ.; ਇਸ ਵਿਸ਼ੇਸ਼ ਇਜਲਾਸ ਦੀ

ਕਾਰਵਾਈ ਦੇਖਣ ਲਈ ਇੱਥੇ ਪਧਾਰੇ ਹੋਏ ਹਨ। ਇਨ੍ਹਾਂ ਸ਼ਖਸੀਅਤਾਂ ਦਾ, ਜੋ ਕਿ ਹੁਣ ਸਪੀਕਰ ਗੈਲਰੀ ਵਿੱਚ ਮੌਜੂਦ ਹਨ, ਆਓ ਦਿਲ ਦੀਆਂ ਗਹਿਰਾਈਆਂ ਤੋਂ ਨਿੱਘਾ ਸਵਾਗਤ ਕਰੀਏ। (ਥੰਪਿੰਗ) ਸਰਦਾਰ ਕੁਲਦੀਪ ਸਿੰਘ ਧਾਲੀਵਾਲ ਸਾਹਿਬ।

------

**OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI *(Resumption)***

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)** : ਮਾਣਯੋਗ ਸਪੀਕਰ ਸਾਹਿਬ, ਅੱਜ ਦੇ ਇਸ ਬਹੁਤ ਹੀ ਇਤਿਹਾਸਕ ਅਤੇ ਪਵਿੱਤਰ ਸਦਨ ਵਿੱਚ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ। ਪੰਜਾਬ ਦੇ ਇਤਿਹਾਸ ਵਿੱਚ ਚੰਡੀਗੜ੍ਹ ਤੋਂ ਬਾਹਰ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦਾ ਸ਼ੈਸਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿੱਚ ਅਤੇ ਭਾਈ ਜੈਤਾ ਜੀ ਦੇ ਇਸ ਹਾਲ ਵਿੱਚ ਹੋ ਰਿਹਾ ਹੈ। ਮੈਂ ਸਮਝਦਾ ਹਾਂ ਕਿ ਸਾਡੀ ਜ਼ਿੰਦਗੀ ਦਾ ਇਹ ਜਿਹੜਾ ਸਮਾਂ ਹੈ, ਸਾਡੀ ਜ਼ਿੰਦਗੀ ਦੇ ਜਿਹੜੇ ਇਹ ਪਲ ਹਨ, ਇਹ ਸਭ ਤੋਂ ਕੀਮਤੀ ਪਲ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਾਨੂੰ ਜਬਰ ਤੇ ਜ਼ੁਲਮ ਖਿਲਾਫ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਦੀ ਜਾਚ ਦੱਸੀ ਹੈ। ਅੱਜ ਅਜਿਹੇ ਸਦਨ ਵਿੱਚ ਆ ਕੇ ਅਤੇ ਉਸ ਸਦਨ ਦਾ ਮੈਂਬਰ ਹੋਣ ਦਾ ਮੈਨੂੰ ਬਹੁਤ ਵੱਡਾ ਮਾਣ ਪ੍ਰਾਪਤ ਹੋਇਆ ਹੈ। ਸਰ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਵਿਧਾਨ ਸਭਾ ਹਲਕਾ ਅਜਨਾਲਾ ਵਿੱਚ ਗੁਰਦੁਆਰਾ ਗੁਰੂ ਕਾ ਬਾਗ ਹੈ, ਜਿਸ ਬਾਰੇ ਅਰਦਾਸ ਵਿੱਚ ਵੀ ਜ਼ਿਕਰ ਆਉਂਦਾ ਹੈ। ਇਹ ਗੁਰੂ ਕਾ ਬਾਗ, ਗੁਰੂਘਰ ਪਿੰਡ ਘੁੱਕੇਵਾਲੀ ਵਿੱਚ ਹੈ ਜਿੱਥੇ ਗੁਰੂ ਤੇਗ ਬਹਾਦਰ ਸਾਹਿਬ 9 ਮਹੀਨੇ, 9 ਦਿਨ ਅਤੇ 9 ਘੜੀਆਂ ਰਹਿ ਕੇ ਲੋਕਾਂ ਨੂੰ ਉਸ ਸਮੇਂ ਜਬਰ-ਜ਼ੁਲਮ ਦੇ ਖਿਲਾਫ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਦੀ ਪ੍ਰੇਰਨਾ ਦੇ ਕੇ ਗਏ ਹਨ। ਗੁਰਦੁਆਰਾ ਗੁਰੂ ਕਾ ਬਾਗ ਵਿਖੇ ਜਿਹੜਾ ਬਾਗ ਹੈ, ਉਹ ਵੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੱਥਾਂ ਦਾ ਲੱਗਿਆ ਹੋਇਆ ਹੈ। ਉਸ ਗੁਰੂ ਘਰ ਦੇ ਪਿੱਪਲ ਦੇ ਦਰੱਖਤ ਵੀ ਗੁਰੂ ਤੇਗ ਬਹਾਦਰ ਸਾਹਿਬ ਦੇ ਹੱਥਾਂ ਦੇ ਲੱਗੇ ਹੋਏ ਹਨ। ਸਰ, ਮੈਂ ਇਸ ਗੱਲ ਦਾ ਮਾਣ ਮਹਿਸੂਸ ਕਰਦਾ ਹਾਂ ਕਿ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਜਿਨ੍ਹਾਂ ਦੇ ਬਹੁਤ ਵੱਡੇ ਯਾਦਗਾਰੀ ਹਾਲ ਵਿੱਚ ਅੱਜ ਆਪਾਂ ਬੈਠੇ ਹਾਂ, ਜਿਨ੍ਹਾਂ ਦੀ ਕੁਰਬਾਨੀ ਸਿੱਖ ਇਤਿਹਾਸ ਵਿੱਚ ਬਹੁਤ ਵੱਡੀ ਕੁਰਬਾਨੀ ਹੈ, ਉਨ੍ਹਾਂ ਦਾ ਜਨਮ ਸਥਾਨ ਵੀ ਅਜਨਾਲੇ ਹਲਕੇ ਵਿੱਚ ਦਾ ਪਿੰਡ ਗੰਗੋਮਾਹਲ ਹੈ। ਹਰ ਸਾਲ ਬੜੇ ਵੱਡੇ ਵੱਡੇ ਨਗਰ ਕੀਰਤਨ ਉਸ ਪਿੰਡ ਤੋਂ ਨਿਕਲਦੇ ਹਨ। ਇਸ ਕਰਕੇ ਮੈਨੂੰ ਦੁੱਗਣਾ-ਤਿੱਗਣਾ ਮਾਣ ਹੈ ਕਿ ਮੈਂ ਅੱਜ ਇਸ ਸਦਨ ਵਿੱਚ ਆਇਆ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਤੇਗ ਬਹਾਦਰ ਜੀ ਨੇ ਜਬਰ-ਜ਼ੁਲਮ ਦੇ ਖਿਲਾਫ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਲੜਾਈ ਦਾ ਜਿਹੜਾ ਸੰਦੇਸ਼ ਦਿੱਤਾ ਹੈ, ਉਹ ਲੜਾਈ ਅਸੀਂ ਹੁਣ ਤੱਕ ਲੜਦੇ ਰਹੇ ਹਾਂ ਕਿਉਂਕਿ ਅੱਜ ਵੀ ਲੜਾਈ ਉਨ੍ਹਾਂ ਤਾਕਤਾਂ ਦੇ ਖਿਲਾਫ ਹੈ ਜੋ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੀਆਂ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਬਹੁਤ ਹੀ ਬੁਰੀ ਸਥਿਤੀ ਵਿੱਚ ਫਸਿਆ ਹੋਇਆ ਸੀ, ਜਦੋਂ ਪੰਜਾਬ ਦਾ ਕਾਲਾ ਦੌਰ ਸੀ, ਉਸ ਸਮੇਂ

ਸਾਡੇ ਪਰਿਵਾਰ ਨੇ ਬਹੁਤ ਵੱਡੀ ਲੜਾਈ ਲੜੀ ਸੀ। ਸਾਡੇ ਘਰ ਦੇ ਤਿੰਨ ਜੀਅ, ਮੇਰੇ ਦੋ ਭਰਾ ਅਤੇ ਇੱਕ ਮੇਰਾ ਭਣੋਈਆ ਉਸ ਸਮੇਂ ਸ਼ਹੀਦ ਹੋਏ ਹਨ। ਅਸੀਂ ਆਪਣਾ ਘਰ-ਬਾਰ ਛੱਡ ਕੇ ਨਹੀਂ ਗਏ ਕਿਉਂਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਗੁਰੂ ਘਰ, ਗੁਰੂ ਅਰਜਨ ਦੇਵ ਜੀ ਦਾ ਗੁਰੂ ਘਰ ਗੁਰਦੁਆਰਾ ਗੁਰੂ ਕਾ ਬਾਗ ਉਹ ਬਿਲਕੁਲ ਮੇਰੇ ਘਰ ਤੋਂ ਡੇਢ ਕਿਲੋਮੀਟਰ ਦੀ ਦੂਰੀ ਤੇ ਹੈ। ਉਸ ਦੇ ਚਰਨਾਂ ਵਿੱਚ ਬੈਠ ਕੇ ਜ਼ਿੰਦਗੀ ਦੇ 60 ਸਾਲ ਬਿਤਾਏ ਹਨ। ਜ਼ਿੰਦਗੀ ਵਿੱਚ ਜਿੱਥੇ ਵੀ ਜਬਰ ਅਤੇ ਜ਼ੁਲਮ ਦੇ ਖਿਲਾਫ ਲੜਨ ਦੀ ਲੋੜ ਪਈ, ਉੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਸੰਦੇਸ਼ ਲੈ ਕੇ ਅੱਜ ਤੱਕ ਉਹ ਲੜਾਈਆਂ ਲੜ ਰਹੇ ਹਾਂ। ਮੈਨੂੰ ਲਗਦਾ ਹੈ ਕਿ ਅੱਜ ਵੀ ਪੰਜਾਬ ਦੀ ਧਰਤੀ ਉੱਤੇ ਇਸ ਲੜਾਈ ਦੀ ਬਹੁਤ ਵੱਡੀ ਲੋੜ ਹੈ, ਅਸੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪ੍ਰੇਰਨਾ ਨਾਲ ਜਬਰ-ਜ਼ੁਲਮ ਅਤੇ ਮਨੁੱਖੀ ਅਧਿਕਾਰਾਂ ਦੀ ਜੰਗ ਲੜ ਸਕਦੇ ਹਾਂ ਅਤੇ ਉਹ ਸਾਡੀ ਪਾਰਟੀ ਲੜ ਰਹੀ ਹੈ। ਮੈਂ ਆਪਣੇ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਪਹਿਲਾਂ ਤਾਂ ਇਸ ਗੱਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਅੱਜ ਇੱਕ ਬਹੁਤ ਵੱਡਾ ਇਤਿਹਾਸਿਕ ਕੰਮ ਕੀਤਾ ਹੈ ਕਿ ਇਹ ਸਦਨ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਬੁਲਾਇਆ ਹੈ। ਦੂਜਾ, ਮੈਂ ਉਨ੍ਹਾਂ ਦਾ ਇਹ ਵੀ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਉਸ ਪਿੰਡ ਘੁੱਕੇਵਾਲੀ ਵਿੱਚ, ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 9 ਸਾਲ, 9 ਮਹੀਨੇ ਅਤੇ 9 ਘੜੀਆਂ ਬਿਤਾਈਆਂ ਸਨ, ਉੱਥੇ ਬਾਉਲੀ ਸਾਹਿਬ ਹੈ, ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ 50 ਲੱਖ ਰੁਪਿਆ ਉਸ ਪਿੰਡ ਨੂੰ ਚਾਰ ਦਿਨ ਪਹਿਲਾਂ ਧੂਰੀ ਵਿੱਚ ਦਿੱਤਾ ਹੈ। ਮੈਂ ਮੁੱਖ ਮੰਤਰੀ ਸਾਹਿਬ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਉਸ ਪਿੰਡ ਬਾਰੇ ਇੰਨਾ ਵਧੀਆ ਸੋਚਿਆ ਹੈ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਲੋਕ ਇੱਥੇ ਬੈਠੇ ਹਨ, ਜਿੰਨੇ ਇਸ ਵੇਲੇ ਦੁਨੀਆ ਭਰ ਦੇ ਪੰਜਾਬੀ ਇਸ ਇਸ ਸਦਨ ਨੂੰ ਸੁਣ ਰਹੇ ਹਨ, ਆਪਾਂ ਸਭ ਨੂੰ ਇਸ 350 ਸਾਲਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਮਨਾਉਂਦਿਆਂ ਹੋਇਆਂ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਾਂ ਨੂੰ ਜਬਰ - ਜ਼ੁਲਮ ਅਤੇ ਮਨੁੱਖੀ ਅਧਿਕਾਰਾਂ ਦੀ ਲੜਾਈ, ਜਿਹੜੀ ਸਾਡੇ ਗੁਰੂ ਸਾਹਿਬਾਨ ਨੇ ਲੜੀ ਸੀ, ਉਹ ਜੰਗ ਅੱਜ ਵੀ ਲੜਨ ਦੀ ਲੋੜ ਹੈ। ਅੱਜ ਵੀ ਉਸ ਜੰਗ ਨੂੰ ਜਾਰੀ ਰੱਖਣਾ ਚਾਹੀਦਾ ਹੈ। ਉਸ ਸੰਦੇਸ਼ ਬਾਰੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਪਹਿਲਾਂ ਵਜ਼ੀਰ ਸਾਹਿਬ ਦੱਸ ਰਹੇ ਸਨ ਕਿ ਸਕੂਲਾਂ ਵਿੱਚ ਅਸੀਂ ਬੱਚਿਆਂ ਨੂੰ ਜਾਗਰੂਕ ਕਰ ਰਹੇ ਹਾਂ, ਬੱਚਿਆਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਬਾਰੇ ਪੜ੍ਹਾ ਰਹੇ ਹਾਂ, ਇਸ ਲਈ ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਅਤੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਅੱਜ ਬਹੁਤ ਵੱਡਾ ਇਤਿਹਾਸਿਕ ਕੰਮ ਕੀਤਾ ਹੈ। ਸਰ, ਪਤਾ ਨਹੀਂ ਜ਼ਿੰਦਗੀ ਦੇ ਕਿੰਨੇ ਦਿਨ ਬਾਕੀ ਹਨ ਪਰ ਮੈਂ ਸਮਝਦਾ ਹਾਂ ਕਿ ਅੱਜ ਦਾ ਦਿਨ ਬਹੁਤ ਕੀਮਤੀ ਹੈ। ਸਰ, ਅੱਜ ਦਾ ਦਿਨ, ਅੱਜ ਦਾ ਟਾਈਮ ਮੇਰੇ ਵਾਸਤੇ, ਆਪਾਂ ਸਾਰਿਆਂ ਵਾਸਤੇ ਬਹੁਤ ਹੀ ਪਵਿੱਤਰ ਦਿਨ ਹੈ। ਇਸ ਪਵਿੱਤਰ ਦਿਨ ਸਾਨੂੰ ਸਾਰਿਆਂ ਨੂੰ ਇਹ ਸੰਦੇਸ਼ ਅਨੰਦਪੁਰ ਸਾਹਿਬ ਜੀ ਦੀ ਧਰਤੀ ਤੋਂ, ਜਿੱਥੇ ਖਾਲਸਾ ਪੰਥ ਦੀ ਨੀਂਹ ਰੱਖੀ ਗਈ ਸੀ, ਲੈ ਕੇ ਜਾਣਾ ਚਾਹੀਦਾ ਹੈ ਕਿ ਧਰਤੀ ਉੱਪਰ ਕਿਸੇ ਵੀ ਤਰ੍ਹਾਂ ਦਾ ਕੋਈ ਜਬਰ-ਜ਼ੁਲਮ ਜਾਂ ਕੋਈ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ, ਉਸ ਦੇ ਖਿਲਾਫ ਅਸੀਂ ਜੰਗ ਲੜਨੀ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਮਾਣਯੋਗ ਸਪੀਕਰ**: ਕਿੰਨੀ ਵੱਡੀ ਗੱਲ ਹੈ ਅਤੇ ਇਸ ਵਾਸਤੇ ਆਪਾਂ ਨੂੰ, ਸਾਡੇ ਬੱਚਿਆਂ ਨੂੰ ਮਾਣ ਕਰਨਾ ਚਾਹੀਦਾ ਹੈ ਕਿ ਅਸੀਂ ਉਸ ਧਰਤੀ ਤੇ ਪੈਦਾ ਹੋਏ ਹਾਂ, ਜਿੱਥੇ ਸਾਡੇ ਗੁਰੂ ਸਾਹਿਬਾਨ ਨੇ ਜੋ ਕਿਹਾ, ਉਹ ਕਰਕੇ ਦਿਖਾਇਆ।

ਨਿਥਾਵਿਆਂ ਦੀ ਥਾਂ ਬਣੇ, ਨਿਧਿਰਿਆਂ ਦੀ ਧਿਰ ਬਣੇ, ਨਿਆਸਰਿਆਂ ਲਈ ਆਸਰੇ ਬਣੇ ਔਰ ਗੁਰੂ ਸਾਹਿਬ ਜੀ ਦਾ ਸੰਦੇਸ਼ ਹੈ -

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥

ਉਸ ਨੂੰ ਖੁਦ ਜੀਅ ਕੇ ਦੱਸਿਆ ਹੈ। ਸੋ, ਧਾਲੀਵਾਲ ਸਾਹਿਬ ਬਹੁਤ ਬਹੁਤ ਧੰਨਵਾਦ। ਹੁਣ ਮੈਂ ਸਾਡੇ ਬਹੁਤ ਹੀ ਸਤਿਕਾਰਯੋਗ ਲੀਡਰ ਆਫ ਦਿ ਆਪੋਜੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਵੀ ਆਪਣੀ ਅਕੀਦਤ ਪੇਸ਼ ਕਰਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਮੂਹ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

ਸਪੀਕਰ ਸਾਹਿਬ, ਮੈਂ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਦਾਸ ਨੂੰ ਇਸ ਪਵਿੱਤਰ ਮੌਕੇ ਤੇ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਗੁਰੂ ਤੇਗ ਬਹਾਦਰ ਜੀ ਮਹਾਰਾਜ ਹਿੰਦ ਦੀ ਚਾਦਰ ਕਹਿਲਵਾਏ। ਮੈਂ ਸਮਝਦਾ ਹਾਂ ਕਿ ਹਿੰਦ ਦੀ ਚਾਦਰ ਨਹੀਂ ਬਲਕਿ ਸ੍ਰਿਸ਼ਟੀ ਦੀ ਚਾਦਰ ਕਹਿਣਾ ਚਾਹੀਦਾ ਹੈ। ਜਿਹੜੀ ਲਾਸਾਨੀ, unparallel ਕੁਰਬਾਨੀ ਉਨ੍ਹਾਂ ਨੇ ਦਿੱਤੀ ਹੈ, ਦੁਨੀਆ ਦੇ ਇਤਿਹਾਸ ਵਿੱਚ ਇੰਨੀ ਵੱਡੀ ਕੁਰਬਾਨੀ ਕਿਸੇ ਦੀ ਨਹੀਂ ਹੈ। ਦੁਨੀਆ ਦੇ ਇਤਿਹਾਸ ਵਿੱਚ ਬਾਕੀ ਕੁਰਬਾਨੀਆਂ ਵੀ ਹੋਈਆਂ, ਬਹੁਤ ਵੱਡੇ ਸ਼ਹੀਦ ਹੋਏ ਹਨ ਪਰ ਕਿਸੇ ਨੇ ਕਿਸੇ ਹੋਰ ਧਰਮ ਵਾਸਤੇ ਕੁਰਬਾਨੀ ਦਿੱਤੀ ਹੋਵੇ, ਇਹ ਇੱਕ ਬਹੁਤ ਹੀ unparallel ਚੀਜ਼ ਹੈ। ਅਸੀਂ ਅੱਜ ਬਹੁਤ ਮਸ਼ਕੂਰ ਹਾਂ। ਮੇਰੇ ਤੋਂ ਪਹਿਲਾਂ ਮੇਰੇ ਬਹੁਤ ਸਾਰੇ ਸਾਥੀਆਂ ਨੇ ਇਸ ਧਰਤੀ ਨੂੰ ਨਮਨ ਕੀਤਾ ਹੈ। ਦਸਵੀਂ ਪਾਤਸ਼ਾਹੀ ਨੇ ਇੱਥੇ 28 ਸਾਲ ਗੁਜ਼ਾਰੇ ਹਨ। ਨੌਵੀਂ ਪਾਤਸ਼ਾਹੀ ਬਾਰੇ ਜਿਸ ਤਰ੍ਹਾਂ ਦੱਸਿਆ ਗਿਆ ਹੈ ਕਿ 1675 ਈ. ਵਿੱਚ ਕਿਰਪਾ ਰਾਮ ਜੀ ਦੀ ਅਗਵਾਈ ਵਿੱਚ ਕਸ਼ਮੀਰੀ ਬ੍ਰਾਹਮਣ ਇੱਥੇ ਚਲ ਕੇ ਆਏ ਸਨ। ਸਪੀਕਰ ਸਾਹਿਬ, ਉੱਥੋਂ ਦਾ ਮੁਗਲ ਸਲਤਨਤ ਦਾ ਗਵਰਨਰ ਇਫਤਿਖਾਰ ਖਾਂ ਸੀ। ਉਹ ਹਰ ਰੋਜ਼ ਹਜ਼ਾਰਾਂ ਕਸ਼ਮੀਰੀ ਬ੍ਰਾਹਮਣਾਂ ਦਾ ਤਿਲਕ ਅਤੇ ਜਨੇਊ ਮਣਾਂ ਦੇ ਹਿਸਾਬ ਨਾਲ ਉਤਾਰਦਾ ਸੀ। ਉਨ੍ਹਾਂ ਦੀ ਸਾਰੀ ਬਰਾਦਰੀ ਨੇ ਇਕੱਠੇ ਹੋ ਕੇ ਸੋਚਿਆ ਕਿ ਅਸੀਂ ਕਿਸ ਕੋਲ ਜਾਈਏ? ਕਿਹੜਾ ਔਰੰਗਜ਼ੇਬ ਦੇ ਸਾਹਮਣੇ ਸਾਡੀ ਵਕਾਲਤ ਕਰ ਸਕੇਗਾ? ਫੇਰ ਇਕ ਫੈਸਲਾ ਕਰਕੇ ਇੱਕ delegation ਨੌਵੀਂ ਪਾਤਸ਼ਾਹੀ ਕੋਲ ਇੱਥੇ ਪਹੁੰਚਿਆ। ਨੌਵੀਂ ਪਾਤਸ਼ਾਹੀ ਕੋਲ ਜਦੋਂ ਆਪਣੀ ਅਪੀਲ ਰੱਖਦੇ ਹਨ ਤਾਂ ਜਿਸ ਤਰ੍ਹਾਂ ਇਤਿਹਾਸ ਦੱਸਦਾ ਹੈ, ਨੌਵੀਂ ਪਾਤਸ਼ਾਹੀ ਖੁਦ ਇਸ ਸੋਚ ਵਿੱਚ ਸਨ ਕਿ ਔਰੰਗਜ਼ੇਬ ਦੇ ਨਾਲ, ਮੁਗਲ ਸਲਤਨਤ ਦੇ ਨਾਲ ਸਾਡੀ ਪਹਿਲਾਂ ਹੀ ਕੋਈ ਤਕਰਾਰ ਚਲ ਰਹੀ ਹੈ, ਇਨ੍ਹਾਂ ਦੀ ਵਕਾਲਤ ਵਾਸਤੇ ਮੈਂ ਕਿਸ ਨੂੰ ਭੇਜਾਂ? ਸਪੀਕਰ ਸਾਹਿਬ, ਦਸਵੀਂ ਪਾਤਸ਼ਾਹੀ ਉਦੋਂ 09 ਸਾਲ ਦੀ ਉਮਰ ਦੇ ਸਨ। ਉਨ੍ਹਾਂ ਨੇ ਆਪਣੇ ਪਿਤਾ ਨੂੰ ਇਹ ਗੱਲ ਕਹੀ - ਪਿਤਾ ਜੀ, ਤੁਹਾਡੇ ਤੋਂ ਬਿਹਤਰ ਵਕੀਲ ਇਨ੍ਹਾਂ ਦਾ ਕੌਣ ਹੋ ਸਕਦਾ ਹੈ? ਇਨ੍ਹਾਂ ਬੇਜ਼ਬਾਨਾਂ ਨੂੰ ਜ਼ਬਾਨ ਕੌਣ ਦੇ ਸਕਦਾ ਹੈ? ਇੱਥੋਂ ਪੈਦਲ ਚਲ ਕੇ ਦਿੱਲੀ ਗਏ, ਜਿਸ ਤਰ੍ਹਾਂ ਪਹਿਲਾਂ ਜ਼ਿਕਰ ਹੋਇਆ ਹੈ ਕਿ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੀ ਪਹਿਲਾਂ ਸ਼ਹਾਦਤ ਹੋਈ। ਨੌਵੀਂ ਪਾਤਸ਼ਾਹੀ ਨੂੰ ਆਪਣੇ ਅਸੂਲਾਂ ਤੋਂ ਡਗਮਗਾਉਣ ਵਾਸਤੇ, ਪੈਰਾਂ ਤੋਂ ਥਿੜਕਾਉਣ ਵਾਸਤੇ ਮੁਗਲ ਸਲਤਨਤ ਦੀ ਇਹ ਕੋਸ਼ਿਸ਼ ਸੀ ਪਰ ਉਨ੍ਹਾਂ ਨੇ ਉਸ ਨੂੰ ਠੁਕਰਾ ਦਿੱਤਾ। ਕਸ਼ਮੀਰੀ

ਬ੍ਰਾਹਮਣਾਂ ਨੂੰ ਜਸਟਿਸ ਦਿਵਾਉਣ ਵਾਸਤੇ ਉਨ੍ਹਾਂ ਨੇ ਆਪਣੀ ਮਹਾਨ ਸ਼ਹਾਦਤ ਦਿੱਤੀ। ਜਿਹੜਾ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ, ਦਿੱਲੀ ਵਿੱਚ ਬਣਿਆ ਹੋਇਆ ਹੈ, ਉਹ ਅੱਜ ਵੀ ਜਿਊਂਦੀ-ਜਾਗਦੀ ਮਿਸਾਲ ਹੈ। ਭਾਈ ਜੀਵਨ ਸਿੰਘ ਜੀ ਦਾ ਜ਼ਿਕਰ ਹੋਇਆ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦਾ ਸੀਸ ਲੈ ਕੇ ਦਸਵੀਂ ਪਾਤਸ਼ਾਹੀ ਕੋਲ ਪੇਸ਼ ਕੀਤਾ ਗਿਆ ਅਤੇ ਅੰਤਿਮ ਸਸਕਾਰ ਕੀਤਾ ਗਿਆ, ਇਹ ਸਾਰਾ ਇਤਿਹਾਸ ਦਾ ਹਿੱਸਾ ਹੈ। ਉਸ ਉਪਰੰਤ ਦਸਵੀਂ ਪਾਤਸਾਹੀ ਦੇ ਪਰਿਵਾਰ ਦੀਆਂ ਸ਼ਹਾਦਤਾਂ ਅਤੇ ਇਸ ਤੋਂ ਪਹਿਲਾਂ 13 ਅਪ੍ਰੈਲ, 1699 ਵਿੱਚ ਖਾਲਸੇ ਦਾ ਜਨਮ ਹੋਇਆ। ਸਮੁੱਚੇ ਪੰਜਾਬੀ ਜਗਤ ਨੂੰ ਇਸ ਤੇ ਮਾਣ ਹੈ। ਗੁਰੂ ਸਾਹਿਬ ਦਾ ਆਈਡਿਲਿਜ਼ਮ, ਉਨ੍ਹਾਂ ਦੀ ਸੋਚ, ਕਿਸੇ ਇਕ ਧਰਮ ਜਾਂ ਜਾਤ ਦੀ ਸੋਚ ਨਹੀਂ ਸੀ। ਇਹੀ ਕਾਰਨ ਬਣਿਆ ਕਿ ਨੌਂਵੀਂ ਪਾਤਸ਼ਾਹੀ ਅਤੇ ਦਸਵੀਂ ਪਾਤਸ਼ਾਹੀ ਦੇ ਪਰਿਵਾਰ ਦੀਆਂ ਸ਼ਹਾਦਤਾਂ ਤੋਂ ਬਾਅਦ ਸਾਡੇ ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਫੈਸਲਾ ਕੀਤਾ ਕਿ ਸਾਡਾ ਵੱਡਾ ਲੜਕਾ ਕੇਸ ਰੱਖੇਗਾ, ਦਸਤਾਰ ਸਜਾਏਗਾ। ਅਨੇਕਾਂ ਅਜਿਹੇ ਪਰਿਵਾਰ ਹਨ, ਜਿਨ੍ਹਾਂ ਦਾ ਸਭ ਤੋਂ eldest ਲੜਕਾ ਸਿੱਖ ਹੈ ਅਤੇ ਬਾਕੀ ਹਿੰਦੂ ਹਨ। ਮੈਂ ਸਮਝਦਾ ਹਾਂ ਕਿ ਇਸ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਪਹਿਲੀ ਚਿੰਗਾਰੀ ਗੁਰੂ ਸਾਹਿਬ ਸਨ। ਮੁਗਲਾਂ ਨੇ ਹਿੰਦੁਸਤਾਨ ਤੇ 800 ਸਾਲ ਰਾਜ ਕੀਤਾ ਹੈ, ਉਦੋਂ ਕੋਈ ਨਾਂ ਵੀ ਨਹੀਂ ਸੀ ਲੈਂਦਾ ਪਰ ਉਨ੍ਹਾਂ ਦੇ ਜਬਰ ਦੇ ਖਿਲਾਫ ਮਾਇਨਾਰਟੀਜ਼ ਨੂੰ ਬਚਾਉਣ ਦਾ ਫਲਸਫਾ ਦਸਾਂ ਪਾਤਸ਼ਾਹੀਆਂ ਨੇ ਦਿੱਤਾ ਹੈ -

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।।

ਇਹ ਜਿਹੜੀ ਸਪਿਰਟ ਸਾਡੇ ਵਿੱਚ ਪੈਦਾ ਕੀਤੀ ਹੈ, ਇਸ ਕਾਰਨ ਦੁਨੀਆ ਭਰ ਵਿੱਚ ਜਿੱਥੇ ਵੀ ਪੰਜਾਬੀ ਬੈਠਾ ਹੈ, ਜਿੱਥੇ ਵੀ ਕੋਈ eventuality ਆਵੇ, ਸਭ ਤੋਂ ਪਹਿਲਾਂ ਸਾਡੇ ਪੰਜਾਬੀ, ਸਾਡੇ ਖਾਲਸੇ ਵੀਰ ਉੱਥੇ ਪਹੁੰਚਦੇ ਹਨ। ਸਪੀਕਰ ਸਾਹਿਬ, ਅੱਜ ਵੀ ਹਿੰਦੁਸਤਾਨ ਵਿੱਚ ਜਿਸ ਕਿਸਮ ਦੇ ਹਾਲਾਤ ਹਨ, ਇਹ ਲਾਸਟ ਪੋਸਟ ਰਹਿ ਗਈ ਹੈ, ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਕਿਸੇ ਟਾਈਮ ਜਿਸ ਕਿਸਮ ਦੀ ਮੁਗਲਾਂ ਦੀ ਸੋਚ ਸੀ, ਜੋ ਸੋਚ ਅੰਗਰੇਜ਼ਾਂ ਦੀ ਸੀ, ਜਿਨ੍ਹਾਂ ਨੇ ਹਿੰਦੁਸਤਾਨ ਤੇ 200 ਸਾਲ ਰਾਜ ਕੀਤਾ, ਉਹੀ ਸੋਚ ਅੱਜ ਦੇ ਸਮੇਂ ਹਿੰਦੁਸਤਾਨ ਤੇ ਰਾਜ ਕਰਨ ਵਾਲੀ ਸਰਕਾਰ ਦੀ ਹੈ। ਸਪੀਕਰ ਸਾਹਿਬ, ਸਾਡੀ ਹਿਸਟਰੀ ਨੂੰ rewrite ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਪਾਸੇ ਸਾਨੂੰ ਬਹੁਤ ਧਿਆਨ ਦੇਣ ਦੀ ਲੋੜ ਹੈ। ਤੁਸੀਂ ਹਰ ਰੋਜ਼ ਦੇਖਦੇ ਹੋ ਕਿ ਹਰ ਤੀਜੇ-ਚੌਥੇ ਮਹੀਨੇ ਪੰਜਾਬ ਦੇ waters ਨੂੰ ਟੈਸਟ ਕੀਤਾ ਜਾ ਰਿਹਾ ਹੈ। ਸਾਡੇ ਪੇਸ਼ੈਂਸ ਨੂੰ ਟੈਸਟ ਕੀਤਾ ਜਾ ਰਿਹਾ ਹੈ ਭਾਵੇਂ ਪੰਜਾਬ ਯੂਨੀਵਰਸਿਟੀ ਦੀ ਗੱਲ ਕਰੀਏ। ਇਸ ਕਿਸਮ ਦੀ ਆਈਡੀਓਲੋਜੀ ਦੇ ਲੋਕ ਇੱਥੇ ਆ ਕੇ ਲੱਗ ਗਏ ਹਨ। ਸਾਡੀ rich history and culture rewrite ਕਰਨ ਦੀ ਕੋਸ਼ਿਸ਼ ਹੈ। ਮੈਂ ਅੱਜ ਦੀ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸਾਡੀਆਂ ਯੂਨੀਵਰਸਿਟੀਆਂ ਵਿੱਚ ਜਿਸ ਕਿਸਮ ਦੇ ਚਾਂਸਲਰ ਆ ਕੇ ਲੱਗ ਗਏ ਹਨ, ਉਹ ਸਾਡੀ ਸਰਬ ਸਾਂਝੀ ਹਿਸਟਰੀ ਨੂੰ rewrite ਕਰਨ ਲੱਗੇ ਹਨ। ਸਾਡੇ ਦੇਸ਼ ਨੂੰ ਕਿਨ੍ਹਾਂ ਨੇ ਅਜ਼ਾਦੀ ਦਿਵਾਈ, ਉਸ ਸਬੰਧੀ ਬੱਚੇ ਜਿਹੜਾ ਨਵਾਂ ਇਤਿਹਾਸ ਪੜ੍ਹਦੇ ਹਨ, ਉਸ ਨੂੰ ਹੀ ਉਹ ਸਹੀ ਮੰਨਦੇ ਹਨ। ਗੁਰੂਆਂ ਦਾ ਫਲਸਫਾ ਬਹੁਤ ਵੱਡਾ ਹੈ, ਇਨ੍ਹਾਂ ਕੁਰਬਾਨੀਆਂ ਕਾਰਨ ਹੀ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਇਹ ਸੰਦੇਸ਼ ਦਿੱਤਾ ਕਿ ਜਿੰਨੇ ਮੁਜ਼ਾਰੇ ਹਨ, ਉਨ੍ਹਾਂ ਨੂੰ ਮੈਂ ਮਾਲਕ ਬਣਾਵਾਂਗਾ, ਮੇਰੀ ਮਦਦ ਕਰੋ। ਸੋ ਇਕੁਐਲਟੀ ਦੀ ਲੜਾਈ, ਸਾਡੇ ਗੁਰੂਆਂ ਦੀ ਜਿਹੜੀ ਸੋਚ ਸੀ, ਉਹ ਬੰਦਾ ਸਿੰਘ ਬਹਾਦਰ ਨੇ ਸ਼ੁਰੂ ਕੀਤੀ। ਮੁਜ਼ਾਰਿਆਂ ਨੂੰ ਮਾਲਕ ਬਣਾਇਆ। ਸਾਰੀਆਂ ਮਿਸਲਾਂ ਨਾਲ ਇਕੱਠੇ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ 1799 ਵਿੱਚ ਖਾਲਸਾ ਰਾਜ ਐਸਟੈਬਲਿਸ਼ ਕੀਤਾ। ਸਾਡੀ ਆਈਡੀਓਲੋਜੀ ਜਾਂ intolerance ਦਾ ਜਿਹੜਾ ਫਲਸਫਾ ਸੀ, ਮੁਗਲਾਂ ਨੂੰ ਇੱਥੋਂ ਕੱਢਣ ਦੀ ਜਿਹੜੀ

intolerance ਅਤੇ ਨਿਰਭਉ-ਨਿਰਵੈਰ ਦੀ ਆਡੀਓਲੋਜੀ ਤੇ ਫਲਸਫਾ ਸੀ, ਉਸ ਦੀ ਕਾਮਯਾਬੀ ਹੋਈ, ਉਸ ਨੂੰ ਖਾਲਸਾ ਰਾਜ ਕਿਹਾ ਜਾਂਦਾ ਸੀ। ਸਾਡੇ ਹਾਊਸ ਵਿੱਚ ਹੋ ਸਕਦਾ ਹੈ ਕਿ ਬਹੁਤ ਸਾਰੇ ਸਾਥੀਆਂ ਨੂੰ ਇਸ ਗੱਲ ਦਾ ਇਲਮ ਨਾ ਹੋਵੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਇੰਨੇ ਵੱਡੇ ਰਾਜ ਵਿੱਚ ਸਾਡੀ ਸਾਰੀ ਪਾਪੂਲੇਸ਼ਨ ਸਿਰਫ 8% ਸੀ। ਸਿੱਖ ਇਕੱਲੇ 8% ਸਨ ਪਰ ਉਨ੍ਹਾਂ ਨੇ ਬਰਾਬਰੀ ਦਾ ਹੱਕ ਦਿੱਤਾ। ਮਹਾਰਾਜਾ ਰਣਜੀਤ ਸਿੰਘ ਗੌਰਮਿੰਟ ਵਿੱਚ ਮੁਸਲਿਮ ਵੀਰਾਂ ਨੂੰ ਵੀ ਲੈ ਕੇ ਆਏ, ਹਿੰਦੂ ਵੀਰਾਂ ਨੂੰ ਵੀ ਲਿਆਂਦਾ ਗਿਆ ਅਤੇ ਸਿੱਖ ਭਾਈਚਾਰੇ ਨੂੰ ਵੀ ਲਿਆਂਦਾ ਗਿਆ। ਪੰਜਾਬ ਦੇ ਵਿੱਚ 40 ਸਾਲ ਦਾ ਬੇਹਤਰੀਨ ਗੋਲਡਨ ਪੀਰੀਅਡ ਮਹਾਰਾਜਾ ਰਣਜੀਤ ਸਿੰਘ ਜੀ ਦਾ ਮੰਨਿਆ ਜਾਂਦਾ ਹੈ। It was only because of the secular spirit, the ideology of the Gurus, that he followed.

ਸੋ, ਮੈਂ ਅੱਜ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ, ਅੱਜ ਦੇ ਦਿਨ ਵੀ ਇਹੀ ਸਟੇਟ ਹੋਵੇਗੀ, ਜਿਹੜੀ ਦਿੱਲੀ ਵਿਚਲੀ ਬਹੁਤ ਵੱਡੀ ਤਾਕਤ, ਜਿਹੜੀ ਸਾਰੇ ਦੇਸ਼ ਦੇ ਵਿੱਚ ਹੂੰਝਾ ਫੇਰ ਰਹੀ ਹੈ, ਉਸ ਨੂੰ ਇਹ ਪੰਜਾਬੀ ਹੀ ਰੋਕ ਪਾਉਣਗੇ। ਸੋ, ਅੱਜ ਦੇ ਰਾਜ ਕਰਨ ਵਾਲਿਆਂ ਨੂੰ ਮੇਰੀ ਹੱਥ ਜੋੜ ਕੇ ਅਪੀਲ ਹੈ ਕਿ ਇਨ੍ਹਾਂ ਵੱਲ ਆਪਾਂ ਵਿਸ਼ੇਸ਼ ਧਿਆਨ ਦੇਈਏ। ਉਹ ਰੋਜ਼, ਹਰ ਤੀਜੇ-ਚੌਥੇ ਮਹੀਨੇ ਕੋਈ ਨਾ ਕੋਈ ਪੱਥਰ ਸੁੱਟ ਕੇ ਜਾਂ ਸਾਨੂੰ ਇੱਕ ਛੋਟੀ ਜਿਹੀ ਸੂਈ ਲਗਾ ਕੇ ਵਾਟਰਜ਼ ਟੈੱਸਟ ਕਰਦੇ ਹਨ। ਇਸ ਲਈ ਸਾਨੂੰ ਸਾਰੇ ਪੰਜਾਬੀਆਂ ਨੂੰ ਇੱਕ ਹੋਣਾ ਪਵੇਗਾ। ਸਾਡੇ ਪੁਲੀਟੀਕਲ ਮੱਤਭੇਦ ਹੋ ਸਕਦੇ ਹਨ ਪ੍ਰੰਤੂ ਪੰਜਾਬ ਦੀ ਧਰਤੀ ਵਾਸਤੇ, ਆਪਣੀ ਪੰਜਾਬੀਅਤ ਵਾਸਤੇ, ਮੈਂ ਨਿਰਾ ਸਿੱਖ ਧਰਮ ਦੀ ਗੱਲ ਨਹੀਂ ਕਰਦਾ, ਸਗੋਂ ਮੈਂ ਪੰਜਾਬੀਆਂ ਦੀ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਪੰਜਾਬੀ ਲੋਕ ਸਿਰਫ ਪੰਜਾਬ ਵਿੱਚ ਹੀ ਨਹੀਂ ਹਨ, ਸਗੋਂ ਬਹੁਤ ਵੱਡੀ ਤਾਦਾਦ ਵਿੱਚ ਪੰਜਾਬੀ ਉਰੀਜਨ ਦੇ ਲੋਕ ਕੈਨੇਡਾ ਵਿੱਚ ਬੈਠੇ ਹਨ। ਤੁਸੀਂ ਤਾਂ ਇੱਥੇ ਪੰਜਾਬ ਵਿੱਚ ਸਿਰਫ 13 ਐਮ.ਪੀ. ਹੋ ਪ੍ਰੰਤੂ ਉੱਥੇ ਕੈਨੇਡਾ ਦੀ ਪਾਰਲੀਮੈਂਟ ਵਿੱਚ 22 ਮੈਂਬਰ ਪਾਰਲੀਮੈਂਟ ਪੰਜਾਬੀ ਹਨ। ਯੂਨਾਈਟਡ ਕਿੰਗਡਮ ਵਿੱਚ ਸਾਡੇ 18 ਮੈਂਬਰ ਆਫ ਪਾਰਲੀਮੈਂਟ ਹਨ ਅਤੇ ਕਈ ਸਾਰੇ ਮੈਂਬਰ ਪਾਰਲੀਮੈਂਟ ਯੂਰਪੀਅਨ ਯੂਨੀਅਨ ਵਿੱਚ ਵੀ ਹਨ। ਪੰਜਾਬੀ ਉਰੀਜਨ ਦੇ ਕਾਫ਼ੀ ਮੈਂਬਰਜ਼ ਨਿਊਜ਼ੀਲੈਂਡ, ਆਸਟਰੇਲੀਆ, ਸਿੰਗਾਪੁਰ ਅਤੇ ਅਫਰੀਕਾ ਵਿੱਚ ਵੀ ਹਨ। ਸਾਨੂੰ ਸਾਰਿਆਂ ਨੂੰ ਇਕੱਠੇ ਹੋਣ ਦੀ ਲੋੜ ਹੈ। ਆਪਣੇ ਰਾਈਟਸ ਵਾਸਤੇ ਸਮੁੱਚੀ ਪੰਜਾਬੀ ਕੌਮ ਨੂੰ ਇਕੱਠੇ ਹੋਣ ਦੀ ਲੋੜ ਹੈ, ਨਹੀਂ ਤਾਂ ਇਸ ਦਾ ਭਾਰੀ ਨੁਕਸਾਨ ਉਠਾਉਣਾ ਪੈ ਸਕਦਾ ਹੈ। ਭਾਵੇਂ ਅਸੀਂ ਪਾਣੀਆਂ ਦੀ ਗੱਲ ਕਰ ਲਈਏ, ਭਾਵੇਂ ਜੀ.ਐਸ.ਟੀ. ਦੀ ਗੱਲ ਕਰ ਲਵੋ, ਭਾਵੇਂ ਰੂਰਲ ਡਿਵੈਲਪਮੈਂਟ ਫੰਡ ਦੀ ਗੱਲ ਕਰ ਲਵੋ, ਭਾਵੇਂ ਆਪਣੀ ਯੂਨੀਵਰਸਿਟੀ ਦੀ ਗੱਲ ਕਰ ਲਵੋ, ਕੱਲ੍ਹ ਜੋ ਕੁਝ ਚੰਡੀਗੜ੍ਹ ਵਿੱਚ ਹੋਇਆ, ਭਾਵੇਂ ਜੋ ਕੁਝ ਪਾਰਲੀਮੈਂਟ ਸੈਸ਼ਨ ਤੋਂ ਪਹਿਲਾਂ ਉਨ੍ਹਾਂ ਦੀ ਚੰਡੀਗੜ੍ਹ ਵਿੱਚ ਕਰਨ ਦੀ ਪੁਰਜ਼ੋਰ ਕੋਸ਼ਿਸ਼ ਹੈ, ਉਸ ਵਾਸਤੇ ਸਮੁੱਚੇ ਪੰਜਾਬੀ ਜਗਤ ਨੂੰ ਇੱਕ ਹੋਣਾ ਪਵੇਗਾ।

ਮੈਂ ਹੁਣ ਗੁਰੂ ਸਾਹਿਬਾਨ ਦੀਆਂ ਮਹਾਨ ਕੁਰਬਾਨੀਆਂ ਦੀ ਗੱਲ ਕਰਨੀ ਚਾਹਾਂਗਾ। ਉਹ ਜੋ ਕੁਝ ਸਾਨੂੰ ਸਿਖਾਉਂਦੀਆਂ ਹਨ, ਉਸ ਅਨੁਸਾਰ ਸਾਨੂੰ ਪੰਜਾਬੀਅਤ ਵਾਸਤੇ, ਆਪਣੇ ਸੂਬੇ ਵਾਸਤੇ ਇਕੱਠੇ ਹੋਣ ਦੀ ਲੋੜ ਹੈ। ਸੋ, ਬੈਂਸ ਸਾਹਿਬ, ਮੈਂ ਤੁਹਾਨੂੰ ਅਤੇ ਸਰਕਾਰ ਨੂੰ ਇਸ ਗੱਲ ਦੀ ਮੁਬਾਰਕਬਾਦ ਪੇਸ਼ ਕਰਦਾ ਹਾਂ। ਤੁਹਾਡੀ ਬਹੁਤ ਚੰਗੀ ਸੋਚ ਹੈ। ਸਾਰੇ ਇਕੱਤਰ ਕੀਤੇ ਹਨ, ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਹੈ। ਮੈਂ ਸਮਝਦਾ ਹਾਂ ਕਿ ਦੁਨੀਆ ਭਰ ਵਿੱਚ ਪੰਜਾਬੀ ਕੌਮ ਅੱਜ ਦੇ ਇਸ ਪਵਿੱਤਰ ਦਿਨ 'ਤੇ ਸਿਜਦਾ ਕਰ ਰਹੀ ਹੈ। ਬੈਂਸ ਸਾਹਿਬ, ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਕਰਦੀਆਂ ਹਨ, ਉਹੀ ਕੌਮਾਂ ਹਮੇਸ਼ਾ ਜਿੰਦਾ ਰਹਿੰਦੀਆਂ ਹਨ। ਜਿਹੜੀਆਂ ਕੌਮਾਂ ਆਪਣੇ

ਸ਼ਹੀਦਾਂ ਨੂੰ ਯਾਦ ਨਹੀਂ ਰੱਖਦੀਆਂ, ਉਹ ਕੌਮਾਂ ਵੀ ਕਦੇ ਜਿੰਦਾ ਨਹੀਂ ਰਹਿੰਦੀਆਂ। ਸੋ, ਮੈਂ ਆਪਣੀ ਪਾਰਟੀ ਵੱਲੋਂ ਮੁਬਾਰਕਬਾਦ ਵੀ ਪੇਸ਼ ਕਰਾਂਗਾ ਅਤੇ ਜਿਹੜਾ ਤੁਹਾਡਾ ਰੈਜੋਲਿਊਸ਼ਨ ਆਇਆ ਹੈ, ਇਸ ਦੀ ਸਪੋਰਟ ਵੀ ਕਰਾਂਗਾ। ਬਹੁਤ ਬਹੁਤ ਸ਼ੁਕਰੀਆ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ ॥

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਬਾਜਵਾ ਸਾਹਿਬ, ਤੁਸੀਂ ਬਿਲਕੁਲ ਸਹੀ ਕਿਹਾ ਹੈ।

ਪ੍ਰਗਟ ਭਏ ਗੁਰੂ ਤੇਗ ਬਹਾਦਰ।
ਸਗਲ ਸ੍ਰਿਸਟਿ ਪੈ ਢਾਪੀ ਚਾਦਰ।

ਮੈਂ ਇੱਕ ਗੱਲ ਦੀ ਤਸਲੀਮ ਕਰਦਾ ਹਾਂ ਕਿ ਸਾਰਾ ਹਿੰਦੁਸਤਾਨ ਹੀ ਗੁਰੂ ਤੇਗ਼ ਬਹਾਦਰ ਪਾਤਸ਼ਾਹ ਦੀ ਸ਼ਹਾਦਤ ਨੂੰ ਸੈਲੀਬ੍ਰੇਟ ਕਰ ਰਿਹਾ ਹੈ, ਵੱਖ-ਵੱਖ ਸਟੇਟਾਂ ਕਰ ਰਹੀਆਂ ਹਨ, ਜੇ ਉਹ ਹਿੰਦ ਕੀ ਚਾਦਰ ਮੰਨਦੇ ਹਨ ਤਾਂ ਬਹੁਤ ਅੱਛੀ ਗੱਲ ਹੈ, ਇੱਕ ਤਰ੍ਹਾਂ ਦੀ ਜੋੜਨ ਵਾਲੀ ਗੱਲ ਹੈ ਲੇਕਿਨ ਜਿਹੜੀ ਗੁਰੂ ਸਾਹਿਬ ਦੀ ਸ਼ਹਾਦਤ ਹੈ, ਇਹ ਸਗਲ ਸ੍ਰਿਸ਼ਟੀ ਲਈ ਹੈ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ੍ਰੀ ਅਮਨ ਅਰੋੜਾ)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਅੱਜ ਇੱਕ ਬਹੁਤ ਹੀ ਮੁਕੱਦਸ ਮਤੇ ਉਪਰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਜਿਵੇਂ ਤੁਸੀਂ ਕਿਹਾ ਹੈ ਅਤੇ ਬਾਕੀ ਸਾਥੀਆਂ ਨੇ ਵੀ ਕਿਹਾ ਹੈ ਕਿ ਇਹ ਆਪਣੇ ਲਈ ਕਾਫ਼ੀ ਮਾਣ ਦੀ ਗੱਲ ਹੈ ਕਿ ਸਾਡੇ ਸਾਰਿਆਂ ਉੱਤੇ ਗੁਰੂ ਸਾਹਿਬ ਦੀ ਅਪਰੰਪਾਰ ਬਖ਼ਸ਼ਿਸ਼ ਹੈ, ਮੇਹਰ ਹੈ ਕਿ ਆਪਾਂ ਸਾਰਿਆਂ ਨੂੰ ਇਹ ਮੌਕਾ ਮਿਲਿਆ ਅਤੇ ਉਨ੍ਹਾਂ ਦੀ 350 ਸਾਲਾ ਲਾਸਾਨੀ ਸ਼ਹਾਦਤ ਤੇ ਗੁਰੂ ਸਾਹਿਬ ਦੀ ਇਸ ਪਵਿੱਤਰ ਧਰਤੀ ਉਪਰ ਸਿਜਦਾ ਕਰਨ ਦਾ, ਨਮਨ ਕਰਨ ਦਾ ਮੌਕਾ ਮਿਲਿਆ ਹੈ। ਸਪੀਕਰ ਸਾਹਿਬ, ਜੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਗੱਲ ਕਰਨ ਲੱਗੀਏ ਤਾਂ ਮੈਂ ਸਮਝਦਾ ਹਾਂ ਕਿ ਸਮਾਂ ਮੁੱਕ ਸਕਦਾ ਹੈ, ਸ਼ਬਦ ਮੁੱਕ ਸਕਦੇ ਹਨ ਪਰ ਆਪਣੇ ਵਿਚੋਂ ਕੋਈ ਵੀ ਉਨ੍ਹਾਂ ਦੀ ਸ਼ਹਾਦਤ, ਬਲੀਦਾਨ ਅਤੇ ਉਨ੍ਹਾਂ ਦੇ ਫਲਸਫ਼ੇ ਨੂੰ, ਉਨ੍ਹਾਂ ਦੀ ਜ਼ਿੰਦਗੀ ਨੂੰ ਸਮੇਂ ਅਤੇ ਸ਼ਬਦਾਂ ਦੇ ਵਿਚ ਸਮੇਟ ਨਹੀਂ ਸਕਦਾ। ਸਪੀਕਰ ਸਾਹਿਬ, ਜਿਵੇਂ ਮੇਰੇ ਤੋਂ ਪਹਿਲਾਂ ਮੇਰੇ ਸਾਥੀਆਂ ਨੇ ਕਿਹਾ ਹੈ ਕਿ ਪੂਰੀ ਦੁਨੀਆ ਵਿਚ ਬਹੁਤ ਕੁਰਬਾਨੀਆਂ ਹੋਈਆਂ ਹਨ ਪਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਅਜਿਹੀ ਇਕੱਲੀ ਸੀ, ਜਿਹੜੀ ਦੂਸਰੇ ਧਰਮ ਵਾਸਤੇ ਹੋਈ। ਇਹ ਅਜਿਹੀ ਇਕੱਲੀ ਕੁਰਬਾਨੀ ਸੀ, ਜਿੱਥੇ ਧੜ ਅਤੇ ਸਿਰ ਦਾ ਵੱਖਰਾ ਵੱਖਰਾ ਸਸਕਾਰ ਹੋਇਆ। ਗੁਰੂ ਸਾਹਿਬ ਚਾਹੇ ਆਪਣੇ ਸਰੀਰ ਦੇ ਦੋ ਟੋਟੇ ਕਰਵਾ ਗਏ ਪਰ ਹਿੰਦੋਸਤਾਨ ਦੇ ਸਾਰੇ ਧਰਮਾਂ, ਮਜ਼ਹਬਾਂ, ਫਿਰਕਿਆਂ ਨੂੰ ਇਕੱਠਾ ਕਰ ਗਏ। ਸਪੀਕਰ ਸਾਹਿਬ, ਮੇਰੇ ਲਈ ਇਹ ਹੋਰ ਵੀ ਮਾਣ ਦੀ ਗੱਲ ਹੈ ਕਿ ਮੈਂ ਜਿੱਥੇ ਅੱਜ ਇਸ ਪਵਿੱਤਰ ਧਰਤੀ ਤੇ ਗੁਰੂ ਸਾਹਿਬ ਨੂੰ ਸਜਦਾ ਕਰ ਰਿਹਾ ਹਾਂ, ਉੱਥੇ ਮੈਂ ਉਸ ਹਲਕੇ ਸੁਨਾਮ, ਸ਼ਹੀਦ ਊਧਮ ਸਿੰਘ ਵਾਲਾ ਤੋਂ ਆਉਂਦਾ ਹਾਂ, ਜਿਸ ਦਾ ਸਬੰਧ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨਾਲ ਹੈ। ਭਾਈ ਮਤੀ ਦਾਸ ਜੀ, ਉਹ ਸਖਸ਼ੀਅਤ, ਉਹ ਯੋਧੇ, ਜਿਨ੍ਹਾਂ ਨੂੰ ਆਰਿਆਂ ਨਾਲ ਦੋ ਹਿੱਸਿਆਂ ਵਿੱਚ ਚੀਰਿਆ ਗਿਆ ਪਰ ਉਹ ਅਡੋਲ ਰਹੇ। ਭਾਈ ਸਤੀ ਦਾਸ ਜੀ, ਜਿਨ੍ਹਾਂ ਨੂੰ ਰੂੰ ਵਿਚ ਬੰਨ੍ਹ ਕੇ ਅਗਨ ਭੇਟ ਕਰ ਦਿੱਤਾ ਗਿਆ ਪਰ ਉਹ ਅਡੋਲ ਰਹੇ। ਭਾਈ ਦਿਆਲਾ ਜੀ, ਜਿਨ੍ਹਾਂ ਨੂੰ ਦੇਗਿਆਂ ਵਿਚ ਉਬਾਲਿਆ

ਗਿਆ ਪਰ ਉਨ੍ਹਾਂ ਨੇ ਸੀ ਨਹੀਂ ਕੀਤੀ ਔਰ ਨਾਮ ਜਪਦੇ ਰਹੇ। ਮੈਂ ਉਸ ਪਵਿੱਤਰ ਧਰਤੀ ਨੂੰ ਰਿਪ੍ਰੈਜ਼ੈਂਟ ਕਰਦਾ ਹਾਂ ਔਰ ਮੇਰੇ ਲਈ ਇਹ ਮਾਣ ਵਾਲੀ ਗੱਲ ਹੈ। ਸਪੀਕਰ ਸਾਹਿਬ, ਮੈਂ ਅੱਜ ਦੇ ਸਮੇਂ ਕੋਈ ਸਿਆਸੀ ਗੱਲ ਨਹੀਂ ਕਰਨੀ ਕਿਉਂਕਿ ਆਪਾਂ ਸਾਰੇ ਹੀ ਗੁਰੂ ਸਾਹਿਬ ਦੇ ਚਰਨਾਂ ਦੀ ਧੂੜ ਦੇ ਕਿਣਕੇ ਬਰਾਬਰ ਵੀ ਨਹੀਂ ਹਾਂ ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਪਿਛਲੇ ਸਾਢੇ ਤਿੰਨ-ਪੌਣੇ ਚਾਰ ਸਾਲਾਂ ਵਿਚ ਇਸ ਸਰਕਾਰ ਨੇ ਕੋਸ਼ਿਸ਼ ਕੀਤੀ ਹੈ ਕਿ ਗੁਰੂ ਸਾਹਿਬ ਦੇ ਪਦਚਿੰਨ੍ਹਾਂ ਤੇ ਚੱਲ ਸਕੀਏ। ਜਿਸ ਤਹਿਤ ਅੱਜ ਭਾਈ ਜੈਤਾ ਜੀ ਦੇ ਚਰਨਾਂ ਵਿਚ ਬੈਠ ਕੇ ਆਪਾਂ ਸਾਰੇ ਤਿੰਨ ਕਰੋੜ ਪੰਜਾਬੀਆਂ ਨੂੰ ਰਿਪ੍ਰੈਜ਼ੈਂਟ ਕਰਕੇ ਇਤਿਹਾਸ ਸਿਰਜ ਰਹੇ ਹਾਂ। ਜੇਕਰ ਅੱਜ ਆਪਾਂ ਗੱਲ ਕਰੀਏ ਤਾਂ ਡੇਰਾ ਬੱਲਾਂ ਦੇ ਅਧਿਐਨ ਸੈਂਟਰ ਲਈ 25 ਕਰੋੜ ਰੁਪਿਆ ਦੇਣਾ; ਭਗਵਾਨ ਵਾਲਮੀਕ ਪੈਨੋਰੋਮਾ, ਸ੍ਰੀ ਅੰਮ੍ਰਿਤਸਰ ਸਾਹਿਬ ਲਈ 35 ਕਰੋੜ ਦੇਣਾ; ਕਾਲੀ ਮਾਤਾ ਮੰਦਰ ਕੰਪਲੈਕਸ ਲਈ 75 ਕਰੋੜ ਦੇਣਾ ਅਤੇ 25 ਕਰੋੜ ਦੀ ਲਾਗਤ ਦੇ ਨਾਲ ਤੀਰਥ ਯਾਤਰਾ ਸਕੀਮ ਸ਼ੁਰੂ ਕਰਨਾ, ਆਦਿ। ਸਪੀਕਰ ਸਾਹਿਬ, ਮੈਂ ਇਹ ਇਸ ਕਰਕੇ ਗਿਣਾ ਰਿਹਾ ਹਾਂ ਕਿਉਂਕਿ ਗੁਰੂ ਸਾਹਿਬ ਦਾ ਸੁਨੇਹਾ ਸੀ ਕਿ ਹਰ ਵਿਅਕਤੀ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਉਸ ਨੂੰ ਪ੍ਰੀਚ ਕਰਨ ਦੀ ਅਜ਼ਾਦੀ ਹੋਣੀ ਚਾਹੀਦੀ ਹੈ। ਇਹ ਸਾਡੇ ਵੱਲੋਂ ਇਕ ਛੋਟੀ ਜਿਹੀ ਕੋਸ਼ਿਸ਼ ਹੈ ਕਿ ਸਾਰੇ ਧਰਮਾਂ, ਮਜ਼ਹਬਾਂ, ਫਿਰਕਿਆਂ, ਜਾਤਾਂ-ਪਾਤਾਂ ਦੀਆਂ ਲਕੀਰਾਂ ਤੋਂ ਉੱਪਰ ਉੱਠ ਕੇ ਅਸੀਂ ਆਪਣੇ ਧਰਮ ਦੀ ਰੱਖਿਆ ਕਰ ਸਕੀਏ ਤੇ ਉਸ ਨੂੰ ਪ੍ਰੀਚ ਕਰ ਸਕੀਏ। ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਜਿਵੇਂ ਸਾਡੇ ਸਿੱਖਿਆ ਮੰਤਰੀ ਜੀ ਨੇ ਦੱਸਿਆ ਹੈ ਕਿ ਇਨ੍ਹਾਂ ਸਮਾਗਮਾਂ ਦੀਆਂ ਤਿਆਰੀਆਂ ਸਾਲ ਭਰ ਪਹਿਲਾਂ ਹੀ ਸ਼ੁਰੂ ਹੋ ਗਈਆਂ ਸਨ। ਜਦੋਂ ਇਹ ਸਮਾਗਮ ਸ਼ੁਰੂ ਹੋਏ, ਉਸ ਸਮੇਂ ਇਕ ਕੰਟਰੋਵਰਸੀ ਹੋਈ ਤੇ ਕਿਹਾ ਗਿਆ ਕਿ ਇਹੋ ਜਿਹੇ ਧਾਰਮਿਕ ਸਮਾਗਮ ਕਰਵਾਉਣੇ ਸਰਕਾਰਾਂ ਦੇ ਕੰਮ ਨਹੀਂ ਹੁੰਦੇ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿਉਂ ਨਹੀਂ ਹੁੰਦੇ? ਕੀ ਸਰਕਾਰ ਦਾ ਇਹ ਫਰਜ਼ ਨਹੀਂ ਹੁੰਦਾ ਕਿ ਹਰ ਧਰਮ, ਹਰ ਸਮਾਜ ਅਤੇ ਹਰ ਸੋਚ ਦੀ ਰੱਖਿਆ ਕੀਤੀ ਜਾਵੇ। ਸਪੀਕਰ ਸਾਹਿਬ, ਅੱਜ ਸਾਰੀ ਦੁਨੀਆ ਵਿਚ ਧਰਮਾਂ, ਮਜ਼ਹਬਾਂ, ਫਿਰਕਿਆਂ ਦੀਆਂ ਵੰਡੀਆਂ ਪੈ ਰਹੀਆਂ ਹਨ, ਮੰਦਰ-ਮਸਜਿਦ ਦੇ ਨਾਂ ਤੇ ਇਨਸਾਨ ਨੂੰ ਵੰਡਣ ਦੀ ਕੋਸ਼ਿਸ਼ ਹੋ ਰਹੀ ਹੈ। ਦੋ ਸਾਲ ਪਹਿਲਾਂ ਮਨੀਪੁਰ ਦੇ ਵਿਚ 258 ਦੇ ਕਰੀਬ ਲੋਕਾਂ ਦੀਆਂ ਜਾਨਾਂ ਗਈਆਂ ਅਤੇ ਉਹ ਵੀ ਸਿਰਫ਼ ਤੇ ਸਿਰਫ਼ ਦੋ ਫਿਰਕਿਆਂ ਦੇ ਆਪਸੀ ਕਲੈਸ਼ ਵਿਚ। ਦੋ ਸਾਲ ਪਹਿਲਾਂ ਨੂਹ (ਹਰਿਆਣਾ) ਦੇ ਵਿਚ ਫਿਰਕੂ ਦੰਗਿਆਂ ਵਿਚ 6 ਲੋਕਾਂ ਦੀਆਂ ਜਾਨਾਂ ਗਈਆਂ। ਅੱਜ ਇਹ ਸੈਸ਼ਨ ਅਤੇ ਇਹ ਸਾਰੇ ਧਾਰਮਿਕ ਸਮਾਗਮ ਇਸ ਕਰਕੇ ਜ਼ਰੂਰੀ ਬਣਦੇ ਸੀ ਕਿ ਤਿੰਨ ਕਰੋੜ ਲੋਕ 150 ਕਰੋੜ ਲੋਕਾਂ ਨੂੰ ਇਹ ਸੁਨੇਹਾ ਦੇ ਸਕਣ ਕਿ ਅੱਜ ਵੀ ਗੁਰੂ ਸਾਹਿਬ ਦੀ ਇਸ ਪਵਿੱਤਰ ਧਰਤੀ ਦੇ ਤਿੰਨ ਕਰੋੜ ਲੋਕ ਉਹ ਹਨ, ਜਿਹੜੇ ਆਪਣੇ ਪਰਮ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੁਨੇਹਾ ਪੂਰੇ ਮੁਲਕ ਵਿੱਚ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੂਰੇ ਮੁਲਕ ਨੂੰ ਇਸ ਸੈਸ਼ਨ ਦਾ ਅਸਲੀ ਸੱਦਾ ਤੇ ਸੁਨੇਹਾ ਇੱਕੋ ਹੀ ਹੈ ਕਿ ਜਿੱਥੇ ਦੇਸ਼ ਦੇ ਵਿੱਚ ਕਿਤੇ ਹਿੰਦੂ ਰਾਸ਼ਟਰ ਦੀ ਗੱਲ ਆਉਂਦੀ ਹੈ ਅਤੇ ਕਿਤੇ ਖਾਲਿਸਤਾਨ ਦੀ ਗੱਲ ਆਉਂਦੀ ਹੈ, ਉੱਥੇ ਅੱਜ ਤਿੰਨ ਕਰੋੜ ਪੰਜਾਬੀਆਂ ਦਾ ਇਹ ਕਹਿਣਾ ਹੈ ਕਿ ਨਾ ਹਿੰਦੂ ਰਾਸ਼ਟਰ, ਨਾ ਖਾਲਿਸਤਾਨ, ਜੁਗ ਜੁਗ ਜੀਵੇ ਮੇਰਾ ਹਿੰਦੁਸਤਾਨ। ਉਹ ਹਿੰਦੁਸਤਾਨ, ਜਿਸ ਨੂੰ ਇੱਕਠਾ ਰੱਖਣ ਦੇ ਲਈ, ਬੰਨ੍ਹ ਕੇ ਰੱਖਣ ਦੇ ਲਈ ਗੁਰੂ ਤੇਗ ਬਹਾਦੁਰ ਸਾਹਿਬ ਨੇ ਆਪਣੀ ਲਾਸਾਨੀ ਸ਼ਹਾਦਤ ਦਿੱਤੀ ਹੈ। ਇਸ ਕਰਕੇ ਇਹ ਸੈਸ਼ਨ, ਇਹ ਸਮਾਗਮ ਜ਼ਰੂਰੀ ਸੀ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਅਰੋੜਾ ਜੀ, ਬਹੁਤ ਧੰਨਵਾਦ। ਤੁਸੀਂ ਜਦੋਂ ਮਨੀਪੁਰ ਦੀ ਗੱਲ ਕੀਤੀ ਤਾਂ ਮੇਰੀ ਧੀ ਦੀ ਇੱਕ ਵੀਡਿਉ ਯਾਦ ਆ ਗਈ। ਇਸ ਤਰ੍ਹਾਂ ਦੀ ਧੱਕੇਸ਼ਾਹੀ ਦੇ ਖਿਲਾਫ ਆਵਾਜ਼ ਪੰਜਾਬ ਦੀ ਹੀ ਹੁੰਦੀ ਹੈ। ਤੁਹਾਡਾ ਧੰਨਵਾਦ। ਸ੍ਰੀ ਅਸ਼ਵਨੀ ਸ਼ਰਮਾ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਅਸੀਂ ਇਸ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ 350ਵਾਂ ਸਾਲ ਮਨਾ ਰਹੇ ਹਾਂ। ਇਸ ਦੇ ਨਾਲ ਹੀ ਅਸੀਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਜੈਤਾ ਜੀ ਨੂੰ ਯਾਦ ਕਰ ਰਹੇ ਹਾਂ। ਅਸੀਂ ਇੱਕ ਵਾਰ ਇਤਿਹਾਸ ਦੇ ਮੋੜ ਤੇ ਜਾ ਕੇ ਅੱਖਾਂ ਬੰਦ ਕਰਕੇ ਸੋਚੀਏ, ਇਹ ਸ਼ਹਾਦਤ ਕਿਉਂ ਹੋਈ? ਪਹਿਲਾਂ ਜਨੇਊ ਤੇ ਤਿਲਕ ਕੇਵਲ ਪੰਡਤਾਂ ਦਾ ਤਿਲਕ ਨਹੀਂ ਸੀ, ਉਹ ਸਨਾਤਨ ਦੀ ਪਹਿਚਾਨ ਸੀ। ਉਸ ਸਮੇਂ ਜਦੋਂ ਸਨਾਤਨ ਦੀ ਪਹਿਚਾਨ ਤੇ ਧੱਕਾ ਲੱਗਿਆ ਤਾਂ ਨੌਵੇਂ ਪਾਤਸ਼ਾਹ ਕੋਲ ਸਾਰੇ ਚੱਲ ਕੇ ਗਏ ਤੇ ਫਿਰ ਨੌਵੇਂ ਪਾਤਸ਼ਾਹ ਨੇ ਕਿਹਾ ਕਿ ਜਾਉ ਉਨ੍ਹਾਂ ਨੂੰ ਜਾ ਕੇ ਕਹਿ ਦਿਉ ਕਿ ਜੇਕਰ ਸਾਡੇ ਗੁਰੂ ਧਰਮ ਪਰਿਵਰਤਨ ਕਰ ਲੈਂਦੇ ਹਨ ਤਾਂ ਫਿਰ ਅਸੀਂ ਵੀ ਕਰ ਲਵਾਂਗੇ। ਇਸ ਕਰਕੇ ਉਹ ਪੂਰੇ ਹਿੰਦ ਦੀ ਚਾਦਰ ਬਣੇ। ਮੈਂ ਇਨ੍ਹਾਂ ਸਾਰੀਆਂ ਘਟਨਾਵਾਂ ਦੇ ਵਿੱਚ ਨਹੀਂ ਪੈਂਦਾ ਕਿਉਂਕਿ ਉਨ੍ਹਾਂ ਦਾ ਜ਼ਿਕਰ ਇੱਥੇ ਹੋਇਆ ਹੈ। ਮੈਂ ਕੇਵਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਗੁਰੂ ਮਹਾਰਾਜ ਜੀ ਦਾ ਔਰੰਗਜ਼ੇਬ ਦੇ ਨਾਲ ਸੰਵਾਦ ਹੁੰਦਾ ਹੈ ਕਿ ਚਮਤਕਾਰ ਦਿਖਾਇਆ ਜਾਵੇ ਪਰ ਗੁਰੂ ਮਹਾਰਾਜ ਚਮਤਕਾਰਾਂ ਤੇ ਅਡੰਬਰਾਂ ਦੇ ਖਿਲਾਫ ਸਨ। ਉਹ ਜ਼ੁਲਮ ਤੇ ਜ਼ਬਰ ਦੇ ਵੀ ਖਿਲਾਫ ਸਨ। ਗੁਰੂ ਸਾਹਿਬ ਧਾਰਮਿਕ ਆਜ਼ਾਦੀ ਦੇ ਪੱਖ ਵਿੱਚ ਸਨ। ਧਰਮ ਕੀ ਹੈ? ਧਰਮ ਇਹ ਹੈ ਕਿ ਆਪਣੇ ਜੀਵਨ ਦਾ ਵਿਕਾਸ ਕਰਨਾ ਤੇ ਆਪਣੀ ਯਾਤਰਾ ਨੂੰ ਅੱਗੇ ਵਧਾਉਣਾ। ਇਹ ਸਿਰਫ ਗੁਰੂ ਸਾਹਿਬ ਹੀ ਕਰ ਸਕਦੇ ਸਨ। ਧਰਮ ਦਾ ਪਾਲਣ ਵੀ ਉਹੀ ਕਰ ਸਕਦਾ ਹੈ, ਜਿਸ ਦੇ ਕੋਲ ਸ਼ਕਤੀ ਹੋਵੇ। ਜਿਹੜਾ ਆਧਿਆਤਮਿਕ ਰੂਪ ਵਿੱਚ ਉੱਚਾ ਹੋਵੇ। ਜਦੋਂ ਗੁਰੂ ਸਾਹਿਬ ਨੂੰ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਉ ਤਾਂ ਉਨ੍ਹਾਂ ਨੇ ਕਿਹਾ ਕਿ ਮੈਨੂੰ ਮੇਰਾ ਨਿੱਜ ਧਰਮ ਬਹੁਤ ਪਿਆਰਾ ਹੈ। ਫਿਰ ਉਨ੍ਹਾਂ ਨੂੰ ਕਿਹਾ ਗਿਆ ਕਿ ਕੁਰਬਾਨੀ ਦਿਉ ਤਾਂ ਉਨ੍ਹਾਂ ਨੇ ਆਪਣੀ ਕੁਰਬਾਨੀ ਦੇ ਦਿੱਤੀ। ਇਹ ਬਲੀਦਾਨ ਅਤੇ ਪਰੰਪਰਾ ਫਿਰ ਵੀ ਰੁਕੀ ਨਹੀਂ। ਇਹ ਅੱਗੇ ਵਧੀ। ਗੁਰੂ ਪੁੱਤਰਾਂ ਨੂੰ ਜੇਕਰ ਯਾਦ ਕਰੀਏ ਤਾਂ ਉਨ੍ਹਾਂ ਦਾ ਜਿਹੜਾ ਬਲੀਦਾਨ ਹੈ, ਅਜਿਹਾ ਸਾਰੀ ਦੁਨੀਆ ਦੇ ਅੰਦਰ ਅਤੇ ਕਿਸੇ ਵੀ ਇਤਿਹਾਸ ਦੇ ਅੰਦਰ ਇਸ ਪ੍ਰਕਾਰ ਦਾ ਕਿਤੇ ਨਹੀਂ ਮਿਲਦਾ ਕਿ ਪਿਤਾ ਨੂੰ ਵਾਰ ਦਿੱਤਾ ਜਾਵੇ, ਪੁੱਤਰਾਂ ਨੂੰ ਵਾਰ ਦਿੱਤਾ ਜਾਵੇ। ਉਨ੍ਹਾਂ ਨੇ ਇਹ ਸਭ ਆਪਣੇ ਲਈ ਨਹੀਂ ਕੀਤਾ ਬਲਕਿ ਦੂਸਰਿਆਂ ਲਈ ਕੀਤਾ। ਜ਼ਬਰ ਦੇ ਖਿਲਾਫ ਕੀਤਾ ਹੈ। ਮੈਂ ਕਈ ਵਾਰ ਸਾਕਾ ਪੜ੍ਹਦਾ ਹਾਂ "ਪਿਤਾ ਵਾਰਿਆ ਤੇ ਲਾਲ ਸਾਰੇ ਵਾਰੇ, ਹਿੰਦ ਤੇਰੀ ਸ਼ਾਨ ਬਦਲੇ"।

ਮੈਨੂੰ ਇਹ ਲਗਦਾ ਹੈ ਕਿ ਗੁਰੂਆਂ ਦੀ ਸ਼ਹਾਦਤ ਸਿਰਫ਼ ਪੰਜਾਬ ਨਹੀਂ, ਵਿਸ਼ਵ ਵਿਆਪੀ ਸ਼ਹਾਦਤ ਹੈ। ਹਿੰਦੁਸਤਾਨ ਵਿੱਚ, ਹਰ ਸਮਾਜ ਵਿੱਚ, ਇਨਸਾਨ ਚਾਹੇ ਜਿਸ ਵੀ ਜਾਤੀ ਦਾ ਹੋਵੇ, ਜਿਸ ਵੀ ਬਰਾਦਰੀ ਦਾ ਹੋਵੇ, ਇਸ ਸ਼ਹਾਦਤ ਨੂੰ ਛੋਟਾ ਵੀ ਨਹੀਂ ਕਰਨਾ ਚਾਹੀਦਾ। ਮੈਂ ਅੱਜ ਦੇਖ ਰਿਹਾ ਸੀ ਕਿ ਬਾਜਵਾ ਸਾਹਿਬ ਕੋਈ ਐਸੀ ਟਿੱਪਣੀ ਨਾ ਕਰ ਦੇਣ ਕਿਉਂਕਿ ਰਾਜਨੀਤੀ ਕਰਨ ਲਈ ਬੜੀਆਂ ਜਗ੍ਹਾਵਾਂ ਹੁੰਦੀਆਂ ਹਨ ਲੇਕਿਨ ਪਤਾ ਨਹੀਂ ਉਹ ਆਦਤ ਤੋਂ ਮਜਬੂਰ ਹਨ, ਉਹ ਟਿੱਪਣੀ ਕਰ ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਕੱਲਾ "ਪਿਤਾ ਵਾਰਿਆ ਤੇ ਲਾਲ ਚਾਰੇ ਵਾਰੇ" ਨਹੀਂ ਬੋਲਦੇ ਸਗੋਂ ਸਾਡੀ ਪਰਵਰਿਸ਼ ਉਨ੍ਹਾਂ ਵਿੱਚ ਹੋਈ ਹੈ, ਜਿਹੜੇ ਕਹਿੰਦੇ ਹਨ, ਗੁਰੂ ਸਾਹਿਬ ਦਾ ਵਿਸ਼ਵ ਵਿਆਪੀ ਦ੍ਰਿਸ਼ਟੀਕੋਣ ਦੇਖੋ, "ਜਨਮ ਗੁਰਾਂ ਦਾ ਪਟਨਾ ਸਾਹਿਬ ਦਾ, ਅਨੰਦਪੁਰ ਡੇਰੇ ਲਾਏ" ਨੌਵੇਂ ਪਾਤਸ਼ਾਹ ਦੇ

ਪੁੱਤਰ ਗੁਰੂ ਗੋਬਿੰਦ ਸਿੰਘ ਜੀ, ਪਟਨਾ ਸਾਹਿਬ ਵਿੱਚ ਪੈਦਾ ਹੁੰਦੇ ਹਨ, ਸ੍ਰੀ ਅਨੰਦਪੁਰ ਸਾਹਿਬ ਉਨ੍ਹਾਂ ਦੀ ਕਰਮਸਥਲੀ ਬਣਦੀ ਹੈ ਅਤੇ ਉਨ੍ਹਾਂ ਨੇ ਸਰੀਰ ਦਾ ਤਿਆਗ ਨਾਂਦੇੜ ਸਾਹਿਬ ਕੀਤਾ ਹੈ। ਨਾਂਦੇੜ ਸਾਹਿਬ ਕਿੱਥੇ ਹੈ, ਮਹਾਂਰਾਸ਼ਟਰਾ ਵਿੱਚ ਹੈ। ਉਨ੍ਹਾਂ ਨੇ ਦੇਸ਼ ਨੂੰ ਜੋੜਿਆ ਹੈ। ਕਿੱਥੇ ਬਿਹਾਰ, ਕਿੱਥੇ ਪੰਜਾਬ ਅਤੇ ਕਿੱਥੇ ਮਹਾਰਾਸ਼ਟਰਾ, ਅੱਜ ਵੀ ਧਾਰਮਿਕ ਰੂਪ ਵਿੱਚ ਆਦਮੀ ਦੀ ਸਵਤੰਤਰਤਾ ਹੈ। ਕੋਈ ਪ੍ਰਲੋਭਨ ਤਾਂ ਨਹੀਂ ਦੇ ਰਿਹਾ, ਕੋਈ ਜਬਰ ਤਾਂ ਨਹੀਂ ਕਰ ਰਿਹਾ? ਤੁਸੀਂ ਬਿਲਕੁਲ ਠੀਕ ਕਿਹਾ ਹੈ ਕਿ ਜਿਹੜੀਆਂ ਕੌਮਾਂ ਆਪਣੀ ਸੰਸਕ੍ਰਿਤੀ ਨੂੰ, ਆਪਣੇ ਵਿਰਸੇ ਨੂੰ ਸੰਜੋਅ ਕੇ ਨਹੀਂ ਰੱਖਦੀਆਂ, ਉਹ ਇਤਿਹਾਸ ਬਣ ਜਾਂਦੀਆਂ ਹਨ। ਕਿਸੇ ਨੇ ਕਿਹਾ ਹੈ -

यूनान-ओ-मिस्र-ओ-रूमा, सब मिट गए जहाँ से।
कुछ बात है कि हस्ती मिटती नहीं हमारी ।

ਉਹ ਕੁਝ ਬਾਤ ਇਹੀ ਹੈ ਕਿ ਅਸੀਂ ਆਪਣੇ ਵਿਰਸੇ ਨੂੰ ਨਹੀਂ ਭੁੱਲਿਆ ਹੈ। ਚਾਹੇ ਗੁਰੂ ਪੁੱਤਰਾਂ ਦਾ ਬਲੀਦਾਨ ਹੋਵੇ, ਅੱਜ ਇਹ ਵਿਸ਼ਵ ਵਿਆਪੀ ਹੋ ਗਿਆ ਹੈ। ਗੁਰੂ ਪੁੱਤਰਾਂ ਦੇ ਬਲੀਦਾਨ ਨੂੰ ਕੇਵਲ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਯਾਦ ਕੀਤਾ ਜਾਂਦਾ ਹੈ। ਅੱਜ ਪੂਰੀ ਦੁਨੀਆ ਵਿੱਚ ਉਨ੍ਹਾਂ ਦੀ ਸ਼ਹਾਦਤ ਨੂੰ ਨਮਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਨਾ ਸ਼ਬਦਾਂ ਨਾਲ ਵਿਅਕਤ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸ਼ਬਦਾਂ ਵਿੱਚ ਬੰਨ੍ਹਿਆ ਜਾ ਸਕਦਾ ਹੈ। ਜੁਗਾਂ ਜੁਗਾਂ ਤੱਕ, ਜਦੋਂ ਤੱਕ ਇਹ ਸ੍ਰਿਸ਼ਟੀ ਹੈ, ਇਹ ਬਲੀਦਾਨ ਹਮੇਸ਼ਾ ਪ੍ਰੇਰਨਾ ਦਾ ਕਾਰਨ ਰਹੇਗਾ। ਮੈਂ ਇੱਕ ਹੀ ਲਾਈਨ ਕਹਾਂਗਾ ਕਿ ਅਗਰ ਸਹੀ ਸੰਦਰਭ ਵਿੱਚ, ਸਹੀ ਮਾਅਨਿਆਂ ਵਿੱਚ ਦੇਖੀਏ ਕਿ ਇਹ ਬਲੀਦਾਨ ਕਿਉਂ ਹੋਇਆ, ਇਹ ਅਗਲੀਆਂ ਪੀੜ੍ਹੀਆਂ ਤੱਕ ਪੁੱਜ ਜਾਏ ਤਾਂ ਮੈਨੂੰ ਲਗਦਾ ਹੈ ਕਿ ਪੰਜਾਬ ਦੇ ਏਕੇ ਨੂੰ, ਪੰਜਾਬ ਦੇ ਭਾਈਚਾਰੇ ਨੂੰ ਕੋਈ ਵੀ ਲਾਂਬੂ ਨਹੀਂ ਲਗਾ ਸਕਦਾ। ਗੁਰੂ ਪੁੱਤਰਾਂ ਦੇ ਬਲੀਦਾਨ ਦੀ ਗੱਲ ਅਸੀਂ ਮਿਲ ਕੇ ਘਰ-ਘਰ ਤੱਕ ਪਹੁੰਚਾਈਏ। ਤੁਸੀਂ ਬਿਲਕੁਲ ਠੀਕ ਕਿਹਾ ਕਿ ਇਤਿਹਾਸ ਪੜ੍ਹਾ ਰਹੇ ਹੋ, ਸਹੀ ਸੰਦਰਭ ਵਿੱਚ ਪੰਜਾਬ ਦੇ ਹਰ ਬੱਚੇ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਬੱਚਾ ਕੋਈ ਹੋਰ ਸਬਜੈਕਟ ਪੜ੍ਹੇ ਨਾ ਪੜ੍ਹੇ, ਕੋਈ ਹੋਰ ਧਾਰਮਿਕ ਗਰੰਥ ਪੜ੍ਹੇ ਨਾ ਪੜ੍ਹੇ ਕੇਵਲ ਗੁਰੂ ਪੁੱਤਰਾਂ ਦਾ ਬਲੀਦਾਨ ਵੀ ਜੇਕਰ ਪੜ੍ਹ ਲਵੇ ਤਾਂ ਮੇਰੇ ਪੰਜਾਬ ਦੀ ਏਕਤਾ ਮਜ਼ਬੂਤ ਹੋ ਜਾਵੇਗੀ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ, ਤੁਹਾਡਾ ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਮਿਹਰਬਾਨੀ।

**ਮਾਣਯੋਗ ਸਪੀਕਰ** : ਧੰਨਵਾਦ, ਬਹੁਤ ਮਿਹਰਬਾਨੀ, ਬਹੁਤ ਮਿਹਰਬਾਨੀ। ਸਰਦਾਰ ਮਨਜੀਤ ਸਿੰਘ ਬਿਲਾਸਪੁਰ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤੁਹਾਡਾ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਨੇ ਮੈਨੂੰ ਅੱਜ ਦੇ ਇਸ ਇਤਿਹਾਸਕ ਦਿਨ ਤੇ ਬਹੁਤ ਹੀ ਪਾਵਨ ਪਵਿੱਤਰ ਸਥਾਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਦੇਸ਼ ਵਿਦੇਸ਼ ਵਿੱਚ ਬੈਠੀਆਂ ਸਮੂਹ ਸੰਗਤਾਂ ਨੂੰ ਫਤਹਿ ਅਰਜ਼ ਕਰਦਾ ਹਾਂ -

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਮਾਣਯੋਗ ਸਪੀਕਰ** : ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਇਸ ਦੇ ਨਾਲ ਹੀ ਮੈ ਸਾਡੇ ਬਹੁਤ ਹੀ ਸਤਿਕਾਰਯੋਗ, ਪੰਜਾਬੀਆਂ ਦੇ ਹਰਮਨ ਪਿਆਰੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਜੀ ਮਾਨ ਦਾ ਕੋਟਿਨ ਕੋਟਿ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਸਮਾਗਮ ਮਨਾਉਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਪੱਧਰ ਤੇ ਬਹੁਤ ਭਾਰੀ ਉਤਸ਼ਾਹ ਨਾਲ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਮੈਂ ਗੱਲ ਕਰਨਾ ਚਾਹੁੰਦਾ ਹਾਂ ਕਿ ਸੈਸ਼ਨ ਹਮੇਸ਼ਾ ਹੀ ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਵਿੱਚ ਲਗਦਾ ਸੀ ਪਰੰਤੂ ਸਾਡੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਪਹਿਲੀ ਵਾਰ ਇਸ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਉਣ ਦਾ ਸ਼ਲਾਘਾਯੋਗ ਫੈਸਲਾ ਕੀਤਾ। ਅੱਜ ਆਪਾਂ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਸ਼ਹੀਦੀ ਸਮਾਗਮ ਮਨਾ ਰਹੇ ਹਾਂ। ਇਹ ਉਹ ਗੁਰੂ ਹੋਏ ਹਨ ਜਿਨ੍ਹਾਂ ਦੇ ਦਾਦੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਵੀ ਸ਼ਹਾਦਤ ਦਿੱਤੀ ਤੇ ਜਿਨ੍ਹਾਂ ਦੇ ਪੋਤੇ ਨੇ ਵੀ ਸ਼ਹਾਦਤ ਦਿੱਤੀ। ਸਾਡੇ ਗੁਰੂ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਗੱਲ ਕਰੀਏ ਤਾਂ ਉਨ੍ਹਾਂ ਦਾ ਜਨਮ 01 ਅਪ੍ਰੈਲ, 1621 ਨੂੰ ਅੰਮ੍ਰਿਤਸਰ ਵਿਖੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਹੋਇਆ ਸੀ। ਬਚਪਨ ਵਿੱਚ ਨੌਵੇਂ ਪਾਤਸ਼ਾਹ ਬੜੇ ਮਿੱਠ ਬੋਲੜੇ, ਨਿਮਰ ਅਤੇ ਦਿਆਲੂ ਸੁਭਾਅ ਦੇ ਮਾਲਕ ਸਨ, ਉਹ ਤਿਆਗੀ ਸਨ ਤੇ ਉਨ੍ਹਾਂ ਦਾ ਨਾਂ ਵੀ ਤਿਆਗ ਮੱਲ ਸੀ। ਉਨ੍ਹਾਂ ਦੀ ਉਮਰ ਕੇਵਲ 14 ਸਾਲ ਦੀ ਸੀ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਸਾਲ 1635 ਵਿੱਚ ਕਰਤਾਰਪੁਰ ਵਿਖੇ ਬੜੀ ਜ਼ਬਰਦਸਤ ਜੰਗ ਹੋਈ ਤੇ ਉਸ ਜੰਗ ਵਿੱਚ ਸਿਰਫ 14 ਸਾਲ ਦੇ ਬਾਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਐਸੇ ਤੇਗ ਦੇ ਜ਼ੌਹਰ ਦਿਖਾਏ ਕਿ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਹਾ ਕਿ ਤੂੰ ਤਿਆਗ ਮੱਲ ਨਹੀਂ ਬਲਕਿ ਤੇਗ ਬਹਾਦਰ ਹੈ ਤੇ ਉਨ੍ਹਾਂ ਦਾ ਨਾਂ ਤੇਗ ਬਹਾਦਰ ਪੈ ਗਿਆ। ਸਪੀਕਰ ਸਾਹਿਬ, 17ਵੀਂ ਸਦੀ ਦੇ ਅੱਧ ਤੋਂ ਬਾਅਦ ਹਿੰਦੁਸਤਾਨ ਵਿੱਚ ਮੁਗਲ ਬਾਦਸ਼ਾਹ ਔਰੰਗਜ਼ੇਬ ਦਾ ਸ਼ਾਸਨ ਸੀ। ਔਰੰਗਜ਼ੇਬ ਚਾਹੁੰਦਾ ਸੀ ਕਿ ਮੇਰੀ ਸਲਤਨਤ ਵਿੱਚ ਕਿਸੇ ਹੋਰ ਧਰਮ ਦਾ ਵਿਅਕਤੀ ਨਾ ਹੋਵੇ ਸਿਰਫ਼ ਮੇਰੇ ਧਰਮ ਦੇ ਹੀ ਲੋਕ ਹੋਣ, ਮੇਰੀ ਸਲਤਨਤ ਵਿੱਚ ਕੇਵਲ ਤੇ ਕੇਵਲ ਮੁਸਲਮਾਨ ਵਿਅਕਤੀ ਹੀ ਦਿਖਾਈ ਦੇਣ। ਇਸ ਲਈ ਉਸ ਨੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ ਅਤੇ ਆਪਣੀਆਂ ਫੌਜਾਂ ਰਾਹੀਂ ਜ਼ਬਰੀ ਧਰਮ ਤਬਦੀਲ ਕਰਵਾਉਣਾ ਸ਼ੁਰੂ ਕਰ ਦਿੱਤਾ ਤੇ ਉਸ ਸਮੇਂ ਲੋਕਾਂ ਵਿੱਚ ਹਾਹਾਕਾਰ ਮਚੀ ਹੋਈ ਸੀ, ਲੋਕ ਬੜੇ ਦੁਖੀ ਸੀ ਤੇ ਬੜਾ ਭੈਅ ਦਾ ਮਾਹੌਲ ਸੀ ਤਾਂ ਕਸ਼ਮੀਰੀ ਪੰਡਿਤ ਆਪਣੇ ਆਗੂ ਕਿਰਪਾ ਰਾਮ ਦੀ ਅਗਵਾਈ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆ ਕੇ ਅਰਦਾਸ ਕੀਤੀ, ਮੰਗ ਕੀਤੀ ਕਿ ਸਾਡੀ ਮਦਦ ਕੀਤੀ ਜਾਵੇ। ਉਨ੍ਹਾਂ ਨੇ ਗੁਹਾਰ ਲਗਾਈ ਕਿ ਸਾਡੇ ਧਰਮ ਨੂੰ ਬਚਾਇਆ ਜਾਵੇ ਤਾਂ ਉਸ ਸਮੇਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬੜੀਆਂ ਡੂੰਘੀਆਂ ਸੋਚਾਂ ਵਿੱਚ ਚਲੇ ਗਏ। ਉਹ ਮਨ ਹੀ ਮਨ ਵਿੱਚ ਵਿਚਾਰ ਕਰਨ ਲੱਗ ਗਏ ਕਿ ਇਸ ਅੱਤਿਆਚਾਰ ਦਾ ਕਿਵੇਂ ਖਾਤਮਾ ਹੋਵੇ। ਅਜੇ ਗੁਰੂ ਸਾਹਿਬ ਵਿਚਾਰ ਹੀ ਕਰ ਰਹੇ ਸਨ ਕਿ ਉਨ੍ਹਾਂ ਦੇ ਬਾਲਕ ਸ੍ਰੀ ਗੋਬਿੰਦ ਰਾਏ ਜੀ ਖੇਡਦੇ ਖੇਡਦੇ ਜਦੋਂ ਗੁਰੂ ਸਾਹਿਬ ਕੋਲ ਆਏ ਤਾਂ ਉਨ੍ਹਾਂ ਨੇ ਕਿਹਾ ਕਿ ਪਿਤਾ ਗੁਰੂ ਤੁਹਾਡੇ ਤੋਂ ਵੱਡੀ ਮਹਾਨ ਸ਼ਖਸੀਅਤ ਕੌਣ ਹੋ ਸਕਦੀ ਹੈ, ਜਿਨ੍ਹਾਂ ਦੇ ਬਲੀਦਾਨ ਨਾਲ ਕਿਸੇ ਦੇ ਧਰਮ ਨੂੰ ਬਚਾਇਆ ਜਾ ਸਕਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਅੰਦਰੋਂ-ਅੰਦਰੀਂ ਬੜੇ ਪ੍ਰਸੰਨ ਹੋਏ ਕਿਉਂਕਿ ਉਨ੍ਹਾਂ ਦੇ ਬਾਲਕ ਨੇ ਕਿੰਨੀ ਵੱਡੀ ਗੱਲ ਆਖ ਦਿੱਤੀ ਸੀ ਤੇ ਉਸ ਸਮੇਂ ਉਨ੍ਹਾਂ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਜਾਓ ਤੇ ਜਾ ਕੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਓ ਤਾਂ ਸਾਰੀ ਲੁਕਾਈ ਮੁਸਲਮਾਨ ਹੋ ਜਾਵੇਗੀ। ਜਦੋਂ ਔਰੰਗਜ਼ੇਬ ਕੋਲ ਇਹ ਸੁਨੇਹਾ ਗਿਆ ਤਾਂ ਔਰੰਗਜ਼ੇਬ ਬੜਾ ਪ੍ਰਸੰਨ ਹੋਇਆ ਤੇ ਉਸ ਨੂੰ ਲੱਗਿਆ ਕਿ ਇੱਕ ਸ਼ਖਸੀਅਤ ਨੂੰ ਮੁਸਲਮਾਨ ਬਣਾਉਣ ਨਾਲ ਸਾਰੀ ਲੁਕਾਈ ਮੁਸਲਮਾਨ ਬਣ ਸਕਦੀ ਹੈ ਤਾਂ ਇਸ ਤੋਂ ਵੱਡੀ ਤੇ ਵਧੀਆ

ਗੱਲ ਕੀ ਹੋ ਸਕਦੀ ਹੈ। ਉਨ੍ਹਾਂ ਨੇ ਸੁਨੇਹੇ ਭੇਜੇ ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਡੋਲ ਰਹੇ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਨ੍ਹਾਂ ਦੇ ਸੁਨੇਹਿਆਂ ਨੇ ਕੋਈ ਅਸਰ ਨਹੀਂ ਕੀਤਾ। ਮੈਂ ਗੱਲ ਨੂੰ ਲੰਮੀ ਨਾ ਕਰਦਾ ਹੋਇਆ ਛੋਟੀ ਕਰਦਾ ਹਾਂ ਕਿ ਫਿਰ ਅਖੀਰ ਕੀ ਹੋਇਆ ਕਿ 25 ਮਈ, 1675 ਨੂੰ ਕਸ਼ਮੀਰੀ ਪੰਡਿਤਾਂ ਨਾਲ ਜਿਹੜਾ ਵਾਅਦਾ ਕੀਤਾ ਸੀ, ਉਸ ਨੂੰ ਨਿਭਾਉਣ ਲਈ ਗੁਰੂ ਸਾਹਿਬ ਦਿੱਲੀ ਨੂੰ ਰਵਾਨਾ ਹੋਏ। ਉਸ ਸਮੇਂ ਔਰੰਗਜ਼ੇਬ ਦੀਆਂ ਫੌਜਾਂ ਨੇ ਗੁਰੂ ਸਾਹਿਬ ਨੂੰ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ-ਸੇਵਾਦਾਰਾਂ ਨੂੰ ਕੈਦ ਕਰ ਲਿਆ ਔਰ ਗੁਰੂ ਸਾਹਿਬ ਨੂੰ ਕਿਹਾ ਗਿਆ ਕਿ ਤੁਸੀਂ ਧਰਮ ਤਬਦੀਲ ਕਰੋ ਪਰ ਗੁਰੂ ਸਾਹਿਬ ਉਨ੍ਹਾਂ ਦੀ ਕਿਸੇ ਗੱਲ ਵਿੱਚ ਨਹੀਂ ਆਏ। ਔਰੰਗਜ਼ੇਬ ਗੁਰੂ ਸਾਹਿਬ ਦੇ ਹੌਂਸਲੇ ਨੂੰ ਵੇਖ ਕੇ ਅੰਦਰੋਂ-ਅੰਦਰ ਦੁਖੀ ਹੋ ਗਿਆ।

*2.25 ਵਜੇ ਬਾਅਦ ਦੁਪਹਿਰ) (*ਇਸ ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਲੋਹੇ ਦੇ ਪਿੰਜਰੇ ਵਿੱਚ ਕੈਦ ਕਰ ਲਿਆ ਅਤੇ ਗੁਰੂ ਸਾਹਿਬ ਨੂੰ ਕਿਹਾ ਕਿ ਤੁਸੀਂ ਧਰਮ ਤਬਦੀਲ ਕਰੋ ਪਰ ਗੁਰੂ ਸਾਹਿਬ ਨਾ ਮੰਨੇ। ਉਸ ਤੋਂ ਬਾਅਦ ਗੁਰੂ ਸਾਹਿਬ ਦੀਆਂ ਅੱਖਾਂ ਸਾਹਮਣੇ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜ ਦਿੱਤਾ ਗਿਆ, ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ। ਗੁਰੂ ਸਾਹਿਬ ਅਡੋਲ ਰਹੇ ਅਤੇ ਗੁਰਬਾਣੀ ਦਾ ਜਾਪ ਕਰਦੇ ਰਹੇ।

ਦਿੱਲੀਏ ਦਿਆਲਾ ਵੇਖ ਦੇਗ਼ 'ਚ ਉਬਲਦਾ ਨੀ,
ਅਜੇ ਤੇਰਾ ਦਿਲ ਨਾ ਠਰੇ।
ਮਤੀ ਦਾਸ ਤਾਈਂ ਚੀਰ ਆਰੇ ਵਾਂਗ ਜੀਭ ਤੇਰੀ,
ਅਜੇ ਤਾਈਂ ਮਨ ਮੱਤੀਆਂ ਕਰੇ।

ਸਰ, ਉਸ ਤੋਂ ਬਾਅਦ 11 ਨਵੰਬਰ, 1675 ਨੂੰ ਜਦੋਂ ਗੁਰੂ ਸਾਹਿਬ ਦਾ ਪਵਿੱਤਰ ਸੀਸ ਧੜ ਨਾਲੋਂ ਵੱਖ ਕੀਤਾ ਗਿਆ ਤਾਂ ਉਸ ਸਮੇਂ ਬੜੇ ਹੋਰ ਤਰ੍ਹਾਂ ਦੇ ਹਾਲਾਤ ਲੋਕਾਂ ਵਿੱਚ ਬਣੇ ਹੋਏ ਸੀ, ਇੱਕ ਭੈਅ ਬਣਿਆ ਹੋਇਆ ਸੀ। ਮੁਗਲ ਹਕੂਮਤ ਤੋਂ ਲੋਕ ਡਰੇ ਹੋਏ ਸੀ ਅਤੇ ਉਸ ਸਮੇਂ ਦਿੱਲੀ ਵਿੱਚ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਪੁੱਤਰਾਂ ਦੀ ਮਦਦ ਨਾਲ ਗੁਰੂ ਸਾਹਿਬ ਦਾ ਪਵਿੱਤਰ ਧੜ ਗੱਡੇ ਵਿੱਚ ਸੁਸ਼ੋਭਿਤ ਕਰਕੇ ਚੰਦਨ ਦੀ ਲੱਕੜ ਨਾਲ ਆਪਣੇ ਘਰ ਨੂੰ ਹੀ ਅੱਗ ਲਗਾ ਦਿੱਤੀ ਅਤੇ ਇਸ ਪ੍ਰਕਾਰ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਕੀਤਾ ਗਿਆ। ਉਸ ਤੋਂ ਬਾਅਦ ਬੜੇ ਖੌਫਨਾਕ ਅਤੇ ਡਰ ਦੇ ਮਾਹੌਲ ਵਿੱਚ ਭਾਈ ਜੈਤਾ ਜੀ ਗੁਰੂ ਸਾਹਿਬ ਦੇ ਸੀਸ ਨੂੰ ਉੱਥੋਂ ਚੁੱਕ ਕੇ ਲੈ ਗਏ। ਉਨ੍ਹਾਂ ਟਾਈਮਾਂ ਵਿੱਚ ਮੀਲਾਂ ਵਿੱਚ ਵਾਟਾਂ ਨੂੰ ਮਿਣਿਆ ਜਾਂਦਾ ਸੀ। ਭਾਈ ਜੈਤਾ ਜੀ ਲਗਭਗ 300 ਮੀਲ ਵਾਟ ਤੈਅ ਕਰਕੇ ਜੰਗਲਾਂ, ਪੱਥਰਾਂ ਅਤੇ ਹੋਰ ਜਾਨਵਰਾਂ ਦਾ ਮੁਕਾਬਲਾ ਕਰਦੇ ਹੋਏ, ਉਸ ਪਵਿੱਤਰ ਸੀਸ ਨੂੰ ਕੀਰਤਪੁਰ ਸਾਹਿਬ ਲਿਆਏ ਅਤੇ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਜੈਤਾ ਜੀ ਨੂੰ ਆਪਣੀ ਛਾਤੀ ਨਾਲ ਲਗਾਇਆ ਤੇ ਕਿਹਾ ਰੰਘਰੇਟੇ ਗੁਰੂ ਕੇ ਬੇਟੇ। ਸੋ, ਇਹ ਇੱਕੋ ਇੱਕ ਖਿਤਾਬ ਭਾਈ ਜੈਤਾ ਜੀ ਨੂੰ ਨਸੀਬ ਹੋਇਆ ਹੈ। ਇਸ ਗੱਲ ਨਾਲ ਮਜ਼੍ਹਬੀ ਸਿੱਖ ਸਮਾਜ ਨੂੰ ਹਮੇਸ਼ਾ ਬਹੁਤ ਮਾਣ ਰਹੇਗਾ। ਉਸ ਤੋਂ ਬਾਅਦ ਗੁਰੂ ਸਾਹਿਬ ਦਾ ਪਵਿੱਤਰ ਸੀਸ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕਰਕੇ ਪੂਰਾ ਪਰਿਵਾਰ ਅਨੰਦਪੁਰ ਸਾਹਿਬ ਦੇ ਅਸਥਾਨ ਤੇ ਆਇਆ ਅਤੇ ਇੱਥੇ ਪਵਿੱਤਰ ਸੀਸ ਦਾ ਸਸਕਾਰ ਕੀਤਾ ਗਿਆ। ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਮਹਾਰਾਜ ਅਤੇ ਭਾਈ ਜੈਤਾ ਜੀ ਦੀਆਂ ਆਪਸ ਵਿੱਚ ਵਿਚਾਰਾਂ ਹੋਈਆਂ

ਤਾਂ ਗੁਰੂ ਸਾਹਿਬ ਨੇ ਪੁੱਛਿਆ ਕਿ ਭਾਈ ਜੈਤਾ ਜੀ, ਜਦੋਂ ਇਹ ਸਾਰਾ ਘਟਨਾਕ੍ਰਮ ਹੋਇਆ ਤਾਂ ਉਸ ਸਮੇਂ ਕਿਸ ਤਰ੍ਹਾਂ ਦਾ ਮਾਹੌਲ ਸੀ? ਭਾਈ ਜੈਤਾ ਜੀ ਨੇ ਦੱਸਿਆ ਕਿ ਸਭ ਦੀਆਂ ਅੱਖਾਂ ਨੀਵੀਆਂ ਸਨ, ਅੱਖਾਂ ਵਿੱਚ ਅੱਥਰੂ ਵਗ ਰਹੇ ਸਨ ਅਤੇ ਲੋਕ ਬੜੇ ਦੁਖ ਵਿੱਚ ਸਨ। ਫਿਰ ਗੁਰੂ ਸਾਹਿਬ ਨੇ ਪੁੱਛਿਆ ਕਿ ਉੱਥੇ ਆਪਣੀਆਂ ਨਾਨਕ ਨਾਮਲੇਵਾ ਸੰਗਤਾਂ ਕਿੰਨੀਆਂ ਸਨ? ਭਾਈ ਜੈਤਾ ਜੀ ਨੇ ਕਿਹਾ ਕਿ ਗੁਰੂ ਜੀ ਪਹਿਚਾਣ ਨਹੀਂ ਆਉਂਦੀ ਸੀ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਹਾ ਕਿ ਮੈਂ ਐਸਾ ਸਿੱਖ ਸਾਜਾਂਗਾ ਜਿਹੜਾ ਹਜ਼ਾਰਾਂ ਵਿੱਚ ਵੀ ਪਹਿਚਾਣਿਆ ਜਾਵੇਗਾ। ਸੋ, ਪੂਰੇ 24 ਸਾਲ ਬਾਅਦ 13 ਅਪ੍ਰੈਲ, 1699 ਵਿੱਚ ਇਸੇ ਪਵਿੱਤਰ ਧਰਤੀ ਤੇ ਖਾਲਸਾ ਦੀ ਸਿਰਜਣਾ ਹੋਈ।

**ਮਾਣਯੋਗ ਡਿਪਟੀ ਸਪੀਕਰ:** ਕਨਕਲੂਡ ਕਰ ਲਵੋ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਅੱਜ ਪੂਰੀ ਦੁਨੀਆ ਵਿੱਚ ਜਿਹੜੀਆਂ ਦਸਤਾਰਾਂ ਅਤੇ ਦਾੜ੍ਹੀਆਂ ਪ੍ਰਕਾਸ਼ਮਾਨ ਹਨ, ਇਹ ਇਸ ਘਟਨਾਕ੍ਰਮ ਦਾ ਹੀ ਸਿੱਟਾ ਹੈ, ਇਹ ਇਸ ਬਲੀਦਾਨ ਦਾ ਹੀ ਸਿੱਟਾ ਹਨ। ਜਦੋਂ ਅਸੀਂ ਰਾਜਨੀਤਿਕ ਤੌਰ ਤੇ ਵਿਚਰਦੇ ਹਾਂ ਤਾਂ ਸਾਡੀ ਕੋਸ਼ਿਸ਼ ਹੁੰਦੀ ਹੈ ਕਿ ਜੋ ਗੁਰੂ ਸਾਹਿਬਾਨਾਂ ਨੇ ਪੂਰਨੇ ਪਾਏ ਹਨ, ਉਨ੍ਹਾਂ ਤੇ ਚੱਲਣ ਦੀ ਤਿਲ-ਫੁਲ ਕੋਸ਼ਿਸ਼ ਕਰੀਏ। ਸੋ, ਮੈਂ ਅੰਤ ਵਿੱਚ ਗੁਰੂ ਸਾਹਿਬ ਦਾ ਸਲੋਕ ਸਾਂਝਾ ਕਰਨਾ ਚਾਹਾਂਗਾ-

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ।।

∗2.29 ਵਜੇ ਬਾਅਦ ਦੁਪਹਿਰ) (∗ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਤੁਹਾਡਾ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਸਾਡੇ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਕੋਟਾਨਿ-ਕੋਟ ਧੰਨਵਾਦ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸ੍ਰੀਮਤੀ ਇੰਦਰਜੀਤ ਕੌਰ ਮਾਨ।

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ):** ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਧੰਨਵਾਦ ਸਪੀਕਰ ਸਾਹਿਬ, ਤੁਸੀਂ ਅੱਜ ਦੇ ਇਸ ਪਵਿੱਤਰ ਸਦਨ ਵਿੱਚ ਪਵਿੱਤਰ ਦਿਹਾੜੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਅਸੀਂ ਬਹੁਤ ਵਡਭਾਗੇ ਹਾਂ ਕਿ ਗੁਰੂ ਸਾਹਿਬ ਜੀ ਦਾ 350 ਸਾਲਾ ਪੁਰਬ ਸਾਡੇ ਕਾਰਜਕਾਲ ਦੌਰਾਨ ਆਇਆ ਹੈ। ਗੁਰੂ ਸਾਹਿਬ ਨੇ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਬਖਸ਼ਿਸ਼ ਕੀਤੀ ਹੈ, ਉਨ੍ਹਾਂ ਨੂੰ ਹਿੰਮਤ, ਹੌਸਲਾ ਅਤੇ ਦ੍ਰਿੜ੍ਹਤਾ ਦਾ ਬਲ ਬਖਸ਼ਿਆ ਅਤੇ ਇਸ ਪੁਰਬ ਨੂੰ ਮਨਾਉਣ ਦਾ ਬੀੜਾ ਉਨ੍ਹਾਂ ਨੇ ਚੁੱਕਿਆ ਹੈ। ਪਿਛਲੇ ਦੋ ਮਹੀਨਿਆਂ ਤੋਂ ਲਗਾਤਾਰ ਗੁਰੂ ਸਾਹਿਬ ਦੇ ਇਸ ਪੁਰਬ ਦੀ ਤਿਆਰੀ ਚੱਲ ਰਹੀ ਹੈ। ਪੂਰੇ ਦੇਸ਼ ਵਿੱਚ ਸੁੱਖ- ਸੁਨੇਹੇ ਲਗਾਏ ਗਏ ਹਨ ਅਤੇ ਸੰਗਤਾਂ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਜਿਸ ਤਹਿਤ ਸੰਗਤਾਂ ਨੂੰ ਵਿਸ਼ੇਸ਼ ਤੌਰ ਤੇ ਬੱਸਾਂ ਰਾਹੀਂ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਵਾਏ ਗਏ। ਇਹ ਇੱਕ ਸੰਕੇਤ ਹੀ ਹੈ ਕਿ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਦਾ ਬਲ, ਪੰਜਾਬ ਦੇ ਨਾਲ ਹੁੰਦੇ ਵਿਤਕਰਿਆਂ ਨਾਲ ਨਜਿੱਠਣ ਦਾ ਬਲ ਧੰਨ ਧੰਨ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਮਾਨ ਸਰਕਾਰ ਨੂੰ ਦਿੱਤਾ ਅਤੇ ਬੇਸ਼ੱਕ ਮਸਲਾ ਪੰਜਾਬ ਦੇ ਪਾਣੀਆਂ ਦਾ ਹੋਵੇ, ਬੇਸ਼ੱਕ ਮਸਲਾ ਪੰਜਾਬ ਦੇ ਐਜੂਕੇਸ਼ਨ ਅਦਾਰਿਆਂ ਦਾ ਹੋਵੇ, ਬੇਸ਼ੱਕ ਮਸਲਾ ਪੰਜਾਬ ਦੀ ਰਾਜਧਾਨੀ ਦਾ ਹੋਵੇ ਜਾਂ

ਮਸਲਾ ਪੰਜਾਬ ਦੀ ਕਿਸਾਨੀ ਦਾ ਹੋਵੇ, ਮਾਨ ਸਰਕਾਰ ਨੇ ਪੰਜਾਬ ਦੇ ਖਿਲਾਫ ਬਣਦੀਆਂ ਯੋਜਨਾਵਾਂ ਦਾ ਡੱਟ ਕੇ ਮੁਕਾਬਲਾ ਕੀਤਾ ਹੈ। ਇਹ ਗੁਰੂ ਸਾਹਿਬ ਦੀ ਕਿਰਪਾ ਹੈ ਕਿ ਮਾਨ ਸਰਕਾਰ ਨੂੰ ਇਹ ਬਲ ਮਿਲਿਆ। ਜਿਹੜੀ ਬਰਾਬਰਤਾ ਅਤੇ ਸਾਂਝੀਵਾਲਤਾ ਦੀ ਪਿਰਤ ਮਾਨ ਸਰਕਾਰ ਨੇ ਪਾਈ ਹੈ, ਉਸ ਤਹਿਤ ਮਾਨ ਸਰਕਾਰ ਨੇ ਅੱਜ ਤੱਕ ਜਿਹੜੀਆਂ ਸਹੂਲਤਾਂ ਉਲੀਕੀਆਂ ਹਨ, ਉਹ ਬਿਨਾਂ ਕਿਸੇ ਵਿਤਕਰੇ ਅਤੇ ਬਿਨਾਂ ਕਿਸੇ ਧਰਮ-ਜਾਤ ਤੋਂ ਉਲੀਕੀਆਂ ਹਨ। ਸਾਂਝੀਵਾਲਤਾ ਦਾ ਸੁਨੇਹਾ ਦੇਣ ਦੇ ਨਾਲ ਨਾਲ ਹਰ ਇੱਕ ਵਰਗ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਦਾ ਬੀੜਾ ਵੀ ਮਾਨ ਸਰਕਾਰ ਨੇ ਚੁੱਕਿਆ ਹੈ। ਇਹ ਵੀ ਗੁਰੂ ਸਾਹਿਬ ਦੀ ਕਿਰਪਾ ਦੇ ਨਾਲ ਹੈ ਕਿ ਜੋ ਮਨ ਵਿੱਚ ਭਾਵਨਾਵਾਂ ਹੁੰਦੀਆਂ ਹਨ, ਉਨ੍ਹਾਂ ਕਰਕੇ ਅਸੀਂ ਲੋਕਾਂ ਦੇ ਵਿੱਚ ਵਿਚਰਦੇ ਹਾਂ। ਆਓ ਅਸੀਂ ਗੁਰੂ ਸਾਹਿਬ ਦੇ ਸਬਕਾਂ ਭਰਪੂਰ ਜੀਵਨ ਅਤੇ ਫਲਸਫੇ ਤੇ ਕੁਝ ਯਾਦਾਂ ਸਾਂਝੀਆਂ ਕਰੀਏ। ਸਾਡੇ ਲਈ ਗੁਰੂ ਸਾਹਿਬ ਦੀ ਪਹਿਲੀ ਹਦਾਇਤ ਇਹ ਸੀ ਕਿ ਨਾ ਕਿਸੇ ਨੂੰ ਡਰਾਉਣਾ ਅਤੇ ਨਾ ਕਿਸੇ ਤੋਂ ਡਰਨਾ। ਸਾਡੇ ਲਈ ਇਹ ਗੱਲ ਹੋਰ ਵੀ ਮਹੱਤਵ ਰੱਖਦੀ ਹੈ ਕਿਉਂਕਿ ਸਾਨੂੰ ਬਹੁਤ ਸਾਰੀਆਂ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਚੁਣੌਤੀਆਂ ਹਰ ਦਿਨ ਸਾਡੇ ਦਰਵਾਜ਼ੇ ਤੇ ਆ ਖੜ੍ਹੀਆਂ ਹੁੰਦੀਆਂ ਹਨ। ਗੁਰੂ ਸਾਹਿਬ ਨੇ ਆਪਣਾ ਸਾਰਾ ਜੀਵਨ ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦਿਆਂ ਅਤੇ ਉਸ ਨੂੰ ਸਹਿੰਦਿਆਂ ਬਤੀਤ ਕੀਤਾ। ਛੋਟੀ ਉਮਰ ਵਿੱਚ ਗੁਰੂ ਸਾਹਿਬ ਜੀ ਤਲਵਾਰ ਦੇ ਧਨੀ ਹੋ ਗਏ ਸਨ। ਜਿਹੜੀ ਕਰਤਾਰਪੁਰ ਸਾਹਿਬ ਦੀ ਪਹਿਲੀ ਜੰਗ ਲੜੀ ਗਈ ਸੀ, ਉਸ ਵਿੱਚ ਗੁਰੂ ਸਾਹਿਬ ਦੀ ਤਲਵਾਰ ਦੇ ਜੌਹਰ ਦੇਖਦਿਆਂ ਹੋਇਆਂ ਉਨ੍ਹਾਂ ਦੇ ਗੁਰੂ ਪਿਤਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਕਿਹਾ ਸੀ ਕਿ ਤੁਸੀਂ ਤਿਆਗ ਮੱਲ ਨਹੀਂ, ਤੁਸੀਂ ਤੇਗ ਬਹਾਦਰ ਹੋ। ਗੁਰੂ ਸਾਹਿਬ ਦਾ ਮੁੱਢਲਾ ਨਾਮ ਤਿਆਗ ਮੱਲ ਸੀ। ਜਦੋਂ ਗੁਰੂ ਸਾਹਿਬ ਜੀ ਹਾਲੇ ਬਚਪਨ ਵਿੱਚ ਹੀ ਸੀ, ਹਾਲੇ 13-14 ਸਾਲ ਦੇ ਹੀ ਸਨ, ਉਨ੍ਹਾਂ ਨੇ ਰੂਹਾਨੀਅਤ ਦਾ ਰਾਹ ਅਪਣਾਇਆ। ਬਾਬਾ ਬਕਾਲੇ ਦੇ ਭੋਰੇ ਵਿੱਚ 26 ਸਾਲ 11 ਮਹੀਨੇ 13 ਦਿਨ ਦੀ ਭਗਤੀ ਦੁਨੀਆ ਤੋਂ ਅਲੱਗ ਰਹਿ ਕੇ, ਆਪਣੇ ਪਰਿਵਾਰ ਅਤੇ ਸਕੇ ਸਬੰਧੀਆਂ ਤੋਂ ਅਲੱਗ ਰਹਿ ਕੇ ਕੀਤੀ ਅਤੇ ਇੱਕ ਵਿਲੱਖਣਤਾ ਦਾ ਨਮੂਨਾ ਪੇਸ਼ ਕੀਤਾ। ਉਸ ਤੋਂ ਬਾਅਦ ਜਦੋਂ ਗੁਰੂ ਸਾਹਿਬ ਪ੍ਰਗਟ ਹੋਏ ਤਾਂ ਉਨ੍ਹਾਂ ਨੇ ਸ਼ਕਤੀ ਅਤੇ ਧਰਮ ਨੂੰ ਨਾਲੋਂ-ਨਾਲ ਚਲਾਇਆ। ਗੁਰੂ ਸਾਹਿਬ ਨੇ ਆਪਣੇ ਪੈਰੋਕਾਰਾਂ, ਜਿਹੜੇ ਆਮ ਪੇਂਡੂ ਲੋਕ ਸਨ, ਨੂੰ ਸ਼ਸ਼ਤਰਧਾਰੀ ਬਣਾਇਆ ਅਤੇ ਇੱਕ ਜੰਗਜੂ ਫੌਜ ਤਿਆਰ ਕੀਤੀ। ਉਸ ਫੌਜ ਦੇ ਤਿਆਰ ਹੁੰਦਿਆਂ ਹੁੰਦਿਆਂ ਜਦੋਂ ਤੱਕ ਮੁਗਲਾਂ ਤੱਕ ਇਹ ਸੁਨੇਹੇ ਪਹੁੰਚਦੇ ਸਨ ਕਿ ਗੁਰੂ ਸਾਹਿਬ ਦੀ ਵਧਦੀ ਹੋਈ ਤਾਕਤ ਨੂੰ ਕਿਵੇਂ ਰੋਕਣਾ ਹੈ, ਉਸ ਦੇ ਚੱਲਦੇ ਔਰੰਗਜ਼ੇਬ ਨੂੰ ਰੋਜ਼ ਕੋਈ ਨਾ ਕੋਈ ਸੋਝਾਂ ਸੁੱਝਦੀਆਂ ਸਨ ਕਿ ਕਿਵੇਂ ਗੁਰੂ ਸਾਹਿਬ ਤੇ ਕੋਈ ਨਾ ਕੋਈ ਇਲਜ਼ਾਮ ਲਗਾਇਆ ਜਾਵੇ ਤਾਂ ਕਿ ਗੁਰੂ ਸਾਹਿਬ ਨੂੰ ਕਿਸੇ ਤਰੀਕੇ ਨਾਲ ਆਪਣੇ ਘੇਰੇ ਵਿੱਚ ਲਿਆ ਜਾ ਸਕੇ।

**ਮਾਣਯੋਗ ਸਪੀਕਰ:** ਵਾਈਂਡ ਅੱਪ ਕਰ ਦਿਓ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ** : ਉਹ ਜਿਹੜਾ ਫਿਰਕੂ ਜਨੂੰਨ ਔਰੰਗਜੇਬ ਨੂੰ ਚੜ੍ਹਿਆ ਸੀ, ਉਸ ਦੇ ਚੱਲਦਿਆਂ ਗੁਰੂ ਸਾਹਿਬ ਨੇ ਫੈਸਲਾ ਕਰ ਲਿਆ ਕਿ ਹਿੰਦੂ ਧਰਮ ਦੀ ਖਾਤਰ, ਹਿੰਦੂ ਧਰਮ ਨੂੰ ਬਰਕਰਾਰ ਰੱਖਣ ਖਾਤਰ ਆਪਣੀ ਕੁਰਬਾਨੀ ਦੇਣਗੇ। ਗੁਰੂ ਸਾਹਿਬ ਨੇ ਦਿੱਲੀ ਨੂੰ ਚਾਲੇ ਪਾਏ। ਜਿਸ ਦੌਰਾਨ ਉਨ੍ਹਾਂ ਨੂੰ ਆਗਰੇ ਤੋਂ ਗ੍ਰਿਫਤਾਰ ਕੀਤਾ ਗਿਆ ਅਤੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਦੁਨੀਆ ਦੇ ਸਾਹਮਣੇ ਸ਼ਹੀਦ ਕਰਨ ਦਾ ਐਲਾਨ ਹੋਇਆ। ਇਸ ਤੋਂ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਕੀਤਾ ਗਿਆ, ਉਪਰੰਤ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਗਿਆ। ਭਾਈ ਜੈਤਾ ਜੀ ਉਨ੍ਹਾਂ ਦੇ ਪਵਿੱਤਰ ਸੀਸ ਨੂੰ ਸੰਭਾਲ ਕੇ ਸ੍ਰੀ

ਅਨੰਦਪੁਰ ਸਾਹਿਬ ਪਹੁੰਚੇ। ਭਾਈ ਲੱਖੀ ਸ਼ਾਹ ਲੁਬਾਣਾ ਜੀ ਨੇ ਗੁਰੂ ਸਾਹਿਬ ਦੇ ਧੜ ਦਾ ਆਪਣੇ ਘਰ ਦੇ ਵਿੱਚ ਸਸਕਾਰ ਕੀਤਾ, ਸੀਸ ਦਾ ਸਸਕਾਰ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਵਿੱਚ ਹੋਇਆ। ਇਹ ਲਾਸਾਨੀ ਅਤੇ ਦੁਨੀਆ ਦੀ ਵਿਲੱਖਣ ਸ਼ਹੀਦੀ ਹੈ। ਇਸ ਸ਼ਹੀਦੀ ਨੇ ਇਸ ਧਰਮ ਦਾ, ਸਿੱਖ ਧਰਮ ਦਾ, ਸਮਝ ਲਵੋ ਕਿ ਇਸ ਦੁਨੀਆ ਵਿੱਚ ਗੁਰੂ ਸਾਹਿਬ ਦੇ ਖ਼ੂਨ ਨੇ ਬੀਜ ਬੀਜਿਆ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਾਲ ਪੋਸ ਕੇ ਇਸ ਪਵਿੱਤਰ ਧਰਮ ਨੂੰ, ਖਾਲਸੇ ਨੂੰ ਦੁਨੀਆ ਦੇ ਹਵਾਲੇ ਕੀਤਾ। ਉਨ੍ਹਾਂ ਦੁਆਰਾ ਪੂਰੀ ਦੁਨੀਆ ਨੂੰ ਦਿੱਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼, ਵਿਤਕਰੇ ਰਹਿਤ ਰਾਜ ਦੇ ਸੰਦੇਸ਼ ਤਹਿਤ ਅਸੀਂ ਇਸ ਪਵਿੱਤਰ ਸਦਨ ਵਿੱਚ ਆਏ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

-------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਕਾਰਵਾਈ ਦੇਖਣ ਲਈ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ; ਸ੍ਰੀਮਾਨ ਅਰਵਿੰਦ ਕੇਜਰੀਵਾਲ, ਸਾਬਕਾ ਮੁੱਖ ਮੰਤਰੀ ਦਿੱਲੀ; ਸ੍ਰੀਮਤੀ ਸੁਨੀਤਾ ਕੇਜਰੀਵਾਲ ਅਤੇ ਸ੍ਰੀ ਮਨੀਸ਼ ਸਿਸੋਦੀਆ, ਸਾਬਕਾ ਉਪ ਮੁੱਖ ਮੰਤਰੀ ਦਿੱਲੀ, ਇਹ ਸ਼ਖਸੀਅਤਾਂ ਗਵਰਨਰ ਬਾਕਸ ਵਿੱਚ ਮੌਜੂਦ ਹਨ। ਆਓ, ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਨਿੱਘਾ ਸਵਾਗਤ ਕਰੀਏ। (ਥੰਪਿੰਗ) ਡਾਕਟਰ ਇੰਦਰਬੀਰ ਸਿੰਘ ਨਿੱਜਰ।

----------

## OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI *(Resumption)*

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ)** : ਮਿਹਰਬਾਨੀ ਸਪੀਕਰ ਸਾਹਿਬ, ਅੱਜ ਦਾ ਸਮਾਗਮ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਤੇ ਪਵਿੱਤਰ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਹੈ। ਅਸੀਂ ਭਲੀ-ਭਾਂਤੀ ਜਾਣਦੇ ਹਾਂ ਕਿ ਜਦੋਂ ਪੰਡਿਤ ਕਿਰਪਾ ਰਾਮ ਜੀ ਦੇ ਨਾਲ ਹੋਰ ਕਸ਼ਮੀਰੀ ਪੰਡਿਤ ਇਕੱਠੇ ਹੋ ਕੇ ਗੁਰੂ ਜੀ ਕੋਲ ਆਏ ਅਤੇ ਆਪਣਾ ਦੁੱਖ ਦੱਸਿਆ ਤਾਂ ਗੁਰੂ ਜੀ ਨੇ ਕਿਹਾ ਕਿ ਕਿਸੇ ਮਹਾਨ ਸ਼ਖ਼ਸੀਅਤ ਦੀ ਕੁਰਬਾਨੀ ਦੀ ਲੋੜ ਹੈ। ਗੋਬਿੰਦ ਰਾਇ ਜੀ, ਜੋ ਉਸ ਸਮੇਂ ਨਜ਼ਦੀਕ ਖੇਡ ਰਹੇ ਸੀ, ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਆਪ ਨਾਲੋਂ ਵੱਡੀ ਸ਼ਖ਼ਸੀਅਤ ਹੋਰ ਕਿਹੜੀ ਹੋ ਸਕਦੀ ਹੈ? ਸੋ, ਆਪਾਂ ਇਹ ਸਭ ਜਾਣਦੇ ਹਾਂ ਕਿ ਕਿਸ ਤਰ੍ਹਾਂ ਭਾਈ

ਮਤੀ ਦਾਸ ਜੀ ਦੀ, ਭਾਈ ਸਤੀ ਦਾਸ ਜੀ ਦੀ, ਭਾਈ ਦਿਆਲਾ ਜੀ ਦੀ ਸ਼ਹਾਦਤ ਹੁੰਦੀ ਹੈ। ਜ਼ਾਲਮ ਔਰੰਗਜ਼ੇਬ ਇੱਕੋ ਗੱਲ ਕਹਿੰਦਾ ਹੈ ਕਿ ਤੁਸੀਂ ਚਮਤਕਾਰ ਦਿਖਾਓ ਜਾਂ ਤੁਸੀਂ ਧਰਮ ਪਰਿਵਰਤਨ ਕਰੋ। ਸਾਨੂੰ ਪਤਾ ਹੈ ਕਿ ਸਿੱਖੀ ਵਿੱਚ ਚਮਤਕਾਰਾਂ ਦਾ ਕੋਈ ਰੋਲ ਨਹੀਂ ਹੈ, ਅਸੀਂ ਚਮਤਕਾਰਾਂ ਨੂੰ ਨਹੀਂ ਮੰਨਦੇ। ਸੋ, ਉਨ੍ਹਾਂ ਕੋਲ ਸ਼ਹਾਦਤ ਹੀ ਇੱਕ ਆਪਸ਼ਨ ਸੀ। ਜਿਹੜੀਆਂ ਅੱਜ ਦੇ ਦਿਨ ਤਿੰਨ ਸ਼ਹਾਦਤਾਂ ਹੋਈਆਂ, ਜਦੋਂ ਗੁਰੂ ਜੀ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਸਮਾਪਤ ਕੀਤਾ ਔਰ ਜਦੋਂ ਉਨ੍ਹਾਂ ਨੇ ਅਖੀਰ ਵਿੱਚ ਕਿਹਾ ਕਿ-

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥

ਫਿਰ ਜੱਲਾਦ ਦੀ ਕਿਰਪਾਨ ਡਿੱਗੀ, ਗੁਰੂ ਸਾਹਿਬ ਦਾ ਸਿਰ ਧੜ ਨਾਲੋਂ ਅਲੱਗ ਹੋ ਗਿਆ। ਕੋਈ ਚਮਤਕਾਰ ਹੋਇਆ? ਹਾਂ ਜੀ, ਚਮਤਕਾਰ ਉਸ ਤੋਂ ਬਾਅਦ ਸ਼ੁਰੂ ਹੋਏ। ਜਦੋਂ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਕੂਚ ਕੀਤਾ ਔਰ ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਕੀਤਾ। ਉਹ ਦਿਨ ਉਹ ਸੀ, ਜਦੋਂ ਲੋਕ ਹਕੂਮਤ ਤੋਂ ਡਰਦੇ ਸੀ, ਲੋਕਾਂ ਦੀਆਂ ਲੱਤਾਂ ਕੰਬਦੀਆਂ ਸੀ। ਇਹੋ ਜਿਹੇ ਹਾਲਾਤਾਂ ਵਿੱਚ ਅਜਿਹਾ ਕਰਨਾ, ਚਮਤਕਾਰ ਤੋਂ ਘੱਟ ਨਹੀਂ ਸੀ। ਚਮਤਕਾਰ ਫਿਰ ਹੋਏ, ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਲਾਡਲੀ ਫੌਜ ਸਜਾਈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਔਰ ਜਦੋਂ ਖਾਲਸੇ ਨੇ ਪਹਿਲੀ ਵਾਰ ਬੰਦਾ ਸਿੰਘ ਬਹਾਦਰ ਦੇ ਤਹਿਤ ਖਾਲਸਾ ਰਾਜ ਕਾਇਮ ਕੀਤਾ, ਲੋਕਾਂ ਦੀਆਂ ਜ਼ਮੀਨਾਂ ਲੋਕਾਂ ਨੂੰ ਦਿੱਤੀਆਂ। ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਫਿਰ ਸਿੱਖ ਬਹੁਤ ਕਮਜ਼ੋਰ ਪੈ ਗਏ ਲੇਕਿਨ ਸੰਨ 1746 ਵਿੱਚ ਛੋਟਾ ਘੱਲੂਘਾਰਾ ਹੋਇਆ, ਜਿਸ ਵਿੱਚ 7000 ਤੋਂ ਲੈ ਕੇ 10,000 ਸਿੱਖ ਸ਼ਹੀਦ ਹੋਏ ਸਨ। ਬਹੁਤ ਸਾਰੇ ਬੱਚੇ, ਬੀਬੀਆਂ, ਬਜ਼ੁਰਗ ਅਤੇ ਸਾਡੇ ਨੌਜਵਾਨ ਰੋਜ਼ ਸ਼ਹੀਦ ਕੀਤੇ ਜਾਂਦੇ ਸਨ। ਇੱਕੋ ਗੱਲ ਕਹਿੰਦੇ ਸੀ ਕਿ ਧਰਮ ਪਰਿਵਰਤਨ ਕਰੋ ਨਹੀਂ ਤਾਂ ਸ਼ਹੀਦ ਹੋ ਜਾਵੋ। ਖੁਸ਼ੀ ਦੀ ਗੱਲ ਹੈ ਕਿ ਇੱਕ ਨੇ ਵੀ ਧਰਮ ਪਰਿਵਰਤਨ ਨਹੀਂ ਕੀਤਾ। ਇਸ ਤਰ੍ਹਾਂ ਹੀ ਗੱਲ ਚਲਦੀ ਗਈ, ਸਿੱਖ ਖਿੰਡਰ ਗਏ ਲੇਕਿਨ ਫਿਰ ਵੀ ਵਿੱਚ ਵਿੱਚ ਆ ਗਏ, ਹਾਲਾਂਕਿ ਮੁਗਲ ਸਰਕਾਰ ਦੁਆਰਾ ਉਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਜਾਂਦੇ ਸੀ, ਪੈਸੇ ਮਿਥੇ ਹੁੰਦੇ ਸੀ ਕਿ ਸਿੱਖ ਦਾ ਇੱਕ ਸਿਰ ਲਿਆਉਗੇ ਤਾਂ ਤੁਹਾਨੂੰ 4 ਆਨੇ, 8 ਆਨੇ, ਰੁਪਇਆ ਮਿਲੇਗਾ ਲੇਕਿਨ ਸਿੱਖ ਅਜਿਹੇ ਹਾਲਾਤਾਂ ਵਿੱਚ ਵੀ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਸੀ ਅਤੇ ਇਸ਼ਨਾਨ ਕਰਕੇ ਆ ਜਾਂਦੇ ਸੀ। ਉਸ ਤੋਂ ਬਾਅਦ ਪਹਿਲਾਂ ਨਾਲੋਂ ਵੱਡੇ ਪੱਧਰ 'ਤੇ ਘੱਲੂਘਾਰਾ ਹੋਇਆ, ਜਿਸ ਨੂੰ ਵੱਡਾ ਘੱਲੂਘਾਰਾ ਕਹਿੰਦੇ ਹਨ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਇੱਕ ਦਿਨ ਵਿੱਚ, ਜਦੋਂ ਲੜਾਈ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਅੱਗੇ ਤੱਕ ਪਹੁੰਚਦੀ ਹੈ, ਮੁੜ ਕੇ ਬਰਨਾਲੇ ਪਹੁੰਚਦੇ ਹਨ, ਇੱਕ ਦਿਨ ਵਿੱਚ 20 ਹਜ਼ਾਰ ਤੋਂ ਵੱਧ, ਕਈ 30 ਹਜ਼ਾਰ ਵੀ ਕਹਿੰਦੇ ਹਨ, ਸਾਡੇ ਸਿੱਖ ਬੱਚੇ, ਬੀਬੀਆਂ, ਨੌਜਵਾਨ ਸ਼ਹੀਦ ਕੀਤੇ ਗਏ ਲੇਕਿਨ ਜਿਹੜਾ ਜਜ਼ਬਾ ਗੁਰੂ ਜੀ ਨੇ ਸਿੱਖਾਂ ਵਿੱਚ ਭਰਿਆ ਸੀ, ਉਹ ਬਹੁਤ ਅਟੱਲ ਸੀ। ਇਹ ਮੁੜ ਕੇ ਫਿਰ ਇਕੱਠੇ ਹੋਏ ਅਤੇ ਕਹਿੰਦੇ ਕਿ ਕੱਚੇ ਪਿੱਲੇ ਝੜ੍ਹ ਗਏ ਹਨ, ਹੁਣ ਪਰਮਾਤਮਾ ਸਾਨੂੰ ਫਿਰ ਤਾਕਤ ਬਖ਼ਸ਼ੇ। ਇਹ ਕੋਈ ਫਰਵਰੀ, 1762 ਦੀ ਗੱਲ ਹੈ ਔਰ ਇੰਨੀ ਜ਼ਿਆਦਾ ਗਿਣਤੀ ਵਿੱਚ ਸ਼ਹੀਦ ਹੋਣ ਦੇ ਬਾਵਜੂਦ ਸਿੱਖ ਮਈ-ਜੂਨ ਵਿੱਚ ਸਰਹਿੰਦ ਤੋਂ ਫਿਰ ਟੱਕਰ ਲੈਂਦੇ ਹਨ। ਉਸ ਤੋਂ ਵੱਡੀ ਗੱਲ ਕਿ ਇਹ ਬੈਠ ਕੇ ਰੋਂਦੇ ਨਹੀਂ ਸਗੋਂ ਅਕਤੂਬਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਜਾ ਕੇ ਦੀਵਾਲੀ ਮਨਾਉਂਦੇ ਹਨ। ਜਦੋਂ ਦਸੰਬਰ ਵਿੱਚ ਅਹਿਮਦ ਸ਼ਾਹ ਅਬਦਾਲੀ ਵਾਪਸ ਅਫਗਾਨਿਸਤਾਨ ਜਾਂਦਾ ਹੈ ਤਾਂ ਸਿੰਘ ਉਸ ਦੇ ਸੈਨਿਕਾਂ ਨੂੰ ਬੰਦੀ

ਬਣਾ ਕੇ ਲੈ ਕੇ ਆਉਂਦੇ ਹਨ ਅਤੇ ਹਰਿਮੰਦਰ ਸਾਹਿਬ ਦਾ ਸਰੋਵਰ ਸਾਫ ਕਰਦੇ ਹਨ ਅਤੇ ਜਿਹੜੀ ਬਿਲਡਿੰਗ ਉਹ ਉਡਾ ਕੇ ਗਿਆ ਸੀ, ਉਸ ਦਾ ਨਿਰਮਾਣ ਦੁਬਾਰਾ ਸ਼ੁਰੂ ਕਰਦੇ ਹਨ।

ਮੈਂ ਤੁਹਾਨੂੰ ਚਮਤਕਾਰਾਂ ਦੀ ਗੱਲ ਦੱਸਦਾ ਹਾਂ ਕਿ ਇਹ ਚਮਤਕਾਰ ਸਨ। ਇਹ ਚਮਤਕਾਰ ਇੱਥੇ ਨਹੀਂ ਰੁਕੇ, ਜਦੋਂ ਮਹੰਤਾਂ ਨੇ ਗੁਰਦੁਆਰਿਆਂ ’ਤੇ ਕਬਜ਼ਾ ਕੀਤਾ ਹੋਇਆ ਸੀ ਅਤੇ ਸ੍ਰੀ ਨਨਕਾਣਾ ਸਾਹਿਬ ਨੂੰ ਛੁਡਾਉਣ ਦੀ ਗੱਲ ਹੋਈ ਤਾਂ ਲੀਕ ਵਾਹ ਦਿੱਤੀ ਕਿ ਜਿਸ ਨੇ ਆਉਣਾ ਹੈ ਆ ਜਾਵੇ, ਲੀਕ ਪਾਰ ਕਰ ਜਾਵੇ ਅਤੇ ਜਿਸ ਨੇ ਲੀਕ ਪਾਰ ਕਰ ਲਈ ਤਾਂ ਉਹ ਵਾਪਿਸ ਨਹੀਂ ਜਾਵੇਗਾ। ਉਸ ਤੋਂ ਬਾਅਦ ਜਿਸ ਤਰ੍ਹਾਂ ਸ਼ਹਾਦਤਾਂ ਹੋਈਆਂ, ਉਹ ਸਾਨੂੰ ਸਭ ਨੂੰ ਪਤਾ ਹੈ। ਮੇਰੇ ਤੋਂ ਪਹਿਲਾਂ ਸਰਦਾਰ ਕੁਲਦੀਪ ਸਿੰਘ ਧਾਲੀਵਾਲ ਜੀ ਨੇ ਦੱਸਿਆ ਹੈ ਕਿ ਗੁਰੂ ਕਾ ਬਾਗ ਬਹੁਤ ਮਹਾਨ ਗੁਰਦੁਆਰਾ ਹੈ ਜਿੱਥੇ ਗੁਰੂ ਜੀ ਨੇ ਰਹਿ ਕੇ ਬਹੁਤ ਦੇਰ ਸੇਵਾ ਕੀਤੀ। ਬਹੁਤ ਪਹਿਲਾਂ ਉੱਥੇ ਭਗਤੀ ਕੀਤੀ, ਜਦੋਂ ਇਸ ਅਸਥਾਨ ਨੂੰ ਛੁਡਾਉਣ ਦੀ ਗੱਲ ਆਉਂਦੀ ਹੈ ਤਾਂ ਸਿੱਖਾਂ ਨੇ ਇੱਕੋ ਗੱਲ ਕੀਤੀ ਕਿ ਅਹਿੰਸਾ ਰੱਖਣੀ ਹੈ ਅਤੇ ਕਿਸੇ ਨੇ ਵੀ ਹਿੰਸਾ ਨਹੀਂ ਕਰਨੀ। ਸੋ, ਰੋਜ਼ ਇਹ ਵੱਡੇ ਗਰੁੱਪ ਵਿੱਚ 100-100 ਦੇ ਗਰੁੱਪ ਵਿੱਚ ਜਾਂਦੇ ਸੀ, ਸ੍ਰੀ ਅਕਾਲ ਤਖਤ ਸਾਹਿਬ ਜਾਂਦੇ ਸੀ, ਮੱਥਾ ਟੇਕਦੇ ਸੀ ਅਤੇ ਸਹੁੰ ਖਾਂਦੇ ਸੀ ਕਿ ਪਰਮਾਤਮਾ ਜੋ ਮਰਜ਼ੀ ਹੋ ਜਾਵੇ, ਅਸੀਂ ਹੱਥ ਨਾ ਉਤਾਂਹ ਚੁੱਕੀਏ ਅਤੇ ਜੋ ਉੱਥੇ ਦੋ ਹਫ਼ਤੇ ਹੋਇਆ ਜਿਸ ਵਿੱਚ ਸੈਂਕੜੇ ਸਾਡੇ ਸਿੱਖ ਸ਼ਹੀਦ ਹੋਏ, ਜ਼ਖਮੀ ਹੋਏ ਲੇਕਿਨ ਹਿੰਮਤ ਨਹੀਂ ਹਾਰੀ। ਆਖਿਰ ਜਿਹੜੇ ਜ਼ੁਲਮੀ ਸੀ, ਉਨ੍ਹਾਂ ਨੂੰ ਵਾਪਿਸ ਜਾਣਾ ਪਿਆ ਔਰ ਸਾਡੀ ਕਾਮਯਾਬੀ ਹੋਈ।

**ਮਾਣਯੋਗ ਸਪੀਕਰ:** ਕਨਕਲੂਡ ਕਰ ਲਵੋ।

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਸੋ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਰਾਹ ਉੱਤੇ ਸਾਨੂੰ ਗੁਰੂ ਸਾਹਿਬਾਨਾਂ ਨੇ ਪਾਇਆ ਹੈ, ਉਸ ਰਾਹ ’ਤੇ ਸਾਨੂੰ ਸ਼ਹਾਦਤ ਦੇਣੀ ਬੜੀ ਸੌਖੀ ਹੈ ਔਰ ਸਾਡੇ ਤੇ ਇਹ ਗੁਰੂ ਦੀ ਕਿਰਪਾ ਹੈ। ਮੈਂ ਇੱਕ ਲਾਈਨ ਬੋਲਣੀ ਚਾਹੁੰਦਾ ਹਾਂ ਜੋ ਮੁਹੰਮਦ ਇਕਬਾਲ ਨੇ ਗੁਰੂ ਨਾਨਕ ਜੀ ਲਈ ਕਹੀ ਹੈ-

"ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦ ਏ ਕਾਮਿਲ ਨੇ ਜਗਾਇਆ ਖਵਾਬ ਸੇ "

ਸੋ, ਰੱਬ ਇੱਕ ਹੈ, God is one, ਇਕਬਾਲ ਉਸ ਦੀ ਗੱਲ ਕਰ ਰਿਹਾ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿਉਂਕਿ ਸਾਡੀ ਚੀਫ਼ ਖਾਲਸਾ ਦੀਵਾਨ ਬੜੀ ਪੁਰਾਣੀ ਸੰਸਥਾ ਹੈ, ਮੈਂ ਉਸ ਦਾ ਪ੍ਰਧਾਨ ਹਾਂ। ਮੇਰਾ ਇਹ ਫਰਜ਼ ਬਣਦਾ ਹੈ ਕਿ ਮੈਂ ਇਹ ਗੱਲ ਕਰਾਂ ਕਿ ਜਿਹੜੀਆਂ ਫਿਰਕਾਪ੍ਰਸਤੀ ਤਾਕਤਾਂ ਅੱਜ ਸਿਰ ਚੁੱਕ ਰਹੀਆਂ ਹਨ, ਸਾਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਔਰ ਇਸ ਦਾ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਇੱਕ ਗੱਲ ਅਖੀਰ ’ਤੇ ਕਹਾਂਗਾ ਕਿ ਜਦੋਂ ਮੈਨੂੰ ਲੋਕ ਪੁੱਛਦੇ ਹਨ ਕਿ ਤੂੰ ਡਾਕਟਰੀ ਕਰਦਾ ਕਰਦਾ ਸਿਆਸਤ ਵਿੱਚ ਕਿਉਂ ਆ ਗਿਆ ਤਾਂ ਮੈਂ ਇੱਕੋ ਗੱਲ ਕਹਿੰਦਾ ਹਾਂ ਕਿ ਮੈਂ ਸਿਆਸਤ ਵਿੱਚ ਨਹੀਂ ਸੀ ਆਉਣਾ ਪਰ ਜਦੋਂ ਆਮ ਆਦਮੀ ਪਾਰਟੀ ਦੀ ਨਵੀਂ ਸੋਚ ਆਈ ਕਿ ਜਿਹੜੀ ਸਿਹਤ ਦੀ ਗੱਲ ਕਰਦੀ ਸੀ, ਪੜ੍ਹਾਈ ਦੀ ਗੱਲ ਕਰਦੀ ਸੀ, ਫਰੀ ਵਿਚਾਰ ਦੀ ਗੱਲ ਕਰਦੀ ਸੀ ਤਾਂ ਜਿਹੜੀ ਸਾਡੇ ਗੁਰੂਆਂ ਦੀ ਸਿੱਖਿਆ ਸੀ, ਉਹ ਮੈਨੂੰ ਇੱਥੇ ਲੈ ਕੇ ਆਈ ਹੈ ਤਾਂ ਕਿ ਅਸੀਂ ਲੋਕਾਂ ਨੂੰ ਸਿਹਤਮੰਦ ਬਣਾ ਸਕੀਏ, ਗੱਲ ਕਰ ਸਕੀਏ, ਫਿਰਕਾਪ੍ਰਸਤੀ ਦੇ ਅਗੇਂਸਟ ਲੜ ਸਕੀਏ। ਸੋ, ਇਨ੍ਹਾਂ ਸ਼ਬਦਾਂ ਨਾਲ ਹੀ ਆਪ ਜੀ ਦੀ ਬਹੁਤ ਮਿਹਰਬਾਨੀ ਆਪ ਜੀ ਨੇ ਮੈਨੂੰ ਟਾਈਮ ਦਿੱਤਾ ਹੈ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

**ਮਾਣਯੋਗ ਸਪੀਕਰ:** ਵਾਹ, ਹਿੰਦ ਕੋ ਇਕ ਮਰਦ ਏ ਕਾਮਿਲ ਨੇ ਜਗਾਇਆ ਖਵਾਬ ਸੇ" ਕਿਆ ਬਾਤ ਹੈ। ਸਰਦਾਰ ਹਰਪਾਲ ਸਿੰਘ ਚੀਮਾ ਜੀ, ਵਿੱਤ ਮੰਤਰੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਬਹੁਤ ਹੀ ਸਤਿਕਾਰਯੋਗ ਮਾਣਯੋਗ ਸਪੀਕਰ ਸਾਹਿਬ, ਅੱਜ ਆਪਾਂ ਸਾਰੇ ਭਾਈ ਜੈਤਾ ਜੀ ਸਮਾਰਕ ਦੇ ਇਸ ਵਿਧਾਨ ਸਭਾ ਦੇ ਸਪੈਸ਼ਲ ਸੈਸ਼ਨ ਦੇ ਅੰਦਰ ਗੁਰੂ ਸਾਹਿਬਾਨ ਜੀ ਦੀ ਸ਼ਹਾਦਤ ਦਾ 350ਵਾਂ ਦਿਵਸ ਮਨਾ ਰਹੇ ਹਾਂ। ਅੱਜ ਤੋਂ 350 ਸਾਲ ਪਹਿਲਾਂ, ਗੁਰੂ ਸਾਹਿਬਾਨ ਨੇ ਇਸ ਦੇਸ਼ ਲਈ, ਦੂਜਾ ਧਰਮ ਬਚਾਉਣ ਲਈ ਆਪਣੀ ਅਦੁੱਤੀ ਸ਼ਹਾਦਤ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਦੁਨੀਆ ਦੇ ਅੰਦਰ ਇਸ ਸਮੇਂ ਕੋਈ ਵੀ ਮਨੁੱਖੀ ਇਤਿਹਾਸ ਨਹੀਂ, ਜਿਸ ਵਿੱਚ ਕਿਸੇ ਦੂਸਰੇ ਦੇ ਲਈ ਆਪਣੀ ਕੁਰਬਾਨੀ ਦਿੱਤੀ ਗਈ ਹੋਵੇ, ਆਪਣਾ ਸਰਬੰਸ ਵਾਰਿਆ ਗਿਆ ਹੋਵੇ ਔਰ ਗੁਰੂ ਸਾਹਿਬਾਨ ਦੀ ਸ਼ਹਾਦਤ (ਜ਼ੁਲਮ ਅਤੇ ਜ਼ਾਲਮਾਂ ਨਾਲ ਟਾਕਰਾ ਲੈਂਦੇ ਹੋਏ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ) ਇਸ ਤੋਂ ਬਾਅਦ ਮੀਰੀ ਪੀਰੀ ਦੇ ਮਾਲਕ ਸ੍ਰੀ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਾਲਮਾਂ ਨਾਲ ਹੋਏ ਟਾਕਰੇ, ਇਸ ਉਪਰੰਤ 04 ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੀ ਸ਼ਹਾਦਤ, ਮੈਂ ਸਮਝਦਾ ਹਾਂ ਕਿ ਇਹ ਇਤਿਹਾਸ ਇੱਕ ਬਹੁਤ ਹੀ ਵੱਡਾ ਅਤੇ ਵਿਲੱਖਣ ਇਤਿਹਾਸ ਦੁਨੀਆ ਦੇ ਬਹੁਤ ਹੀ ਘੱਟ ਹਿੱਸੇ ਵਿੱਚ ਮਿਲਦਾ ਹੋਵੇਗਾ। ਜਿੰਨਾ ਕੁ ਮੈਂ ਇਤਿਹਾਸ ਪੜ੍ਹਿਆ ਹੈ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਾ ਇਤਿਹਾਸ ਮੈਨੂੰ ਨਹੀਂ ਮਿਲਿਆ ਹੈ ਕਿ ਸ਼ਾਂਤੀ ਦਾ ਉਪਦੇਸ਼ ਦੇਣ ਲਈ, ਲੋਕਾਂ ਨੂੰ ਇੱਕਜੁੱਟ ਰੱਖਣ ਲਈ, ਸਾਰੇ ਧਰਮਾਂ ਦਾ ਸਤਿਕਾਰ ਰੱਖਣ ਲਈ ਸ਼ਹਾਦਤਾਂ ਦਿੱਤੀਆਂ ਜਾਣ। ਮੈਂ ਸਮਝਦਾ ਹਾਂ ਕਿ ਉਹ ਕੁਰਬਾਨੀਆਂ ਸਾਡੇ ਹਿੱਸੇ ਆਈਆਂ ਹਨ। ਅੱਜ ਦੇਸ਼ ਦੇ ਅੰਦਰ ਕੁਝ ਲੋਕ ਨਫਰਤ ਫੈਲਾ ਰਹੇ ਹਨ। ਗੈਰ ਬਰਾਬਰੀ, ਸਮਾਜਿਕ ਨਿਆਂ ਦੀ ਲੜਾਈ ਲੜੀ ਜਾ ਰਹੀ ਹੈ। ਅੱਜ ਮੈਂ ਸਮਝਦਾ ਹਾਂ ਕਿ ਸਿਧਾਂਤਾਂ ਨੂੰ ਛਿੱਕੇ ਟੰਗਿਆ ਜਾ ਰਿਹਾ ਹੈ ਲੇਕਿਨ ਅੱਜ ਸਾਨੂੰ ਸਾਡੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਿਧਾਂਤ ’ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ। ਅੱਜ ਵੀ ਦੇਸ਼ ਦੇ ਕਈ ਹਿੱਸਿਆਂ ਦੇ ਵਿੱਚ ਬਹੁਤ ਵੱਡੇ ਪੱਧਰ ਤੇ ਜ਼ੁਲਮ ਹੋ ਰਹੇ ਹਨ, ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਬੋਲਦਿਆਂ ਬਹੁਤ ਸਾਰੇ ਬੁਲਾਰਿਆਂ ਨੇ ਮਨੀਪੁਰ ਦਾ ਜ਼ਿਕਰ ਕੀਤਾ, ਉੱਤਰ ਪ੍ਰਦੇਸ਼ ਦਾ ਜ਼ਿਕਰ ਕੀਤਾ, ਦੇਸ਼ ਦੇ ਕਈ ਵੱਖ ਵੱਖ ਹਿੱਸਿਆਂ ਦਾ ਜ਼ਿਕਰ ਕੀਤਾ ਕਿ ਕਿੰਨੀ ਵੱਡੀ ਪੱਧਰ ਦੇ ਉੱਤੇ ਉੱਥੇ ਅੱਤਿਆਚਾਰ ਹੋ ਰਿਹਾ ਹੈ, ਸਭ ਖਤਮ ਕੀਤਾ ਜਾ ਰਿਹਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਇਹ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਉਸੇ ਤਰੀਕੇ ਨਾਲ ਪੰਜਾਬ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਭ ਤੋਂ ਪਹਿਲਾਂ ਪੰਜਾਬ ਦੀ ਖੇਤੀ ਨੂੰ ਖਤਮ ਕਰਨ ਦੇ ਯਤਨ ਕੀਤੇ ਔਰ ਉਸ ਤੋਂ ਬਾਅਦ ਪੰਜਾਬ ਦੀ ਪੜ੍ਹਾਈ ਨੂੰ ਖਤਮ ਕਰਨ ਦਾ ਯਤਨ ਕੀਤਾ, ਪੰਜਾਬ ਦੇ ਪਾਣੀਆਂ ਉੱਤੇ ਹਮਲਾ ਕੀਤਾ ਅਤੇ ਹੁਣ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ’ਤੇ ਹਮਲਾ ਕੀਤਾ ਅਤੇ ਲਗਾਤਾਰ, ਦੇਸ਼ ਦੇ ਜਿਹੜੇ ਸ਼ਾਸਕ ਹਨ, ਉਹ ਪੰਜਾਬ ’ਤੇ ਧਾੜਵੀ ਬਣ ਕੇ ਹਮਲਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਪੰਜਾਬ ਦੇ ਤਿੰਨ ਕਰੋੜ ਪੰਜਾਬੀ, ਜਿਨ੍ਹਾਂ ਦੇ ਗੁਰੂ ਨੇ 350 ਸਾਲ ਪਹਿਲਾਂ ਇਸ ਦੇਸ਼ ਨੂੰ ਇਕੱਠੇ ਰੱਖਣ ਲਈ ਆਪਣੀ ਅਦੁੱਤੀ ਸ਼ਹਾਦਤ ਦਿੱਤੀ, ਆਪਣੀ ਲਾਸਾਨੀ ਕੁਰਬਾਨੀ ਦਿੱਤੀ। ਅੱਜ ਵੀ ਤਿੰਨ ਕਰੋੜ ਪੰਜਾਬੀ ਸੁਨੇਹਾ ਦੇ ਰਹੇ ਹਨ ਕਿ ਦੇਸ਼ ਦੀ ਏਕਤਾ ਤੇ ਅਨੇਕਤਾ ਨੂੰ ਬਣਾ ਕੇ ਰੱਖਾਂਗੇ, ਏਕਤਾ ਅਤੇ ਅਖੰਡਤਾ ਨੂੰ ਬਣਾ ਕੇ ਰੱਖਾਂਗੇ। ਅਸੀਂ ਇਸ ਨੂੰ ਟੁੱਟਣ ਨਹੀਂ ਦੇਵਾਂਗੇ। ਅਸੀਂ ਪੰਜਾਬ ਦੀ ਹਰ ਇੱਕ ਲੜਾਈ ਡਟਵੀਂ ਲੜਾਂਗੇ।

ਸਪੀਕਰ ਸਾਹਿਬ, ਮੈਂ ਦੇਖ ਰਿਹਾ ਸੀ ਕਿ ਜਦੋਂ ਆਨਰੇਬਲ ਸਕੱਤਰ ਸਾਹਿਬ ਨੇ ਪੰਜਾਬ ਲਾਅ ਆਫੀਸਰਜ਼ ਬਿਲ ਪੇਸ਼ ਕੀਤਾ, ਮੈਂ ਸਮਝਦਾ ਹਾਂ ਕਿ ਇਹ ਭਾਈ ਜੈਤਾ ਜੀ ਦੀ ਵਿਰਾਸਤ ਦੇ ਸਾਥੀਆਂ ਨੂੰ ਮਾਣ ਸਨਮਾਨ ਦੇਣਾ ਹੈ, ਉਨ੍ਹਾਂ ਲੋਕਾਂ ਨੂੰ ਮਾਣ ਸਨਮਾਨ ਦੇਣਾ ਹੈ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦਾ ਸੀਸ ਦਿੱਲੀ ਤੋਂ ਲਿਆ ਕੇ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਧਰਤੀ ’ਤੇ ਸਸਕਾਰ ਕੀਤਾ। ਸਰ, ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਨੇ, ਸਾਡੀ ਸਰਕਾਰ ਨੇ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਭਾਈ ਜੈਤਾ ਜੀ ਦੇ ਵਾਰਸਾਂ ਨੂੰ ਸਨਮਾਨ ਦਿੱਤਾ ਔਰ ਉਸ ਹਾਈ ਕੋਰਟ ਦੇ ਅੰਦਰ, ਪੰਜਾਬ ਦੀ ਉਹ ਹਾਈ ਕੋਰਟ, ਜਿਸ ਨੂੰ ਮੈਂ ਸਮਝਦਾ ਹਾਂ ਕਿ 75 ਸਾਲ ਹੋ ਚੁੱਕੇ ਹਨ, ਬਹੁਤ ਸਾਰੀਆਂ ਪਾਰਟੀਆਂ ਆਈਆਂ, ਬਹੁਤ ਸਾਰੇ ਲੋਕ ਆਏ, ਕਿਸੇ ਨੇ ਵੀ ਭਾਈ ਜੈਤਾ ਜੀ ਦੇ ਵਾਰਸਾਂ ਨੂੰ ਮਾਣ ਸਨਮਾਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਅੱਜ ਮੈਨੂੰ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਉੱਤੇ ਮਾਣ ਹੈ, ਜਿਨ੍ਹਾਂ ਨੇ ਭਾਈ ਜੈਤਾ ਜੀ ਦੇ ਵਾਰਸਾਂ ਨੂੰ ਮਾਣ ਸਨਮਾਨ ਦਿੱਤਾ ਔਰ ਆਨਰੇਬਲ ਹਾਈ ਕੋਰਟ ਦੇ ਅੰਦਰ ਉਨ੍ਹਾਂ ਦੀ ਭਰਤੀ ਕੀਤੀ ਗਈ। ਇਸ ਤੋਂ ਪਹਿਲਾਂ ਇਤਿਹਾਸ ਦੇ ਅੰਦਰ ਖਾਸ ਕਰਕੇ ਜਿਹੜਾ ਮਾਡਰਨ ਪੰਜਾਬ ਹੈ, ਜੇ ਅੱਜ ਦੇ ਪੰਜਾਬ ਦੀ ਗੱਲ ਕਰੀਏ ਤਾਂ ਇਸ ਦੇ ਅੰਦਰ ਕਦੇ ਵੀ ਮਾਣ ਸਨਮਾਨ ਦੇਣ ਦੀ ਗੱਲ ਕਿਸੇ ਵੀ ਸਰਕਾਰ ਨੇ ਨਹੀਂ ਕੀਤੀ। ਇਸ ਤੋਂ ਬਿਨਾਂ ਮੈਂ ਸਮਝਦਾ ਹਾਂ ਕਿ ਅੱਜ ਵੀ ਸਾਨੂੰ ਬਹੁਤ ਮਾਣ ਹੈ ਕਿ ਅਸੀਂ ਅੱਜ ਵੀ ਜੋ ਪੰਜਾਬ ਵਿਧਾਨ ਸਭਾ establish ਕੀਤੀ ਹੈ, ਰੰਘਰੇਟਾ ਗੁਰੂ ਕਾ ਬੇਟਾ, ਭਾਈ ਜੀਵਨ ਸਿੰਘ ਜੀ ਦੇ ਇਤਿਹਾਸਕ ਸਥਾਨ ਦੇ ਵਿੱਚ ਸਥਾਪਤ ਕੀਤਾ ਹੈ ਤਾਂ ਕਿ ਉਨ੍ਹਾਂ ਲੋਕਾਂ ਨੂੰ ਮਾਣ ਸਨਮਾਨ ਦਿੱਤਾ ਜਾਵੇ, ਜਿਨ੍ਹਾਂ ਨੇ ਗੁਰੂ ਸਾਹਿਬਾਨ ਲਈ ਕੁਰਬਾਨੀਆਂ ਕੀਤੀਆਂ। ਜਿਹੜੇ ਗੁਰੂ ਸਾਹਿਬਾਨ ਲਈ ਖੜ੍ਹੇ, ਉਸ ਗੁਰੂ ਸਾਹਿਬਾਨ ਲਈ ਖੜ੍ਹੇ ਜੋ ‘ਹਿੰਦ ਦੀ ਚਾਦਰ’ ਬਣਿਆ। ਮੈਂ ਸਮਝਦਾ ਹਾਂ ਕਿ ਅੱਜ ਜਿਹੜਾ ਭਾਰਤ ਹੈ, ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਬੋਲਦਿਆਂ ਸਰਦਾਰ ਹਰਜੋਤ ਸਿੰਘ ਬੈਂਸ ਜੀ ਨੇ ਕਿਹਾ, ਸਾਡੇ ਸਾਰੇ ਬੁਲਾਰਿਆਂ, ਆਪੋਜ਼ੀਸ਼ਨ ਦੇ ਬੁਲਾਰਿਆਂ ਨੇ ਕਿਹਾ ਕਿ ਅੱਜ ਜਿਸ ਤਰ੍ਹਾਂ ਦਾ ਭਾਰਤ ਹੈ, ਇਹ ਨਾ ਹੁੰਦਾ ਜੇਕਰ ਗੁਰੂ ਤੇਗ ਬਹਾਦਰ ਜੀ ਨਾ ਹੁੰਦੇ। ਇਸ ਤਰ੍ਹਾਂ ਦਾ ਭਾਰਤ ਨਹੀਂ ਹੋਣਾ ਸੀ, ਇਸ ਦੀ ਤਸਵੀਰ, ਇਸ ਦੀ ਜਿਉਗਰਾਫੀ, ਇਸ ਦੀ ਸਮਾਜਿਕ ਵਿਵਸਥਾ, ਇਸ ਦੀ ਰਿਲੀਜ਼ੀਅਸ ਵਿਵਸਥਾ ਹੋਰ ਤਰੀਕੇ ਦੀ ਹੋਣੀ ਸੀ ਜੇਕਰ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਦੁਨੀਆ ਲਈ ਸ਼ਹਾਦਤ ਨਾ ਦਿੰਦੇ। ਸੋ, ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡਾ ਧੰਨਵਾਦ ਕਰਨਾ ਚਾਹਾਂਗਾ। ਇਸ ਦੇ ਨਾਲ ਹੀ ਮੈਂ ਸਾਡੇ ਮਾਣਯੋਗ ਸੀ.ਐਮ. ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਨਾ ਚਾਹਾਂਗਾ, ਜਿਨ੍ਹਾਂ ਨੇ ਵਿਧਾਨ ਸਭਾ ਦਾ ਪਵਿੱਤਰ ਸੈਸ਼ਨ ਗੁਰੂ ਸਾਹਿਬ ਦੀ ਧਰਤੀ ’ਤੇ ਬੁਲਾ ਕੇ ਇੱਕ ਇਤਿਹਾਸ ਰਚਿਆ ਕਿਉਂਕਿ ਅੱਜ ਦੇ ਇਸ ਸੈਸ਼ਨ ਨੂੰ ਇਕੱਲਾ ਪੰਜਾਬ ਹੀ ਨਹੀਂ, ਇਕੱਲੇ ਤਿੰਨ ਕਰੋੜ ਪੰਜਾਬੀ ਹੀ ਨਹੀਂ, ਦੁਨੀਆ ਦੇ ਲੋਕ ਦੇਖ ਰਹੇ ਹਨ ਕਿ ਕਿਸ ਤਰ੍ਹਾਂ ਪੰਜਾਬ ਅੰਦਰ ਸਰਦਾਰ ਭਗਵੰਤ ਸਿੰਘ ਮਾਨ, ਮਾਣਯੋਗ ਮੁੱਖ ਮੰਤਰੀ ਜੀ ਦੀ ਸਰਕਾਰ, ਆਮ ਆਦਮੀ ਪਾਰਟੀ ਦੀ ਸਰਕਾਰ ਗੁਰੂ ਸਾਹਿਬਾਨ ਨੂੰ ਸਤਿਕਾਰ ਦੇ ਰਹੀ ਹੈ, ਗੁਰੂ ਸਾਹਿਬਾਨ ਨੂੰ ਮਾਣ-ਸਤਿਕਾਰ ਦੇ ਰਹੀ ਹੈ ਅਤੇ ਗੁਰੂ ਸਾਹਿਬਾਨ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲ ਦਾਸ ਜੀ ਨੂੰ ਅਸੀਂ ਮਾਣ-ਸਨਮਾਨ ਦੇ ਰਹੇ ਹਾਂ। ਸੋ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਕਹਿੰਦਾ ਹਾਂ ਕਿ ਇਸ ਮਹਾਨ ਕੁਰਬਾਨੀ ਨੂੰ ਮੇਰੇ ਵਲੋਂ ਕੋਟਾਨਿ ਕੋਟ ਪ੍ਰਣਾਮ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

.........

**REQUEST/ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ** : ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਵੀ ਕਾਗਜ਼-ਪੱਤਰ ਸਰਕੂਲੇਟ ਹੋ ਰਹੇ ਹਨ, ਵੈਸੇ ਤਾਂ ਵਿਧਾਨ ਸਭਾ ਪੇਪਰ ਲੈੱਸ ਹੈ ਪਰ ਕੁਝ ਕਾਗਜ਼ ਸਰਕੂਲੇਟ ਹੋ ਰਹੇ ਹਨ, ਉਨ੍ਹਾਂ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲਿਖਿਆ ਹੋਇਆ ਹੈ। ਸੋ, ਸੈਸ਼ਨ ਦੀ ਸਮਾਪਤੀ ਤੋਂ ਬਾਅਦ ਉਨ੍ਹਾਂ ਨੂੰ ਸੰਭਾਲਿਆ ਜਾਵੇ ਤਾਂ ਕਿ ਕੋਈ ਬੇਅਦਬੀ ਨਾ ਹੋਵੇ ਅਤੇ ਉਨ੍ਹਾਂ ਨੂੰ ਸਤਿਕਾਰ ਨਾਲ ਰੱਖਿਆ ਜਾਵੇ।

.........

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ** : ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਗਿਆਤ ਕਰਵਾਉਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਕਾਰਵਾਈ ਦੇਖਣ ਲਈ, fourth pillar of Democracy ਜਿਸ ਨੂੰ ਕਿਹਾ ਜਾਂਦਾ ਹੈ, ਉਥੋਂ ਸਰਵਸ਼੍ਰੀ ਵਰਿੰਦਰ ਸਿੰਘ ਵਾਲੀਆ, ਐਡੀਟਰ, ਪੰਜਾਬੀ ਜਾਗਰਣ; ਸ੍ਰੀ ਅਭਿਸ਼ੇਕ ਵਿੱਜ, ਦੈਨਿਕ ਸਵੇਰਾ; ਸ੍ਰੀ ਇਰਵਿਨ ਖੰਨਾ, ਐਡੀਟਰ ਚੀਫ, ਉੱਤਮ ਹਿੰਦੂ; ਸ੍ਰੀ ਰਿਤਿਨ ਖੰਨਾ, ਐਡੀਟਰ, ਉੱਤਮ ਹਿੰਦੂ; ਸ੍ਰੀ ਬਲਦੇਵ ਕ੍ਰਿਸ਼ਨ ਸ਼ਰਮਾ, ਰੈਂਜੀਡੈਂਟ ਐਡੀਟਰ, ਦੈਨਿਕ ਭਾਸਕਰ; ਸ੍ਰੀ ਜਗਦੀਪ ਸੰਧੂ, ਐਡੀਟਰ, ਡੇਅਲੀ ਪੋਸਟ; ਸ੍ਰੀ ਯਾਦਵਿੰਦਰ ਸਿੰਘ, ਐਡੀਟਰ, ਪ੍ਰੋ ਪੰਜਾਬ; ਸ੍ਰੀ ਗੌਰਵ ਸ਼ੁਕਲਾ, ਐਡੀਟਰ, ਨਿਊਜ਼ 18; ਸ੍ਰੀ ਅਤੁਲ, ਐਡੀਟਰ, ਲਿਵਿੰਗ ਇੰਡੀਆ; ਸ੍ਰੀਮਤੀ ਜਯੋਤੀ ਮਲਹੋਤਰਾ, ਐਡੀਟਰ ਇੰਨ ਚੀਫ, ਦਿ ਟ੍ਰਿਬਿਊਨ; ਸ੍ਰੀ ਮਨੀਸ਼ ਤਿਵਾੜੀ, ਐਡੀਟਰ, ਡੇਲੀ ਵਰਲਡ; ਸ੍ਰੀ ਵਿਨੋਦ ਲਾਂਬਾ, ਐਡੀਟਰ, ਜ਼ੀ ਮੀਡੀਆ ਅਤੇ ਇਨ੍ਹਾਂ ਦੇ ਨਾਲ ਹੀ ਹੋਰ ਵੀ ਸਤਿਕਾਰ ਨਾਲ ਸ੍ਰੀ ਮਹਾਂਮੰਡਲੇਸ਼ਵਰ ਬੰਸੀ ਦਾਸ ਜੀ, ਜੋ ਸਨਾਤਨ ਧਰਮ ਦੇ ਸੰਤ ਹਨ, ਮੈਂ ਉਨ੍ਹਾਂ ਨੂੰ ਵੀ 'ਜੀ ਆਇਆਂ' ਤਸਲੀਮ ਕਰਦਾ ਹਾਂ। ਆਓ ਅਸੀਂ ਸਾਰੇ ਇਨ੍ਹਾਂ ਨੂੰ ਜੋ ਇੱਥੇ ਸਦਨ ਦੀ ਗੈਲਰੀ ਵਿੱਚ ਮੌਜੂਦ ਹਨ, ਸਭਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਨਿੱਘਾ ਸਵਾਗਤ ਕਰੀਏ।

.........

**OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI *(Resumption)***

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਮੈਂ ਸਭ ਤੋਂ ਪਹਿਲਾਂ ਫਤਹਿ ਬੁਲਾਉਂਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਅੱਜ ਤੁਸੀਂ ਇਸ ਇਤਿਹਾਸਕ ਸਦਨ ਵਿੱਚ ਇਸ ਪਵਿੱਤਰ ਧਰਤੀ 'ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਦਾ ਸਦਨ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ

350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਇਹ ਪਵਿੱਤਰ ਧਰਤੀ, ਇਹ ਨਗਰੀ ਜਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪ ਵਸਾਇਆ, ਇਹੀ ਉਹ ਪਵਿੱਤਰ ਧਰਤੀ ਹੈ, ਜਿੱਥੇ ਕਸ਼ਮੀਰੀ ਪੰਡਤ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਲ ਫਰਿਆਦ ਲੈ ਕੇ ਆਏ। ਉਸ ਸਮੇਂ ਮੁਗਲ ਹਕੂਮਤ ਵੱਲੋਂ, ਔਰੰਗਜ਼ੇਬ ਵੱਲੋਂ, ਹਿੰਦੂ ਧਰਮ ਨਾਲ ਜੋ ਜ਼ਿਆਦਤੀਆਂ-ਧੱਕੇਸ਼ਾਹੀਆਂ ਹੋ ਰਹੀਆਂ ਸਨ, ਉਨ੍ਹਾਂ ਦਾ ਜ਼ਬਰੀ ਧਰਮ ਤਬਦੀਲ ਕੀਤਾ ਜਾ ਰਿਹਾ ਸੀ ਤਾਂ ਉਨ੍ਹਾਂ ਦੀ ਬੇਨਤੀ ਨੂੰ ਮੰਨਦੇ ਹੋਏ, ਇਸੇ ਪਵਿੱਤਰ ਧਰਤੀ ਤੋਂ ਨੌਂਵੇਂ ਗੁਰੂ ਸਾਹਿਬ ਨੇ ਦਿੱਲੀ ਜਾ ਕੇ ਚਾਂਦਨੀ ਚੌਕ ਵਿੱਚ ਦੂਸਰੇ ਧਰਮ ਦੀ ਰੱਖਿਆ ਕਰਦਿਆਂ ਮਹਾਨ ਕੁਰਬਾਨੀ ਦਿੱਤੀ। ਉਨ੍ਹਾਂ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਬੜੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਹੀ ਉਹ ਪਵਿੱਤਰ ਧਰਤੀ ਹੈ ਜਿੱਥੇ ਬਾਬਾ ਜੀਵਨ ਸਿੰਘ ਜੀ, ਭਾਈ ਜੈਤਾ ਜੀ ਜਦੋਂ ਗੁਰੂ ਸਾਹਿਬ ਦਾ ਸੀਸ ਲੈ ਕੇ ਬਾਲ ਸ੍ਰੀ ਗੋਬਿੰਦ ਰਾਏ ਜੀ ਕੋਲ ਪਹੁੰਚੇ ਤਾਂ ਉਸ ਸਮੇਂ ਬਾਲ ਗੋਬਿੰਦ ਰਾਏ ਜੀ ਨੇ ਭਾਈ ਜੀਵਨ ਸਿੰਘ ਜੀ ਨੂੰ (ਭਾਈ ਜੈਤਾ ਜੀ) ਨੂੰ ਆਪਣੀ ਹਿੱਕ ਦੇ ਨਾਲ ਲਗਾਇਆ ਅਤੇ ਉਨ੍ਹਾਂ ਨੂੰ 'ਰੰਘਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਦਿੱਤਾ। ਗੋਬਿੰਦ ਰਾਏ ਜੀ ਨੇ ਕੁਝ ਸਮੇਂ ਬਾਅਦ ਭਾਈ ਜੈਤਾ ਜੀ ਤੋਂ ਪੁੱਛਿਆ ਕਿ ਜਦੋਂ ਗੁਰੂ ਸਾਹਿਬ ਨੂੰ ਉਥੇ ਸ਼ਹੀਦ ਕੀਤਾ ਗਿਆ ਤਾਂ ਕੀ ਉਸ ਸਮੇਂ ਹੋਰ ਵੀ ਕੋਈ ਸਿੱਖ ਉਥੇ ਮੌਜੂਦ ਸਨ, ਕੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਮੌਜੂਦ ਸਨ ਤਾਂ ਭਾਈ ਜੈਤਾ ਜੀ ਨੇ ਦੱਸਿਆ ਕਿ ਉੱਥੇ ਇਕੱਠ ਬਹੁਤ ਸੀ, ਹੋ ਸਕਦਾ ਹੈ ਕਿ ਸਿੱਖ ਸੰਗਤਾਂ ਉਥੇ ਮੌਜੂਦ ਹੋਣ ਪ੍ਰੰਤੂ ਪਹਿਚਾਣ ਨਹੀਂ ਸੀ। ਇਸ ਦੇ ਜਵਾਬ ਵਿੱਚ ਬਾਲ ਗੋਬਿੰਦ ਰਾਏ ਜੀ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਮੈਂ ਸਿੱਖ ਨੂੰ ਇੱਕ ਅਜਿਹੀ ਪਹਿਚਾਣ ਦੇਵਾਂਗਾ ਕਿ ਗੁਰੂ ਦਾ ਸਿੱਖ ਹਜ਼ਾਰਾਂ ਹੀ ਨਹੀਂ, ਸਗੋਂ ਲੱਖਾਂ ਦੇ ਵਿੱਚ ਵੀ ਖੜ੍ਹਿਆ ਪਹਿਚਾਣਿਆ ਜਾਵੇਗਾ। ਸੋ, 13 ਅਪ੍ਰੈਲ, 1699 ਈਸਵੀ ਨੂੰ ਇਸੇ ਹੀ ਪਵਿੱਤਰ ਧਰਤੀ ਉੱਤੇ ਦਸਵੇਂ ਪਾਤਸ਼ਾਹ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਪੰਜ ਪਿਆਰੇ ਸਾਜੇ ਗਏ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ, ਇਹ ਪੰਜ ਪਿਆਰੇ ਸਾਜੇ ਗਏ ਅਤੇ ਸਾਨੂੰ ਇੱਕ ਵੱਖਰੀ ਦਿੱਖ, ਇੱਕ ਵੱਖਰੀ ਪਹਿਚਾਣ ਦਿੱਤੀ ਗਈ ਅਤੇ ਖਾਲਸਾ ਪੰਥ ਦੀ ਸਿਰਜਣਾ ਇਸੇ ਹੀ ਪਵਿੱਤਰ ਧਰਤੀ ਉੱਤੇ ਹੋਈ। ਸੋ, ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਰੱਖੀਏ, ਗੁਰੂ ਸਾਹਿਬਾਨਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖੀਏ ਅਤੇ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀਆਂ ਦਿੱਤੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖੀਏ, ਉਨ੍ਹਾਂ ਸਿੰਘਾਂ ਅਤੇ ਸਿੰਘਣੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖੀਏ, ਜਿਨ੍ਹਾਂ ਨੇ ਧਰਮ ਦੀ ਖਾਤਰ ਜ਼ੁਲਮ ਦੇ ਖਿਲਾਫ ਲੜਦਿਆਂ ਇਹ ਕੁਰਬਾਨੀਆਂ ਦਿੱਤੀਆਂ। ਕਿਉਂਕਿ ਉਹੀ ਕੌਮਾਂ ਤਰੱਕੀ ਕਰਦੀਆਂ ਹਨ, ਜਿਹੜੀਆਂ ਕੌਮਾਂ ਆਪਣੇ ਇਤਿਹਾਸ ਨੂੰ, ਆਪਣੇ ਪਿਛੋਕੜ ਨੂੰ ਅਤੇ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ। ਗੁਰੂ ਸਾਹਿਬ ਸਾਨੂੰ ਗੁਰਬਾਣੀ ਰਾਹੀਂ ਜੋ ਸੰਦੇਸ਼ ਦੇ ਕੇ ਗਏ ਹਨ, ਅਸੀਂ ਉਸ 'ਤੇ ਅਮਲ ਕਰਨ ਦਾ ਯਤਨ ਕਰੀਏ। ਸੋ, ਸਿੱਖ ਕੌਮ ਨੇ ਹਮੇਸ਼ਾ ਹੀ ਗੁਰੂ ਸਾਹਿਬ ਦੇ ਦੱਸੇ ਮਾਰਗ 'ਤੇ ਚਲਦਿਆਂ ਹਮੇਸ਼ਾ ਹੀ ਜ਼ੁਲਮ ਦੇ ਖਿਲਾਫ ਡੱਟ ਕੇ ਲੜਾਈ ਲੜੀ ਹੈ।

ਜੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਗੱਲ ਕਰੀਏ, ਸਾਡੀ 2 ਪਰਸੈਂਟ ਅਬਾਦੀ ਪੂਰੇ ਦੇਸ਼ ਦੇ ਵਿੱਚ ਹੈ ਲੇਕਿਨ 80 ਪਰਸੈਂਟ ਤੋਂ ਵੱਧ ਕੁਰਬਾਨੀਆਂ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਕੌਮ ਨੇ ਦਿੱਤੀਆਂ ਹਨ। ਲੇਕਿਨ ਸਿੱਖ ਕੌਮ ਦੇ ਜਿਹੜੇ ਮਸਲੇ ਹਨ, ਜਿਹੜੇ ਪੰਜਾਬ ਦੇ ਮਸਲੇ ਹਨ, ਉਹ ਅੱਜ ਵੀ ਹੱਲ ਨਹੀਂ ਹੋਏ। ਇੱਥੇ ਅੱਜ ਬੜੀ ਜ਼ਰੂਰੀ ਗੱਲ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਕਰਨੀ ਬਣਦੀ ਹੈ। ਕਿਉਂਕਿ ਇਸ ਪਵਿੱਤਰ ਧਰਤੀ ਉੱਤੇ ਅੱਜ ਦਾ ਸਮਾਗਮ ਹੋ ਰਿਹਾ ਹੈ, ਜਿਸ ਦੇ ਵਿੱਚ ਸੂਬਿਆਂ ਨੂੰ ਵੱਧ ਅਧਿਕਾਰ ਦੀ ਗੱਲ ਕੀਤੀ ਗਈ, ਲੇਕਿਨ ਸਾਡੇ ਅਧਿਕਾਰ ਜਿਹੜੇ ਸੀ, ਉਹ ਵੀ ਸਾਡੇ ਤੋਂ ਖੋਹੇ ਜਾ ਰਹੇ ਹਨ। ਚੰਡੀਗੜ੍ਹ ਦੇ ਉੱਪਰ ਜਿਹੜਾ ਪੰਜਾਬ ਦਾ ਹੱਕ ਹੈ, ਉਹ ਮਿਲਣਾ

ਚਾਹੀਦਾ ਹੈ ਕਿਉਂਕਿ ਇਹ ਸ਼ਹਿਰ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਹੈ। ਚੰਡੀਗੜ੍ਹ ਨੂੰ ਮੁਕੰਮਲ ਤੌਰ ਤੇ ਯੂ.ਟੀ. ਬਣਾਉਣ ਦੀ ਯਤਨ ਚੱਲ ਰਹੇ ਹਨ, ਸਾਡੇ ਤੋਂ ਚੰਡੀਗੜ੍ਹ ਨੂੰ ਖੋਹਣ ਦੇ ਯਤਨ ਕੀਤੇ ਜਾ ਰਹੇ ਹਨ। ਸੋ, ਅਸੀਂ ਚਾਹੁੰਦੇ ਹਾਂ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ, ਇਸ ਉੱਤੇ ਪੰਜਾਬ ਦਾ ਹੱਕ ਬਣਦਾ ਹੈ। ਦੂਜਾ ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ, ਇਹ ਜਿੰਨੇ ਵੀ ਪੰਜਾਬ ਦੇ ਮਸਲੇ ਹਨ, ਇਹ ਸਾਰੇ ਹੱਲ ਹੋਣੇ ਚਾਹੀਦੇ ਹਨ। ਕਿਉਂਕਿ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਜੋ ਕੁਰਬਾਨੀ ਦਿੱਤੀ, ਉਹ ਮਨੁੱਖੀ ਅਧਿਕਾਰਾਂ ਦੀ ਖਾਤਰ ਦਿੱਤੀ। ਫਿਰ ਅੱਜ ਤਾਂ ਮਨੁੱਖੀ ਅਧਿਕਾਰਾਂ ਦੀ ਗੱਲ ਕਰਨੀ ਬਣਦੀ ਹੈ, ਅੱਜ ਸਾਡੇ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕਰਨੀ ਬਣਦੀ ਹੈ, ਜਿਹੜੇ ਲੰਬੇ ਸਮੇਂ ਤੋਂ ਜ਼ੇਲ੍ਹਾਂ ਵਿੱਚ ਬੰਦ ਹਨ। ਜਿਹੜੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਲੇਕਿਨ ਅੱਜ ਵੀ ਉਨ੍ਹਾਂ ਦੀ ਰਿਹਾਈ ਨਹੀਂ ਹੋਈ। ਮੈਂ ਅੱਜ ਦੇ ਇਸ ਮੌਕੇ ਉੱਤੇ ਉਨ੍ਹਾਂ ਦੀ ਰਿਹਾਈ ਦੀ ਮੰਗ ਕਰਦਾ ਹਾਂ। ਭਾਈ ਅੰਮ੍ਰਿਤਪਾਲ ਸਿੰਘ, ਜੋ ਖਡੂਰ ਸਾਹਿਬ ਹਲਕੇ ਤੋਂ ਮੈਂਬਰ ਪਾਰਲੀਮੈਂਟ ਹਨ, ਉਨ੍ਹਾਂ ਉੱਤੇ ਐਨ.ਐਸ.ਏ. ਲਗਾਈ ਗਈ ਹੈ। ਸੋ, ਮੈਂ ਸਮਝਦਾ ਹਾਂ ਕਿ ਸਾਡੇ ਮਨੁੱਖੀ ਅਧਿਕਾਰਾਂ 'ਤੇ ਵੀ ਸਾਡੇ ਨਾਲ ਧੱਕੇਸ਼ਾਹੀ ਹੋਈ ਹੈ, ਸੋ, ਉਨ੍ਹਾਂ ਦੀ ਵੀ ਰਿਹਾਈ ਹੋਣੀ ਚਾਹੀਦੀ ਹੈ। ਸਾਡੀ ਸਿੱਖ ਕੌਮ ਦੇ ਅਤੇ ਪੰਜਾਬ ਦੇ ਜਿੰਨੇ ਵੀ ਇਸ ਤਰ੍ਹਾਂ ਦੇ ਮਸਲੇ ਹਨ, ਮੈਂ ਸਮਝਦਾ ਹਾਂ ਕਿ ਉਹ ਸਾਰੇ ਮਸਲੇ ਹੱਲ ਹੋਣੇ ਚਾਹੀਦੇ ਹਨ। ਮੈਂ ਇਸ ਗੱਲ ਦੀ ਮੰਗ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਇਸ ਵਿਸ਼ੇਸ਼ ਸੈਸ਼ਨ ਦੇ ਮੌਕੇ ਉੱਤੇ ਇੱਥੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਪੰਜਾਬ ਸਰਕਾਰ ਦਾ ਵੀ ਧੰਨਵਾਦ ਕਰਦਾ ਹਾਂ, ਜੋ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ 'ਤੇ ਜੋ ਵੀ ਸਮਾਗਮ ਹੋਏ ਹਨ, ਉਹ ਬਹੁਤ ਵਧੀਆ ਢੰਗ ਨਾਲ ਕਰਵਾਏ ਗਏ ਹਨ। ਇਸ ਪਵਿੱਤਰ ਧਰਤੀ ਉੱਤੇ ਜੋ ਵਿਸ਼ੇਸ਼ ਸੈਸ਼ਨ ਕਰਵਾਇਆ ਗਿਆ, ਮੈਂ ਉਸ ਦੇ ਲਈ ਸਰਕਾਰ ਦਾ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

..........

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਕਾਰਵਾਈ ਵੇਖਣ ਡਾ. ਸਤਿੰਦਰ ਸਰਤਾਜ ਜੀ, ਉੱਘੇ ਪੰਜਾਬੀ ਗਾਇਕ ਵੀ ਇੱਥੇ ਹਾਜ਼ਰ ਹਨ ਜਿਨ੍ਹਾਂ ਨੇ ਪੰਜਾਬ ਤੋਂ ਬਾਹਰਲੇ ਸੂਬਿਆਂ ਵਿੱਚ ਗੁਰੂ ਸਾਹਿਬ ਦੇ ਜੀਵਨ ਤੇ ਸ਼ਹੀਦੀ ਸਬੰਧੀ ਜਜ਼ਬਾਤਾਂ ਦੀ ਤਰਜਮਾਨੀ ਕਰਦੇ ਹੋਏ ਆਪਣੀ ਇੱਕ ਬਹੁਤ ਵਧੀਆ ਅਕੀਦਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕੀਤੀ ਹੈ। ਆਓ, ਅਸੀਂ ਉਨ੍ਹਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਨਿੱਘਾ ਸਵਾਗਤ ਕਰੀਏ। (ਥੰਪਿੰਗ)

--------

## OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE

## GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI *(Resumption)*

**ਮਾਣਯੋਗ ਸਪੀਕਰ:** ਮੁੱਖ ਮੰਤਰੀ ਜੀ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਸਪੀਕਰ ਸਾਹਿਬ, ਸਮਾਂ ਮੰਗਣਾ ਹੈ ਜੀ।

**ਮਾਣਯੋਗ ਸਪੀਕਰ:** ਮੁੱਖ ਮੰਤਰੀ ਸਾਹਿਬ ਨੂੰ ਬੋਲ ਲੈਣ ਦਿਓ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ** **

**ਮੁੱਖ ਮੰਤਰੀ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਇਸ ਇਤਿਹਾਸਕ ਮੌਕੇ 'ਤੇ, ਜਦੋਂ ਅਸੀਂ 350 ਸਾਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਤਾਬਦੀ ਸਮਾਰੋਹ ਮਨਾ ਰਹੇ ਹਾਂ।

**ਮਾਣਯੋਗ ਸਪੀਕਰ:** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਲਗਾਤਾਰ ਬੋਲ ਰਹੇ ਹਨ ਅਤੇ ਸਮਾਂ ਨਾ ਦੇਣ ਦਾ ਰੋਸ ਪ੍ਰਗਟਾ ਰਹੇ ਸਨ।)

**ਮੁੱਖ ਮੰਤਰੀ** : ਸਪੀਕਰ ਸਾਹਿਬ, ਪੂਰੀ ਦੁਨੀਆ ਇਸ ਵਕਤ, ਇਸ ਵਿਸ਼ੇਸ਼ ਸੈਸ਼ਨ, ਜੋ ਇੱਕ ਦਿਨ ਦਾ ਤੁਸੀਂ ਸੱਦਿਆ ਹੈ, ਉਸ ਨੂੰ ਵੇਖ ਰਹੀ ਹੈ। ਪੂਰੀ ਦੁਨੀਆ ਵਿੱਚ, ਪੂਰੀ ਧਰਤੀ 'ਤੇ, ਪੂਰੇ ਬ੍ਰਹਿਮੰਡ 'ਤੇ ਜਿੱਥੇ ਵੀ ਗੁਰੂ ਨਾਨਕ ਲੇਵਾ ਸੰਗਤ ਵਸਦੀ ਹੈ, ਮੈਂ ਚਾਹੁੰਦਾ ਹਾਂ ਕਿ ਅੱਜ ਦੇ ਇਸ ਮੁਕੱਦਸ ਦਿਨ ਨੂੰ ਖਿਆਲ ਵਿਚ ਰੱਖਣਾ ਚਾਹੀਦਾ ਹੈ। ਅੱਜ ਦਾ ਦਿਨ ਰੌਲ਼ਾ ਪਾਉਣ ਵਾਲਾ ਜਾਂ ਸ਼ੋਰ ਪਾਉਣ ਵਾਲਾ ਦਿਨ ਨਹੀਂ ਸਗੋਂ ਸਜਦਾ ਕਰਨਾ ਵਾਲਾ ਦਿਨ ਹੈ। ਪ੍ਰਮਾਤਮਾ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ, ਮੈਂ ਤਾਂ ਇਹੀ ਦੁਆ ਕਰ ਸਕਦਾ ਹਾਂ ਕਿ ਜਿਹੜੇ ਰੌਲ਼ਾ ਪਾਉਣ ਦੀ ਕੋਸ਼ਿਸ਼ ਕਰਦੇ ਹਨ, ਪ੍ਰਮਾਤਮਾ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ।

------

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਸਰਕਾਰੀ ਮਤੇ 'ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਸਦਨ ਵਿੱਚੋਂ ਵਾਕ ਆਊਟ ਕਰ ਗਏ।)

** Not recorded as ordered by the Chair.

--------

**OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI *(Resumption)***

**ਮੁੱਖ ਮੰਤਰੀ:** ਸਪੀਕਰ ਸਾਹਿਬ, ਅੱਜ ਇਸ ਵਿਸ਼ੇਸ਼ ਸੈਸ਼ਨ ਨੂੰ ਤੁਸੀਂ ਅਗਵਾਈ ਦੇ ਰਹੇ ਹੋ ਔਰ ਨਾਲ ਦੀ ਨਾਲ ਦਰਸ਼ਕ ਗੈਲਰੀ ਵਿੱਚ ਵੀ, ਗਵਰਨਰ ਗੈਲਰੀ ਦੇ ਵਿੱਚ ਵੀ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸ਼ਖਸੀਅਤਾਂ ਇਸ ਵਿਸ਼ੇਸ਼ ਸੈਸ਼ਨ ਨੂੰ ਵੇਖਣ ਵਾਸਤੇ ਆਈਆਂ ਹਨ। ਵੱਖ ਵੱਖ ਸੰਪਰਦਾਵਾਂ ਦੇ ਮਹਾਂਪੁਰਸ਼, ਵੱਖ ਵੱਖ ਸਮਾਜਿਕ ਜਥੇਬੰਦੀਆਂ ਅਤੇ ਵੱਖ ਵੱਖ ਰਾਜਨੀਤਕ ਜਥੇਬੰਦੀਆਂ ਦੇ ਆਗੂ, ਜਿਨ੍ਹਾਂ ਦਾ ਤੁਸੀਂ ਨਾਮ ਲੈ ਕੇ ਸਵਾਗਤ ਕੀਤਾ ਹੈ। ਮੈਂ ਵੀ ਇੱਕ ਮੇਜ਼ਬਾਨ ਹੋਣ ਦੇ ਨਾਤੇ ਉਨ੍ਹਾਂ ਦਾ ਸਵਾਗਤ ਕਰਦਾ ਹਾਂ। ਅੱਜ ਪਹਿਲੀ ਵਾਰ ਇਤਿਹਾਸ ਦੇ ਵਿੱਚ ਹੋ ਰਿਹਾ ਹੈ ਕਿ ਵਿਧਾਨ ਸਭਾ ਚੱਲ ਕੇ ਚੰਡੀਗੜ੍ਹ ਤੋਂ ਗੁਰੂ ਸਾਹਿਬ ਦੇ ਚਰਨਾਂ ਵਿੱਚ ਨਤਮਸਤਕ ਹੋਣ ਆਈ ਹੈ। ਇਸ ਹਾਊਸ ਦੇ ਜਿੰਨੇ ਵੀ ਚੁਣੇ ਹੋਏ ਨੁਮਾਇੰਦੇ ਹਨ, ਭਾਵੇਂ ਉਹ ਵਿਰੋਧੀ ਪਾਰਟੀ ਦੇ ਹਨ, ਭਾਵੇਂ ਸੱਤਾਧਾਰੀ ਪਾਰਟੀ ਦੇ ਹਨ, ਮੈਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਵੀ ਕਰਦਾ ਹਾਂ ਅਤੇ ਉਨ੍ਹਾਂ ਨੂੰ 'ਜੀ ਆਇਆਂ ਨੂੰ' ਵੀ ਕਹਿੰਦਾ ਹਾਂ।

ਖਾਲਸੇ ਦੀ ਇਸ ਧਰਤੀ ਉੱਤੇ ਹੱਕ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਲਈ 13 ਅਪ੍ਰੈਲ, 1699 ਨੂੰ ਖਾਲਸੇ ਦੀ ਸਾਜਨਾ ਹੋਈ। ਬਹੁਤ ਸਾਰੇ ਬੁਲਾਰਿਆਂ ਨੇ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਤੇ ਆਪਣੇ ਆਪਣੇ ਵਿਚਾਰ ਰੱਖੇ। ਇਹੀ ਸਾਡਾ ਮਕਸਦ ਸੀ। ਇਸ ਸੈਸ਼ਨ ਨੂੰ ਇੱਥੇ ਲੈ ਕੇ ਆਉਣ ਦਾ ਅਤੇ ਇਹ ਵਿਸ਼ੇਸ਼ ਦਿਨ ਚੁਣਨ ਦਾ ਇਹੀ ਮਕਸਦ ਸੀ ਕਿਉਂਕਿ ਅੱਜ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦਾ ਸ਼ਹੀਦੀ ਦਿਵਸ ਹੈ। ਉਨ੍ਹਾਂ ਨੂੰ ਆਰਿਆਂ ਨਾਲ ਚੀਰ ਕੇ, ਦੇਗਿਆਂ ਦੇ ਵਿੱਚ ਉਬਾਲ ਕੇ, ਰੂੰ ਦੇ ਵਿੱਚ ਲਪੇਟ ਕੇ ਗੁਰੂ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਨੂੰ ਇਸ ਕਰਕੇ ਸਾਹਮਣੇ ਬਿਠਾਇਆ ਗਿਆ ਕਿ ਸ਼ਾਇਦ ਗੁਰੂ ਸਾਹਿਬ ਡਰ ਜਾਣਗੇ ਤੇ ਆਪਣਾ ਧਰਮ ਨਾ ਬਦਲਣ ਦਾ ਫੈਸਲਾ ਬਦਲ ਲੈਣਗੇ ਅਤੇ ਗੁਰੂ ਸਾਹਿਬ ਈਨ ਮੰਨ ਲੈਣਗੇ। ਸਪੀਕਰ ਸਾਹਿਬ, ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਇਕੱਲੀ ਉਨ੍ਹਾਂ ਦੀ ਕੁਰਬਾਨੀ ਨਹੀਂ ਹੈ। ਜਦੋਂ ਗੁਰੂ ਸਾਹਿਬ ਪੋਤਰੇ ਸੀ ਤਾਂ ਉਨ੍ਹਾਂ ਦੇ ਦਾਦਾ ਜੀ ਦੀ ਕੁਰਬਾਨੀ ਉਨ੍ਹਾਂ ਦੇ ਨਾਲ legacy ਦੇ ਤੌਰ 'ਤੇ ਚੱਲ ਰਹੀ ਸੀ। ਜਦੋਂ ਉਹ ਦਾਦਾ ਜੀ ਬਣੇ ਤਾਂ ਉਨ੍ਹਾਂ ਦੇ ਪੋਤਰਿਆਂ ਲਈ ਉਨ੍ਹਾਂ ਦੀ ਕੁਰਬਾਨੀ legacy ਦੇ ਤੌਰ 'ਤੇ ਚੱਲ ਰਹੀ ਸੀ। ਜਦੋਂ ਉਹ ਪੁੱਤਰ ਸੀ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਕੁਰਬਾਨੀ legacy ਦੇ ਤੌਰ 'ਤੇ ਨਾਲ ਚੱਲ ਰਹੀ ਸੀ। ਜਿਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੁਰਬਾਨੀ ਦਿੱਤੀ ਤਾਂ ਉਨ੍ਹਾਂ ਦੇ ਪਿਤਾ ਜੀ ਦੀ ਕੁਰਬਾਨੀ legacy ਦੇ ਤੌਰ ਤੇ ਨਾਲ ਚੱਲ ਰਹੀ ਸੀ। ਜੇ ਧਰਤੀ ਨੂੰ ਸਲੇਟ ਬਣਾ ਲਈਏ ਅਤੇ ਸਾਰੀ ਕਾਇਨਾਤ ਤੇ ਮੌਜੂਦ ਦਰੱਖਤਾਂ ਨੂੰ ਕਲਮ ਬਣਾ ਲਈਏ ਅਤੇ ਇਸ ਧਰਤੀ ਤੇ ਮੌਜੂਦ ਸਾਰੇ ਸਾਗਰਾਂ ਤੇ ਸਮੁੰਦਰਾਂ ਨੂੰ ਸ਼ਿਆਹੀ ਬਣਾ ਲਈਏ ਤਾਂ ਵੀ ਇਸ ਕੁਰਬਾਨੀ ਬਾਰੇ ਕੋਈ ਲਿਖ ਨਹੀਂ ਸਕਦਾ। ਦੁਨਿਆਵੀ ਪੈੱਨ ਤਾਂ ਬਹੁਤ ਛੋਟੇ ਪੈ ਜਾਂਦੇ ਹਨ, ਲਿਖਣ ਵੇਲੇ ਨਿੱਬਾਂ ਟੁੱਟ ਜਾਂਦੀਆਂ

ਹਨ। ਇਸ ਤਰ੍ਹਾਂ ਦੀ ਲਾਸਾਨੀ ਕੁਰਬਾਨੀ ਜਿਹੜੀ ਕਿ ਰੌਂਗਟੇ ਖੜ੍ਹੇ ਕਰ ਦਿੰਦੀ ਹੈ, ਇਹ ਕਿਤੇ ਹੋਰ ਨਹੀਂ ਮਿਲਦੀ। ਕਿਸੇ ਸ਼ਾਇਰ ਨੇ ਲਿਖਿਆ ਹੈ ਕਿ "निकाल लाया हूँ एक पंछी को पिंजरे से, अब इस पंछी के दिल से पिंजरा निकालना है" ਇਹ ਉਸ ਵੇਲੇ ਕੁਰਬਾਨੀ ਹੋਈ ਜਦੋਂ ਇਨਸਾਨ ਰੂਪੀ ਪੰਛੀਆਂ ਦੇ ਦਿਲ ਵਿੱਚ ਗੁਲਾਮੀ ਦਾ ਪਿੰਜਰਾ ਸੀ। ਜਿਹੜੇ ਪਿੰਜਰੇ ਵਿੱਚ ਰਹਿਣ ਵਾਲੇ ਪੰਛੀ ਹੁੰਦੇ ਹਨ, ਜੇਕਰ ਅਸੀਂ ਉਨ੍ਹਾਂ ਨੂੰ ਬਾਹਰ ਵੀ ਕੱਢ ਲਵਾਂਗੇ ਤਾਂ ਵੀ ਉਨ੍ਹਾਂ ਦੇ ਦਿਲ ਵਿੱਚੋਂ ਪਿੰਜਰਾ ਕੱਢਣ ਨੂੰ ਟਾਈਮ ਲੱਗ ਜਾਂਦਾ ਹੈ। ਗੁਰੂ ਸਾਹਿਬ ਨੇ ਉਹ ਪਿੰਜਰੇ ਕੁਰਬਾਨੀ ਦੇ ਕੇ ਦਿਲਾਂ ਵਿੱਚੋਂ ਕੱਢੇ। ਮੁਗਲਾਂ ਦੇ ਜ਼ੁਲਮਾਂ ਤੋਂ ਸਾਰੇ ਡਰਦੇ ਸੀ। ਜਦੋਂ ਕਿਰਪਾ ਰਾਮ ਜੀ ਇੱਥੇ ਪਹੁੰਚੇ ਅਤੇ ਅਰਜੋਈ ਕੀਤੀ ਤਾਂ ਗੁਰੂ ਸਾਹਿਬ ਉਨ੍ਹਾਂ ਦੇ ਨਾਲ ਤੁਰੇ ਤੇ ਫਿਰ ਚਾਂਦਨੀ ਚੌਂਕ ਵਿੱਚ ਜਾ ਕੇ ਗੁਰੂ ਸਾਹਿਬ ਦੀ ਸ਼ਹਾਦਤ ਹੋਈ। ਲੱਖੀ ਸ਼ਾਹ ਵਣਜਾਰਾ ਜੀ ਬਹੁਤ ਵੱਡੇ ਵਪਾਰੀ ਸੀ, ਉਹ ਧੜ ਨੂੰ ਲੈ ਕੇ ਆਪਣੇ ਘਰ ਚਲੇ ਗਏ। ਜਿੱਥੇ ਅੱਜ ਸ੍ਰੀ ਰਕਾਬ ਗੰਜ ਗੁਰਦੁਆਰਾ ਸਾਹਿਬ ਹੈ, ਉਥੇ ਉਨ੍ਹਾਂ ਦਾ ਪਹਿਲਾਂ ਘਰ ਸੀ। ਉਨ੍ਹਾਂ ਨੇ ਆਪਣੇ ਘਰ ਨੂੰ ਹੀ ਅੱਗ ਲਗਾ ਕੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਕਰ ਦਿੱਤਾ। ਭਾਈ ਜੈਤਾ ਜੀ ਸੀਸ ਲੈ ਕੇ ਚਲੇ ਗਏ। ਜਦੋਂ ਭਾਈ ਜੈਤਾ ਜੀ ਸੀਸ ਲੈ ਕੇ ਚੱਲੇ, ਉਸ ਸਮੇਂ ਹਨੇਰੀ ਚੱਲ ਰਹੀ ਸੀ, ਤੂਫਾਨ ਬਹੁਤ ਸੀ। ਭਾਈ ਜੈਤਾ ਜੀ ਮੇਰਠ ਵਿੱਚ ਦੀ ਹੁੰਦੇ ਹੋਏ ਕੀਰਤਪੁਰ ਸਾਹਿਬ ਪੰਹੁਚੇ। ਜਦੋਂ ਭਾਈ ਜੈਤਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਭੇਂਟ ਕੀਤਾ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ "ਰੰਘਰੇਟਾ ਗੁਰੂ ਕਾ ਬੇਟਾ" ਦਾ ਖਿਤਾਬ ਦਿੱਤਾ। ਜਿੰਨੀ ਵਾਰ ਮਰਜ਼ੀ ਸਾਖੀ ਦੇ ਰੂਪ ਵਿੱਚ, ਕੀਰਤਨ ਦੇ ਰੂਪ ਵਿੱਚ ਜਾਂ ਕਿਸੇ ਲਾਈਟ ਸਾਊਂਡ ਸ਼ੋਅ ਦੇ ਰੂਪ ਵਿੱਚ, ਲਿਖਤੀ ਜਾਂ ਸਾਹਿਤਕ ਰੂਪ ਵਿੱਚ ਅਸੀਂ ਇਸ ਬਾਰੇ ਸੁਣਦੇ ਹਾਂ ਤਾਂ ਉਤਨੀ ਵਾਰ ਹੋਰ ਜ਼ਿਆਦਾ ਸਾਡੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ, ਹੋਰ ਜ਼ਿਆਦਾ ਅੱਖਾਂ ਨਮ ਹੋ ਜਾਂਦੀਆਂ ਹਨ। ਕਿਸੇ ਲਈ ਕੁਰਬਾਨੀ ਕਰਨੀ ਬਹੁਤ ਵੱਡੀ ਗੱਲ ਹੈ। ਆਪਣੇ ਧਰਮ ਲਈ ਕੁਰਬਾਨੀਆਂ ਹੁੰਦੀਆਂ ਸੁਣੀਆਂ ਹਨ, ਪੜ੍ਹੀਆਂ ਵੀ ਹਨ, ਕਿਸੇ ਹੋਰ ਧਰਮ ਲਈ ਕੁਰਬਾਨੀ ਦੇਣੀ ਬਹੁਤ ਵੱਡੀ ਗੱਲ ਹੈ। ਇਹ ਗੱਲ ਵੀ ਸ਼ਾਇਦ ਕਿਤੇ ਦੱਬੀ ਰਹਿ ਗਈ ਜਾਂ ਨਹੀਂ ਦੱਸੀ ਗਈ ਜਾਂ ਨਹੀਂ ਪੜ੍ਹਾਈ ਗਈ ਕਿ ਕਿਰਪਾ ਰਾਮ ਜੀ ਜਦੋਂ ਆਏ ਅਤੇ ਜਦੋਂ ਗੁਰੂ ਸਾਹਿਬ ਦੀ ਕੁਰਬਾਨੀ ਹੋਈ, ਉਸ ਤੋਂ ਬਾਅਦ ਤਾਂ ਔਰੰਗਜ਼ੇਬ ਨੇ ਧਰਮ ਪਰਿਵਰਤਨ ਦਾ ਖਿਆਲ ਹੀ ਛੱਡ ਦਿੱਤਾ ਸੀ। ਕਿਰਪਾ ਰਾਮ ਜੀ, ਕਸ਼ਮੀਰੀ ਪੰਡਿਤ ਸਨ, ਉਹ ਫਿਰ ਇੱਥੋਂ ਨਹੀਂ ਗਏ ਸਨ। ਇਸੇ ਧਰਤੀ ਤੇ ਰਹਿ ਕੇ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਤੇ ਕਿਰਪਾ ਰਾਮ ਤੋਂ ਕਿਰਪਾ ਸਿੰਘ ਬਣੇ ਤੇ ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਉਹ ਗੁਰੂ ਸਾਹਿਬ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਜੇ ਸਾਡੇ ਲਈ ਕੋਈ ਬੰਦਾ ਚੱਲ ਕੇ ਆ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ ਕਰ ਸਕਦੇ। ਇਹ ਜਿਹੜੀ ਤਿਆਗ ਦੀ ਭਾਵਨਾ ਹੈ, ਗੁਰੂ ਸਾਹਿਬ ਨੇ ਆਪ ਵੀ ਇਸ ਦੀ ਮਿਸਾਲ ਦਿੱਤੀ ਅਤੇ ਦੂਜਿਆਂ ਵਿੱਚ ਵੀ ਇਹ ਭਾਵਨਾ ਪੈਦਾ ਕੀਤੀ ਕਿ ਅਸੀਂ ਵੀ ਕੁਝ ਕਰੀਏ। ਦਿਲਾਂ ਵਿੱਚੋਂ ਇਹ ਪਿੰਜਰੇ ਕੱਢੇ ਕਿ ਅਸੀਂ ਉਨ੍ਹਾਂ ਨਾਲ ਲੜ ਸਕਦੇ ਹਾਂ। ਬੇਸ਼ੱਕ ਉਹ ਗਿਣਤੀ ਵਿੱਚ ਬਹੁਤ ਜ਼ਿਆਦਾ ਸੀ ਪਰ ਫਿਰ ਵੀ ਲੜੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਧਰਤੀ ਤੋਂ, ਅੱਜ ਜਿਸ ਧਰਤੀ ਤੇ ਆਪਾਂ ਨਤਮਸਤਕ ਹੋਣ ਲਈ ਆਏ ਹਾਂ, ਖਾਲਸੇ ਦੀ ਸਾਜਨਾ ਕੀਤੀ। ਦੋ ਸਾਹਿਬਜ਼ਾਦੇ ਚਮਕੌਰ ਦੀ ਗੜ੍ਹੀ ਅਤੇ ਦੋ ਸਰਹਿੰਦ ਦੀ ਦੀਵਾਰ ਵਿੱਚ ਸ਼ਹੀਦ ਹੋਏ ਹਨ। ਇਹ ਧਰਤੀ ਤਿੰਨ ਸਾਹਿਬਜ਼ਾਦਿਆਂ ਦੀ ਜਨਮ ਭੂਮੀ ਹੈ। ਗੁਰੂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਇੱਥੇ 30 ਸਾਲ ਤੋਂ ਵੱਧ ਸਮਾਂ ਰਹੇ ਹਨ।

ਅੱਜ ਦਾ ਇਤਿਹਾਸਕ ਸੈਸ਼ਨ, ਜਿਸ ਬਾਰੇ ਸਵਾਲ ਵੀ ਹੁੰਦੇ ਸੀ ਕਿ ਕਿਵੇਂ ਹੋਵੇਗਾ, ਇਸ ਤਰ੍ਹਾਂ ਵਿਧਾਨ ਸਭਾ ਬਾਹਰ ਕਿਵੇਂ ਚਲੀ ਜਾਵੇਗੀ, ਉਥੇ ਰਿਕਾਰਡ ਕਿਵੇਂ ਰਹੇਗਾ, ਗੈਲਰੀ ਵਿੱਚ ਕੌਣ ਬੈਠੇਗਾ, ਮਾਈਕ ਕਿਵੇਂ ਚੱਲਣਗੇ,

ਸਕਰੀਨਾਂ ਕਿਵੇਂ ਚੱਲਣਗੀਆਂ? ਸਰ, ਜੇ ਨੀਅਤ ਸੱਚੀ ਹੋਵੇ ਤਾਂ ਮਾਲਕ ਆਪ ਹੀ ਕਰਵਾ ਲੈਂਦਾ ਹੈ। (ਥੰਪਿੰਗ) ਸਭ ਕੁਝ ਠੀਕ ਹੋ ਗਿਆ ਹੈ ਜੀ। ਬੱਸ, ਨੀਅਤ ਸੱਚੀ ਚਾਹੀਦੀ ਹੈ।

ਮੈਂ ਸਾਰੇ ਬੁਲਾਰਿਆਂ ਦਾ ਧੰਨਵਾਦ ਕਰਦਾ ਹਾਂ। ਮੈਂ ਵਿਰੋਧੀ ਪਾਰਟੀ ਦੇ ਜਿੰਨੇ ਵੀ ਇਸ ਹਾਊਸ ਦੇ ਮੈਂਬਰ ਹਨ, ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਜ਼ਿਆਦਾਤਰ ਤੁਸੀਂ ਰਾਜਨੀਤੀ ਤੋਂ ਉਪਰ ਉਠ ਕੇ ਆਪਣੇ ਵਿਚਾਰ ਰੱਖੇ ਹਨ। ਚੱਲੋ, ਇੱਕ ਅੱਧਾ ਤਾਂ ਹੁੰਦਾ ਹੀ ਹੈ। ਜੇਕਰ 10 ਕਿੱਲੋ ਟਮਾਟਰ ਵੀ ਖਰੀਦੀਏ ਤਾਂ ਇੱਕ ਅੱਧਾ ਤਾਂ ਖਰਾਬ ਨਿਕਲ ਹੀ ਜਾਂਦਾ ਹੈ। ਭਾਵੇਂ ਦੇਖ-ਦੇਖ ਕੇ ਹੀ ਖਰੀਦੀਏ, ਪਰ ਕੀ ਕਰੀਏ? ਗੱਲ ਇਹ ਹੈ ਕਿ ਇਹ ਦਿਨ ਹੀ ਇਸ ਤਰ੍ਹਾਂ ਦੀਆਂ ਰਾਜਨੀਤੀਆਂ ਤੋਂ ਉਪਰ ਉਠਣ ਵਾਲੇ ਹਨ। ਇਹ ਦਿਨ, ਇਹ ਸ਼ਤਾਬਦੀਆਂ, ਮੈਂ ਆਪਣੇ ਆਪ ਨੂੰ ਕਿਸਮਤ ਵਾਲਾ ਮੰਨਦਾ ਹਾਂ ਕਿ ਉਸ ਵੇਲੇ, ਜਿਸ ਵੇਲੇ ਪੰਜਾਬ ਵਿੱਚ ਸੇਵਾਦਾਰ ਦੀ ਡਿਊਟੀ ਮੇਰੀ ਲੱਗੀ ਹੈ, ਉਸ ਵੇਲੇ 350 ਸਾਲਾ ਮਨਾਉਣ ਦਾ ਮੌਕਾ ਮਿਲਿਆ ਹੈ। ਕਈ ਵਾਰ ਪੱਤਰਕਾਰ ਪੁੱਛ ਲੈਂਦੇ ਹਨ ਕਿ ਬਜਟ ਕਿੰਨਾ ਰੱਖਿਆ ਹੈ। ਮੈਂ ਕਿਹਾ ਕਿ ਜਿਨ੍ਹਾਂ ਤੋਂ ਮੰਗਣ ਜਾਂਦੇ ਹਾਂ, ਕੀ ਉਨ੍ਹਾਂ ਨੂੰ ਅਸੀਂ ਬਜਟ ਦੇਵਾਂਗੇ? ਜਿਨ੍ਹਾਂ ਨੇ ਇੰਨੀਆਂ ਵੱਡੀਆਂ ਕੁਰਬਾਨੀਆਂ ਕਰ ਦਿੱਤੀਆਂ ਹਨ, ਕੀ ਕਿਸੇ ਕਰੰਸੀ ਵਿੱਚ ਇਸ ਦੀ ਕੋਈ ਕੀਮਤ ਹੈ? ਬਜਟ ਦੀ ਕੋਈ ਪਰਵਾਹ ਨਹੀਂ ਹੈ, ਬੱਸ ਦੁਨੀਆਂ ਨੂੰ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਤਾ ਲੱਗੇ, ਦੂਜੀਆਂ ਕੌਮਾਂ ਵੀ ਪੁੱਛਣ ਕਿ ਇਹ ਕੀ ਹੁੰਦਾ ਹੈ ਜਿਹੜਾ ਸਾਰੀ ਦੁਨੀਆਂ ਵਿੱਚ ਹੋ ਰਿਹਾ ਹੈ। ਇਹ ਕੀ ਹੈ, ਕਿਵੇਂ ਹੋਇਆ ਹੈ? ਕੋਈ ਸਵਾਲ ਤਾਂ ਉੱਠੇ ਤਾਂ ਕਿ ਲੋਕਾਂ ਨੂੰ ਦੱਸਣ ਦਾ ਮੌਕਾ ਮਿਲੇ ਕਿ ਅਸੀਂ ਕੌਣ ਹੁੰਦੇ ਹਾਂ। ਮੈਨੂੰ ਪਿਛਲੇ ਦਿਨੀਂ ਵਿਦੇਸ਼ਾਂ ਤੋਂ ਆਏ ਹੋਏ ਮਹਿਮਾਨ ਮਿਲੇ। ਜਦੋਂ ਅਸੀਂ ਉਨ੍ਹਾਂ ਨੂੰ ਦੱਸਿਆ ਕਿ ਇਹ ਕੀ ਹੈ ਤਾਂ ਉਹ ਬਹੁਤ ਹੀ ਜ਼ਿਆਦਾ ਭਾਵੁਕ ਹੋ ਗਏ ਕਿ ਅੱਛਾ, ਇਸ ਤਰ੍ਹਾਂ ਵੀ ਹੁੰਦਾ ਹੈ? ਮੈਨੂੰ ਇਸ ਗੱਲ ਦਾ ਦੁੱਖ ਹੋਇਆ ਕਿ ਹਾਲੇ ਤੱਕ ਉਨ੍ਹਾਂ ਨੂੰ ਦੱਸਿਆ ਹੀ ਨਹੀਂ ਗਿਆ ਹੈ। ਸੋ, ਗੁਰੂ ਸਾਹਿਬ ਦੀ ਕੁਰਬਾਨੀ ਕਾਇਨਾਤ ਦੀ ਕੁਰਬਾਨੀ ਹੈ। ਇਸ ਧਰਤੀ ਉੱਤੇ ਹਰ 20 ਮੀਟਰ ਤੇ ਕੋਈ ਨਾ ਕੋਈ ਗੁਰਦੁਆਰਾ ਹੈ, ਕੋਈ ਯਾਦਗਾਰੀ ਗੁਰਦੁਆਰਾ ਸਾਹਿਬ ਹੈ, ਕੋਈ ਇਤਿਹਾਸਕ ਗੁਰਦੁਆਰਾ ਸਾਹਿਬ ਹੈ। ਸਰਦਾਰ ਹਰਜੋਤ ਸਿੰਘ ਬੈਂਸ ਜੀ ਤੇ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ, ਸਾਡੇ ਮਨਿਸਟਰ ਸਾਹਿਬ ਨੇ ਦਿਨ ਰਾਤ ਇੱਕ ਕਰਕੇ ਕਾਰਜ ਕੀਤੇ ਹਨ। ਕੱਲ੍ਹ ਨੂੰ ਸਮਾਪਤੀ ਦੇ ਭੋਗ ਪੈਣੇ ਹਨ, ਹਾਲੇ ਵੀ ਪਰਮਾਤਮਾ ਅੱਗੇ ਇਹੀ ਅਰਦਾਸ ਕਰ ਰਹੇ ਹਾਂ ਕਿ ਸੁੱਖ ਸਾਂਦ ਨਾਲ ਸਾਰਾ ਕਾਰਜ ਨੇਪਰੇ ਚੜ੍ਹ ਜਾਵੇ।

ਸਪੀਕਰ ਸਾਹਿਬ, ਮੈਂ ਛੋਟਾ ਹੁੰਦਾ ਸੀ, ਮਾਲਵੇ ਵਿੱਚ ਜਦੋਂ ਵਿਆਹ ਸ਼ਾਦੀ ਹੁੰਦੀ ਹੈ ਤਾਂ ਦੋ-ਦੋ ਦੀਆਂ ਜੋੜੀਆਂ ਬਣਾ ਕੇ ਮਾਵਾਂ, ਚਾਚੀਆਂ, ਤਾਈਆਂ, ਨਾਨੀਆਂ, ਦਾਦੀਆਂ, ਭੂਆ ਦੀਆਂ ਟੀਮਾਂ ਹੁੰਦੀਆਂ ਸਨ। ਇੱਕ ਪਾਸਾ ਸਵਾਲ ਕਰਦਾ ਸੀ ਤੇ ਦੂਜਾ ਪਾਸਾ ਜਵਾਬ ਦਿੰਦਾ ਸੀ। ਉਸ ਵਿੱਚ ਬੜੀ ਧਾਰਮਿਕ ਸਿੱਖਿਆ ਸੀ। ਬਦਕਿਸਮਤੀ ਨਾਲ ਉਹ ਪੀੜ੍ਹੀ ਹੀ ਖਤਮ ਹੋ ਗਈ ਹੈ ਜਾਂ ਕਲਚਰ ਹੀ ਬਦਲ ਗਿਆ ਹੈ।

ਪਹਿਲਾਂ ਉਹ ਦੋਹਿਆਂ, ਸਿੱਠਣੀਆਂ ਰਾਹੀਂ ਸਿਖਾਉਂਦੇ ਸੀ ਕਿ ਕਿੱਥੋਂ ਦਾ ਤੁਹਾਡਾ ਜਨਮ ਗੁਰੂ ਜੀ, ਕਿੱਥੇ ਡੇਰੇ ਲਾਏ, ਓ ਮੈਂ ਵਾਰੀ ਗੁਰੂ ਜੀ ਕਿੱਥੇ ਡੇਰੇ ਲਾਏ? ਇਹ ਸਵਾਲ ਹੁੰਦਾ ਸੀ ਤਾਂ ਦੂਜੇ ਮੰਜੇ ਤੋਂ ਦੂਜੀ ਜੋੜੀ ਜਵਾਬ ਦਿੰਦੀ ਸੀ ਕਿ ਪਟਨਾ ਸਾਹਿਬ ਦਾ ਜਨਮ ਗੁਰਾਂ ਦਾ, ਅਨੰਦਪੁਰ ਡੇਰੇ ਲਾਏ, ਓ ਮੈਂ ਵਾਰੀ ਸੰਗਤ ਜੀ ਅਨੰਦਪੁਰ ਡੇਰੇ ਲਾਏ। ਫਿਰ ਅਗਲਾ ਸਵਾਲ ਹੁੰਦਾ ਸੀ- ਕੌਣ ਹੈ ਆਪਣਾ ਪਿਤਾ ਗੁਰੂ ਜੀ, ਕਿਹੜੀ ਅੰਮੜੀ ਜਾਏ, ਓ ਮੈਂ ਵਾਰੀ ਗੁਰੂ ਜੀ ਕਿਹੜੀ ਅੰਮੜੀ ਜਾਏ? ਤਾਂ ਜਵਾਬ ਹੁੰਦਾ ਸੀ- ਤੇਗ ਬਹਾਦਰ ਨਾਮ ਪਿਤਾ ਦਾ, ਮਾਤਾ ਗੁਜਰੀ ਜਾਏ, ਓ ਮੈਂ ਵਾਰੀ ਗੁਰੂ ਜੀ ਮਾਤਾ ਗੁਜਰੀ ਜਾਏ। ਉਸ ਵਿੱਚ ਹੀ ਦੋਹਿਆਂ ਰਾਹੀਂ, ਸਿੱਠਣੀਆਂ ਰਾਹੀਂ ਦੱਸ ਦਿੱਤਾ ਜਾਂਦਾ ਸੀ ਤੇ ਸਾਰਾ

ਇਤਿਹਾਸ ਪੜ੍ਹਾ ਦਿੱਤਾ ਜਾਂਦਾ ਸੀ ਪਰ ਹੁਣ ਇਹ ਕਿਤਾਬਾਂ ਵਿੱਚ ਨਹੀਂ ਮਿਲਦਾ ਹੈ, ਜੇ ਕੋਈ ਪੁਰਾਣੀ ਬੇਬੇ ਜਿਉਂਦੀ ਹੈ ਤਾਂ ਉਹ ਜ਼ਰੂਰ ਸਮਝ ਸਕਦੀ ਹੈ ਪਰ ਬਦਕਿਸਮਤੀ ਨਾਲ ਅਸੀਂ ਆਪਣਾ ਇਹ ਸਹਾਇਕ ਕਲਚਰ ਸੰਭਾਲ ਨਹੀਂ ਸਕੇ। ਸੋ, ਮੈਂ ਸਾਡੇ ਮੰਤਰੀ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ ਦੀ ਅਤੇ ਬਤੌਰ ਸਿੱਖਿਆ ਮੰਤਰੀ, ਸਰਦਾਰ ਹਰਜੋਤ ਸਿੰਘ ਬੈਂਸ ਜੀ ਦੀ ਵੀ ਡਿਊਟੀ ਲਗਾਈ ਹੈ ਕਿ ਇਹ ਪੁਰਾਣਾ ਕਲਚਰ ਕਿਤਿਓਂ ਮਿਲਦਾ ਹੈ, ਕਿਤੇ ਲਿਖਿਆ ਹੋਇਆ ਮਿਲਦਾ ਹੈ ਜਾਂ ਕਿਤੇ ਕੋਈ ਮਾਲਵੇ ਦੇ ਪਿੰਡਾਂ ਵਿੱਚ ਬਜ਼ੁਰਗ ਮਿਲਦੇ ਹਨ ਤਾਂ ਉਨ੍ਹਾਂ ਤੋਂ ਜਾਣਕਾਰੀ ਲੈ ਕੇ ਇਸ ਨੂੰ ਇੱਕ ਕਿਤਾਬ ਦਾ ਰੂਪ ਦੇਈਏ ਤਾਂ ਜੋ ਉਸ ਵਿੱਚੋਂ ਬੱਚੇ ਪੜ੍ਹਨ ਕਿ ਗੁਰੂ ਸਾਹਿਬ ਕਿਹੜੇ ਪੰਘੂੜੇ 'ਤੇ ਖੇਡੇ ਤੇ ਸਾਰਾ ਕੁਝ ਹੀ ਉਸ ਵਿੱਚ ਦੱਸਿਆ ਜਾਵੇ। ਹੱਕ ਸੱਚ ਦੀ ਲੜਾਈ ਦਾ ਹੁਕਮ ਇੱਥੋਂ ਹੋਇਆ।

ਗੱਲ ਚੱਲੀ ਹੈ ਕਿ ਉਹ ਕਿਸੇ ਗਲਤਫਹਿਮੀ ਵਿੱਚ ਹੀ ਹੋਵੇਗਾ ਜੋ ਸੋਚਦਾ ਹੋਵੇਗਾ ਕਿ ਪੰਜਾਬ ਆਪਣੇ ਹੱਕ ਛੱਡ ਦੇਵੇਗਾ ਜਾਂ ਪੰਜਾਬ ਆਪਣੇ ਹੱਕਾਂ ਤੇ ਅੱਖਾਂ ਬੰਦ ਕਰ ਲਵੇਗਾ ਭਾਵੇਂ ਉਹ ਪੰਜਾਬ ਯੂਨੀਵਰਸਿਟੀ ਹੈ, ਭਾਵੇਂ ਉਹ ਚੰਡੀਗੜ੍ਹ ਹੈ, ਭਾਵੇਂ ਉਹ ਪੰਜਾਬ ਦਾ ਪਾਣੀ ਹੋਵੇ ਤੇ ਭਾਵੇਂ ਐਜੂਕੇਸ਼ਨ ਦਾ ਮਸਲਾ ਹੋਵੇ, ਪੰਜਾਬ ਆਪਣੇ ਹੱਕ ਅੱਖਾਂ ਬੰਦ ਕਰਕੇ ਨਹੀਂ ਛੱਡੇਗਾ। ਪੰਜਾਬ ਆਪਣੇ ਹੱਕ ਲੈਣੇ ਜਾਣਦਾ ਹੈ ਕਿਉਂਕਿ ਪੰਜਾਬ ਨੇ ਦੇਸ਼ ਨੂੰ ਆਜ਼ਾਦੀ ਲੈ ਕੇ ਦਿੱਤੀ ਸੀ ਔਰ ਆਜ਼ਾਦੀ ਦੀ ਸੰਭਾਲ ਲਈ ਪੰਜਾਬ ਫਿਰ ਬਾਰਡਰਾਂ ਤੇ ਖੜ੍ਹਾ ਹੋਇਆ ਹੈ। ਜੈਸਲਮੇਰ ਤੋਂ ਲੈ ਕੇ ਕਾਰਗਿਲ ਦੀ ਪਹਾੜੀ ਤੱਕ ਸਾਡੇ ਫੌਜੀ ਜਵਾਨਾਂ ਦੇ ਸੀਨੇ ਤਣੇ ਹੋਏ ਹਨ। ਹਰ ਰੋਜ਼ ਕੋਈ ਨਾ ਕੋਈ ਸ਼ਹਾਦਤਾਂ ਦੀ ਖਬਰ ਆਉਂਦੀ ਹੈ, ਸ਼ਹਾਦਤਾਂ ਤਾਂ ਅਜੇ ਵੀ ਜਾਰੀ ਹਨ। ਗੁਰੂ ਸਾਹਿਬ ਨੇ ਤਾਂ ਜਾਗ ਲਾਇਆ ਹੈ, ਸ਼ਹਾਦਤਾਂ ਤਾਂ ਅਜੇ ਵੀ ਚੱਲ ਰਹੀਆਂ ਹਨ, ਕਦੇ ਅਗਨੀਵੀਰ ਦੀ ਸ਼ਹਾਦਤ ਹੋ ਗਈ, ਕਦੇ ਕਿਤੇ ਕੋਈ ਬਾਰਡਰ ਤੇ ਅਣਸੁਖਾਵੀਂ ਘਟਨਾ ਹੋ ਗਈ ਤਾਂ ਸਾਡੀਆਂ ਸ਼ਹਾਦਤਾਂ ਤਾਂ ਚੱਲ ਰਹੀਆਂ ਹਨ। ਅਸੀਂ ਪਹਿਰਾ ਦੇਣ ਵਾਸਤੇ ਗੁਰੂ ਸਾਹਿਬ ਦੇ ਅੱਜ ਇੱਥੇ ਨਤਮਸਤਕ ਹੋਣ ਆਏ ਹਾਂ ਤੇ ਇਹੀ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਸੁਮੱਤ ਬਖ਼ਸ਼ੇ, ਬਲ ਬਖ਼ਸ਼ੇ ਤੇ ਪੰਜਾਬ ਦੀ ਇਸ ਪਵਿੱਤਰ ਧਰਤੀ, ਪੀਰਾਂ ਫਕੀਰਾਂ, ਗੁਰੂਆਂ ਸ਼ਹੀਦਾਂ ਦੀ ਪਵਿੱਤਰ ਧਰਤੀ ਸਲਾਮਤ ਰਹੇ, ਤੰਦਰੁਸਤ ਰਹੇ, ਤਰੱਕੀਆਂ ਕਰੇ। ਇਹੀ ਦੁਆ ਹੈ, ਇਹੀ ਅਰਦਾਸ ਹੈ ਔਰ ਸੱਚੇ ਦਿਲੋਂ ਕੀਤੀ ਹੋਈ ਅਰਦਾਸ, ਖਾਸ ਤੌਰ ਤੇ ਇਹੋ ਜਿਹੇ ਮੁਕੱਦਸ ਅਸਥਾਨ ਤੋਂ ਕੀਤੀ ਹੋਈ ਅਰਦਾਸ ਸੁਣੀ ਜਾਂਦੀ ਹੈ। ਸੋ, ਮੈਂ ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਆਓ ਆਪਾਂ ਇਕੱਠੇ ਹੋ ਕੇ ਆਪਣੀਆਂ ਛੋਟੀਆਂ ਮੋਟੀਆਂ ਆਪਸੀ ਉਲਝਣਾਂ ਤੋਂ ਉੱਪਰ ਉਠ ਕੇ ਪੰਜਾਬ ਦੇ ਪਾਣੀ ਦੇ ਮਸਲੇ ਨੂੰ ਸੁਲਝਾਈਏ, ਆਪਣੀ ਤਾਂ ਆਪਾਂ ਬਾਅਦ ਵਿੱਚ ਵੀ ਨਿਬੇੜ ਲਵਾਂਗੇ ਪਰ ਜੇ ਕੋਈ ਪੰਜਾਬ ਤੇ ਬਾਹਰੋਂ ਹਮਲਾ ਕਰਦਾ ਹੈ ਭਾਵੇਂ ਉਹ ਖੱਬੇ ਪਾਸਿਓਂ ਹੋਵੇ, ਭਾਵੇਂ ਸੱਜੇ ਪਾਸਿਓਂ ਹੋਵੇ, ਪੰਜਾਬ ਉਸ ਵੇਲੇ ਇਕੱਠਾ ਹੋ ਜਾਂਦਾ ਹੈ। ਇੱਕ ਅਖਾਣ ਹੈ, 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।' ਅਸੀਂ ਹਰ ਰੋਜ਼ ਖੂਹ ਵੱਢ ਕੇ ਪਾਣੀ ਪੀਣ ਵਾਲੇ ਬੰਦੇ ਹਾਂ।

हर रोज़ कुआँ खोद कर पानी पीने वाले लोग हैं पंजाब के,
यह मत समझना कि हम झुक जाएंगे,
हम वो पत्ते नहीं जो शाख से टूट कर गिर जाएंगे,
आँधियों को कह दो अपनी औकात में रहना।

ਸਾਡੇ ਨਾਲ ਪਿਆਰ ਨਾਲ ਜੋ ਮਰਜ਼ੀ ਕਰ ਲਉ, ਭਾਵੇਂ ਪਿਆਰ ਨਾਲ ਜਾਨ ਲੈ ਲਓ ਪਰ ਜੇ ਕੋਈ ਆਕੜ ਕਰੇਗਾ ਜਾਂ ਬਾਂਹ ਮੋੜਨ ਦੀ ਕੋਸ਼ਿਸ਼ ਕਰੇਗਾ ਤਾਂ ਫਿਰ ਬਾਊਂਸ ਬੈਕ ਕਰਨਾ ਪੰਜਾਬ ਦਾ ਫਰਜ਼ ਹੀ ਨਹੀਂ, ਪੰਜਾਬ ਤੋਂ ਬਾਊਂਸ ਬੈਕ ਹੋ ਹੀ ਜਾਂਦਾ ਹੈ।

ਸੋ, ਮੈਂ, ਸਰਦਾਰ ਹਰਜੋਤ ਸਿੰਘ ਬੈਂਸ ਜੀ ਵੱਲੋਂ ਪੇਸ਼ ਕੀਤੇ ਪ੍ਰਸਤਾਵ ਦਾ ਸਮਰਥਨ ਕਰਦਾ ਹਾਂ। ਤਿਆਗ ਮੱਲ ਤੋਂ ਤੇਗ ਬਹਾਦਰ ਅਤੇ ਤੇਗ ਬਹਾਦਰ ਦਾ ਸਿਦਕ, ਉਨ੍ਹਾਂ ਦਾ ਮਨੁੱਖੀ ਅਧਿਕਾਰਾਂ ਲਈ ਬਲੀਦਾਨ, ਉਨ੍ਹਾਂ ਦਾ ਸਬਰ, ਉਨ੍ਹਾਂ ਦਾ ਸੰਤੋਖ, ਉਨ੍ਹਾਂ 'ਤੇ ਕਿੰਨੇ ਹੀ ਹਮਲੇ ਹੋਏ ਹਨ। ਮੱਖਣ ਸ਼ਾਹ ਲੁਬਾਣੇ ਦੀਆਂ 500 ਮੋਹਰਾਂ ਵਾਸਤੇ ਬਾਬਾ ਬਕਾਲੇ ਵਿਖੇ 22 ਨਕਲੀ ਦਾਅਵੇਦਾਰ ਮੰਜੀਆਂ ਡਾਹ ਕੇ ਬੈਠ ਗਏ ਸੀ। ਅਸਲੀ ਗੁਰੂ ਨਹੀਂ ਲੱਭ ਰਿਹਾ ਸੀ, ਉਸ ਨੇ ਪੰਜ-ਪੰਜ ਮੋਹਰਾਂ ਦੇ ਕੇ ਦੇਖਿਆ ਕਿ ਜੇ ਅਸਲੀ ਹੋਵੇਗਾ, ਉਸ ਨੂੰ ਪਤਾ ਹੋਵੇਗਾ। 500 ਮੋਹਰਾਂ ਸੁੱਖੀਆਂ ਸਨ, ਜਦੋਂ ਅਸਲੀ ਦਾਤੇ ਕੋਲ ਗਿਆ, ਉਨ੍ਹਾਂ ਕਿਹਾ ਕਿ ਮੱਖਣ ਸ਼ਾਹ ਲੁਬਾਣਾ ਜੀ ਮੈਂ ਕੋਈ ਸੋਨੇ ਦੀ ਦੁਕਾਨ ਨਹੀਂ ਖੋਲ੍ਹਣੀ ਪਰ ਸੁੱਖੀਆਂ 500 ਮੋਹਰਾਂ ਸਨ ਅਤੇ 100 ਗੁਣਾ ਘੱਟ ਦਿੰਦੇ ਹੋ। ਉਸ ਵੇਲੇ ਉਸ ਨੇ ਚੁਬਾਰੇ ਉੱਤੇ ਚੜ੍ਹ ਕੇ ਰੌਲ਼ਾ ਪਾ ਦਿੱਤਾ ਸੀ ਕਿ ਗੁਰੂ ਲਾਧੋ ਰੇ, ਗੁਰੂ ਲਾਧੋ ਰੇ, ਅਸਲੀ ਗੁਰੂ ਲੱਭ ਗਿਆ। ਸਾਡੇ ਕੋਲ ਅਸਲੀ ਦਾਅਵੇਦਾਰ ਹਨ, ਇੱਥੇ ਨਕਲੀਆਂ ਦੀ ਕੋਈ ਥਾਂ ਨਹੀਂ, ਭਾਵੇਂ ਜਿਹੜੀ ਮਰਜ਼ੀ ਫੀਲਡ ਵਿੱਚ ਹੋਣ। ਇੱਥੇ ਬਥੇਰੇ ਨਕਲੀ ਆਏ ਹਨ, ਉਨ੍ਹਾਂ ਨੇ ਬੜਾ ਪੰਜਾਬ ਦੀ ਧਰਤੀ ਨੂੰ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ ਹੈ, ਪੰਜਾਬ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕੀਤੀ ਹੈ ਪਰ ਨਹੀਂ, ਕਿਤੇ ਨਾ ਕਿਤੇ ਜੇ ਪੰਜਾਬ ਨੂੰ ਪਤਾ ਲੱਗ ਜਾਂਦਾ ਹੈ, ਫਿਰ ਉਹ ਖਹਿੜਾ ਛੱਡ ਦਿੰਦੇ ਹਨ। ਸੋ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ ਲੋਕਾਂ, ਸਰਬੱਤ ਦਾ ਭਲਾ ਮੰਗਣ ਵਾਲੀ ਬਾਣੀ ਦੇ ਰਚੇਤਾ ਸਾਡੇ ਗੁਰੂ ਸਾਹਿਬ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਹੁਤ ਸਾਰੇ ਰਾਗਾਂ ਵਿੱਚ ਰਾਮਕਲੀ, ਗਉੜੀ, ਸਾਰੰਗ ਰਾਗਾਂ ਵਿੱਚ ਬਾਣੀ ਉਚਰੀ। ਜਿਸ ਵੇਲੇ ਗੁਰੂ ਗੋਬਿੰਦ ਰਾਏ ਜੀ ਨੇ ਪਟਨਾ ਸਾਹਿਬ ਵਿਖੇ ਜਨਮ ਲਿਆ, ਉਸ ਵੇਲੇ ਗੁਰੂ ਸਾਹਿਬ ਘਰੇ ਨਹੀਂ ਸਨ, ਢਾਕੇ ਵੱਲ, ਅਸਾਮ ਵੱਲ ਗਏ ਹੋਏ ਸੀ। ਅੱਜ ਆਪਾਂ ਦੇਖਦੇ ਹਾਂ ਕਿ ਵੱਡੇ ਵੱਡੇ ਖਿਡਾਰੀ ਜਾਂ ਕੋਈ ਵੱਡਾ ਮੈਚ ਹੋਵੇ ਈਵਨ ਵਰਲਡ ਚੈਂਪੀਅਨਸ਼ਿਪ ਲੈਵਲ ਤੇ ਕੋਈ ਫਾਈਨਲ ਜਾਂ ਸੈਮੀ ਫਾਈਨਲ ਤੱਕ ਵੀ ਹੋਵੇ, ਜਦੋਂ ਕੋਈ ਘਰੇ ਦੁੱਖ ਜਾਂ ਖੁਸ਼ੀ ਹੋ ਜਾਵੇ, ਛੁੱਟੀ ਲੈ ਕੇ ਮੈਚ ਛੱਡ ਕੇ ਆ ਜਾਂਦੇ ਹਨ। ਦੇਸ਼ ਦਾ ਮੈਚ ਛੱਡ ਕੇ ਛੁੱਟੀ ਲੈ ਕੇ ਆਉਂਦੇ ਮੈਂ ਦੇਖੇ ਹਨ ਪਰ ਇੱਧਰ ਕੋਈ ਛੁੱਟੀ ਨਹੀਂ ਸੀ। ਅਸਾਮ ਦੇ ਰਾਜਿਆਂ ਦਾ ਸਮਝੌਤਾ ਕਰਵਾਉਂਦੇ ਫਿਰਦੇ ਸੀ। ਜਿਸ ਵੇਲੇ ਗੁਰੂ ਗੋਬਿੰਦ ਰਾਏ ਜੀ ਨੂੰ ਮਿਲੇ, ਉਹ ਕਾਫੀ ਵੱਡੇ ਹੋ ਚੁੱਕੇ ਸੀ, ਇਹ ਕੁਰਬਾਨੀਆਂ ਹਨ ਜੀ। ਨਹੀਂ ਤਾਂ ਆਪਣਾ ਪਰਿਵਾਰ ਕੌਣ ਛੱਡਦਾ ਹੈ? ਸਭ ਆਪਣੇ ਕੰਮਾਂ ਵਿੱਚ, ਦੁਨੀਆਦਾਰੀ ਦੇ ਕੰਮਾਂ ਵਿੱਚ ਲੱਗੇ ਹੋਏ ਹਨ ਪਰ ਫਿਰ ਤਾਹੀਂਓ ਉਨ੍ਹਾਂ ਦੀ ਯਾਦ ਵਿੱਚ ਜੋੜ ਮੇਲੇ ਲੱਗਦੇ ਹਨ। ਜੇ ਫਰਕ ਨਾ ਹੁੰਦਾ, ਫਿਰ ਪਤਾ ਕਿਵੇਂ ਲੱਗਦਾ ਕਿ ਗੁਰੂ ਲਾਧੋ ਰੇ? ਸੋ, ਫਰਕ ਇਹੀ ਹੈ ਜੀ ਤਾਂਹੀਓ ਸਜਦਾ ਕਰਦੇ ਹਾਂ, ਤਾਂਹੀਓ 350 ਸਾਲ ਬਾਅਦ ਯਾਦ ਕਰਦੇ ਹਾਂ। ਉਸ ਜਲਾਦ ਦਾ ਨਾਮ ਵੀ ਨਹੀਂ ਯਾਦ ਜਿਸ ਨੇ ਸੀਸ ਨੂੰ ਧੜ ਤੋਂ ਅਲੱਗ ਕੀਤਾ ਪਰ ਇੱਥੇ 350 ਸਾਲ ਬਾਅਦ ਮੇਲੇ ਲੱਗਦੇ ਹਨ, ਇੱਥੇ ਸੰਗਤ ਨਤਮਸਤਕ ਹੋਣ ਆਉਂਦੀ ਹੈ, ਪਤਾ ਨਹੀਂ ਕਿੰਨੇ ਲੱਖ ਸੰਗਤ ਆਉਂਦੀ ਹੈ, ਪਤਾ ਨਹੀਂ ਪੂਰੀ ਦੁਨੀਆਂ ਵਿੱਚ ਗੁਰੂ ਸਾਹਿਬ ਦੀ ਬਾਣੀ ਦਾ ਉਚਾਰਨ ਇਸ ਵਕਤ ਚੱਲੀ ਜਾਂਦਾ ਹੋਵੇਗਾ। ਸੋ, ਮੈਂ ਇਸ ਸਦਨ ਵਿੱਚ ਸਦਨ ਦਾ ਨੇਤਾ ਹੋਣ ਦੇ ਨਾਤੇ ਅਤੇ ਮੇਜ਼ਬਾਨ ਹੋਣ ਦੇ ਨਾਤੇ ਇੱਕ ਨਿਮਾਣਾ ਪ੍ਰਬੰਧਕ ਹੋਣ ਦੇ ਨਾਤੇ ਜਿੰਨੇ ਵੀ ਇਸ ਧਰਤੀ ਤੇ ਸੰਗਤ ਦੇ ਕਦਮ ਪਏ ਹਨ, ਇਕੱਲਾ ਇਕੱਲਾ ਕਦਮ ਆਪਣੇ ਸਿਰਮੱਥੇ ਲੈਂਦਾ ਹੋਇਆ ਇਸ ਮਤੇ ਦਾ ਸਮਰਥਨ ਕਰਦਾ ਹਾਂ ਔਰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪ ਵੀ ਸਰਵਨ ਕਰੀਏ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਵੀ ਪਹੁੰਚਾਈਏ ਤਾਂ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਪਤਾ ਲੱਗੇ ਕਿ ਅਸਲ ਵਿੱਚ ਕੁਰਬਾਨੀਆਂ ਕੀ ਹੁੰਦੀਆਂ ਹਨ। ਚੀਚੀਆਂ ਨੂੰ ਖੂਨ ਲਗਾ ਕੇ ਤਾਂ ਬੜੇ ਸ਼ਹੀਦ ਹੁੰਦੇ ਹਨ ਜੀ ਪਰ ਸੀਸ ਕਟਵਾ ਕੇ ਸੀਸ ਤਲੀ 'ਤੇ ਧਰ ਕੇ ਸ਼ਹਾਦਤਾਂ ਦੇਣੀਆਂ ਵਿਰਲਿਆਂ ਵਿਰਲਿਆਂ ਦੇ ਹਿੱਸੇ ਆਉਂਦੀਆਂ ਹਨ ਜੀ। ਇਹ ਸ਼ਹਾਦਤਾਂ ਕੌਮ ਦੇ ਹਿੱਸੇ ਆਈਆਂ ਹਨ, ਅਸੀਂ ਇਨ੍ਹਾਂ ਨੂੰ ਸੰਭਾਲ ਲਈਏ। ਅਸੀਂ ਤਾਂ ਉਨ੍ਹਾਂ ਦੇ ਕਦਮਾਂ ਦੀ ਧੂੜ ਦੇ ਤਿਣਕੇ ਵੀ ਨਹੀਂ ਹਾਂ ਪਰ ਜੇ ਸੰਭਾਲ ਲਈਏ ਤਾਂ ਫਿਰ ਇਹੀ ਸਭ ਤੋਂ

ਵੱਡਾ ਸੁਭਾਗ ਹੋਵੇਗਾ। ਆਉਣ ਵਾਲੇ ਲੋਕ ਯਾਦ ਕਰ ਲੈਣਗੇ, ਹਰੇਕ ਨੇ ਜਾਣਾ ਹੀ ਹੈ ਕਿ ਭਾਈ ਚਲੋ ਆਏ ਸੀ, ਉਨ੍ਹਾਂ ਨੇ ਆਪਣਾ ਯੋਗਦਾਨ ਪਾਇਆ ਹੈ, ਇਸ ਜੱਗ ਵਿੱਚ ਅਸੀਂ ਆਪਣਾ ਹਿੱਸਾ ਪਾਈ ਜਾਂਦੇ ਹਾਂ, ਇਹ ਸੇਵਾ ਹੀ ਹੈ, ਇੱਥੇ ਕੋਈ ਕ੍ਰੈਡਿਟ ਵਾਰ ਨਹੀਂ ਹੈ। ਮੈਂ ਸਮਰਥਨ ਕਰਦਾ ਹਾਂ ਜੀ। ਸਪੀਕਰ ਸਾਹਿਬ, ਜੇ ਤੁਹਾਡੀ ਇਜਾਜ਼ਤ ਹੋਵੇ, ਪਹਿਲਾਂ ਇਸ ਮਤੇ ਨੂੰ ਪਾਸ ਕਰ ਲਈਏ?

.........

## RULING BY THE HON'BLE SPEAKER REGARDING MAKING WRITTEN SPEECHES OF HON'BLE MINISTERS/ MEMBERS PART OF DEBATE OF SRI ANANDPUR SAHIB HISTORICAL VIDHAN SABHA SESSION.

**ਮਾਣਯੋਗ ਸਪੀਕਰ:** ਪਹਿਲਾਂ ਅਸੀਂ ਮਤਾ ਪਾਸ ਕਰਵਾ ਲਈਏ। ਸਰਕਾਰੀ ਮਤਾ ਸਦਨ ਦੀ ਵੋਟ ਲਈ ਪੇਸ਼ ਕਰਨ ਤੋਂ ਪਹਿਲਾਂ ਮੈਂ ਆਪ ਸਭ ਨੂੰ ਨਿਮਰਤਾ ਨਾਲ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਮਾਣਯੋਗ ਮੈਂਬਰਾਂ ਨੂੰ ਬੁਲਾਇਆ ਜਾਣਾ ਸਮੇਂ ਦੀ ਘਾਟ ਕਰਕੇ ਸੰਭਵ ਨਹੀਂ ਹੋ ਸਕਿਆ। ਕਾਫੀ ਸਾਰੇ ਮੈਂਬਰ ਆਪਣੀ ਰਿਟਨ ਅਕੀਦਤ ਵਿਧਾਨ ਸਭਾ ਨੂੰ ਭੇਜ ਚੁੱਕੇ ਹਨ। ਜਿਨ੍ਹਾਂ ਕੋਲ ਹੁਣ ਹੈ, ਉਹ ਰਿਟਨ ਅਕੀਦਤ ਇੱਥੇ ਰੱਖ ਸਕਦੇ ਹਨ। ਜਿਸ ਨੂੰ ਡਿਬੇਟ ਦਾ ਹਿੱਸਾ ਬਣਾਇਆ ਜਾਵੇਗਾ। ਸੋ, ਸਮੇਂ ਦੀ ਘਾਟ ਹੈ। I wished ਕਿ ਮੈਂ ਸਭ ਨੂੰ ਬੁਲਾ ਸਕਦਾ ਪਰ ਸਭ ਨੂੰ ਰਿਕਾਰਡ ਦਾ ਹਿੱਸਾ ਬਣਾਇਆ ਜਾਵੇਗਾ। ਮੈਂ ਪਹਿਲਾਂ ਹੀ ਤੁਹਾਨੂੰ ਬੇਨਤੀ ਕਰ ਦਿੱਤੀ ਸੀ ਕਿ ਆਪਣੀ ਰਿਟਨ ਅਕੀਦਤ ਸਦਨ ਨੂੰ ਭੇਜ ਦੇਈਏ। ਸੋ, ਹੁਣ ਅਸੀਂ ਮਤੇ ’ਤੇ ਆਉਂਦੇ ਹਾਂ।

**(ਮਾਣਯੋਗ ਮੰਤਰੀ/ ਮੈਂਬਰ ਸਾਹਿਬਾਨ ਦੁਆਰਾ ਮੇਜ਼ ਉਤੇ ਰੱਖੀਆਂ/ ਪ੍ਰਾਪਤ ਹੋਈਆਂ ਤਕਰੀਰਾਂ ਅਨੁਲੱਗ "ੳ" 'ਤੇ ਦਰਜ ਹਨ।)**

-----

## OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI *(Resumption)*

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

> "ਕਿ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਦੇ ਇਤਿਹਾਸਕ ਮੌਕੇ ਤੇ ਮਹਾਨ ਸਿੱਖ ਗੁਰੂ ਪ੍ਰਤੀ ਆਪਣੀ ਡੂੰਘੀ ਸ਼ਰਧਾ ਅਤੇ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਸਤਿਕਾਰ, ਭਾਵਨਾ ਅਤੇ ਵਿਸ਼ਵਾਸ ਨਾਲ ਨਿਮਰਤਾ ਸਹਿਤ ਸੀਸ ਝੁਕਾਉਂਦਾ ਹੈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰਨ ਦੇ ਅਧਿਕਾਰ ਦੀ ਰੱਖਿਆ ਕਰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਸਵੈਮਾਨ ਦੇ ਸਿਧਾਂਤਾਂ ਨੂੰ ਮਜ਼ਬੂਤੀ ਨਾਲ ਕਾਇਮ ਰੱਖਿਆ;

ਉਨ੍ਹਾਂ ਦੀ ਸਰਵਉੱਚ ਕੁਰਬਾਨੀ ਪੀੜ੍ਹੀਆਂ ਲਈ ਪ੍ਰੇਰਨਾ ਦਾ ਚਾਨਣ ਮੁਨਾਰਾ ਰਹੀ ਹੈ, ਜਿਸ ਨੇ ਸੂਰਬੀਰਤਾ, ਹਮਦਰਦੀ ਅਤੇ ਨਿਆਂ ਪ੍ਰਤੀ ਅਟੁੱਟ ਵਚਨਬੱਧਤਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕੀਤਾ ਹੈ;

ਪੰਜਾਬ ਦੇ ਲੋਕ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਉਹ ਗੁਰੂ ਜੀ ਦੀ ਅਮੀਰ ਅਧਿਆਤਮਿਕ ਵਿਰਾਸਤ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਤੇ ਅਤਿਅੰਤ ਮਾਣ ਮਹਿਸੂਸ ਕਰਦੇ ਹਨ;

ਇਸ ਲਈ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਉਨ੍ਹਾਂ ਦੀ ਸ਼ਹੀਦੀ ਦੀ 350ਵੀਂ ਵਰ੍ਹੇਗੰਢ ’ਤੇ ਪੂਰੀ ਗੰਭੀਰਤਾ ਅਤੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਸਨਮਾਨ ਸਹਿਤ ਯਾਦ ਕਰਦਾ ਹੈ।

ਇਸ ਮੌਕੇ ਨੂੰ ਸਮਰਪਿਤ ਵੱਖ-ਵੱਖ ਸਮਾਗਮਾਂ ਅਤੇ ਪ੍ਰੋਗਰਾਮਾਂ ਦੇ ਆਯੋਜਨ ਲਈ ਪੰਜਾਬ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕਰਦਾ ਹੈ, ਜਿਸ ਵਿੱਚ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਦੇ ਨਾਲ-ਨਾਲ ਨਗਰ ਕੀਰਤਨ, ਕੀਰਤਨ ਦਰਬਾਰ ਅਤੇ ਗੁਰੂ ਸਾਹਿਬ ਦੇ ਜੀਵਨ ਅਤੇ ਵਿਰਾਸਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ/ਡਰੋਨ ਸ਼ੋਅ ਅਤੇ ਸਰਵ ਧਰਮ ਸੰਮੇਲਨ ਸ਼ਾਮਲ ਹਨ।

ਇਹ ਸਦਨ ਸਰਕਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦਰਸਾਏ ਗਏ ਧਰਮ ਨਿਰਪੱਖਤਾ, ਵਿਸ਼ਵਵਿਆਪੀ ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਲਾਂ ਦੇ ਸਿਧਾਤਾਂ ਨੂੰ ਉਤਸ਼ਾਹਿਤ ਕਰਨਾ, ਜਾਰੀ ਰੱਖਣ ਦੀ ਅਪੀਲ ਕਰਦਾ ਹੈ।

ਇਹ ਸਦਨ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਖੁਸ਼ਹਾਲੀ, ਸਮਾਜ ਵਿੱਚ ਸ਼ਾਂਤੀ, ਸਹਿਣਸ਼ੀਲਤਾ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਨ ਦਾ ਸੰਕਲਪ ਕਰਦਾ ਹੈ।"

**ਇੱਕ ਅਵਾਜ਼:** ਬੋਲੇ ਸੋ ਨਿਹਾਲ।

**ਮਾਣਯੋਗ ਸਪੀਕਰ:** ਸਤਿ ਸ੍ਰੀ ਅਕਾਲ ਜੀ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-----

**RESOLUTION REGARDING MEETING LONG-STANDING DEMAND OF PUBLIC BY OFFICIALLY DECLARING GALIARA OF SRI DARBAR SAHIB AT SRI AMRITSAR SAHIB, SRI ANANDPUR SAHIB AND SRI DAMDAMA SAHIB, TALWANDI SABO, AS HOLY CITIES OF PUNJAB, BANNING THE SALE AND USE OF MEAT, LIQUOR, TOBACCO AND OTHER INTOXICANT PRODUCTS AND SHUTTING DOWN SHOPS OF MEAT, LIQUOR, CIGARETTE AND TOBACCO THERE.**

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ):** ਮਾਣਯੋਗ ਸਪੀਕਰ ਸਾਹਿਬ, ਜੇਕਰ ਤੁਹਾਡੀ ਇਜਾਜ਼ਤ ਹੈ ਤਾਂ ਮੈਂ ਇਸ ਪਵਿੱਤਰ ਸਦਨ ਦੇ ਵਿਚਾਰਨ ਲਈ ਇੱਕ ਮਤਾ ਪੇਸ਼ ਕਰਨਾ ਚਾਹੁੰਦਾ ਹਾਂ ਜੀ।

**ਮਾਣਯੋਗ ਸਪੀਕਰ:** ਜੀ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਇੱਕ ਨਿਮਾਣਾ ਸਿੱਖ ਹੋਣ ਦੇ ਨਾਤੇ ਇਹ ਮਤਾ ਪੇਸ਼ ਕਰਨਾ ਚਾਹੁੰਦਾ ਹਾਂ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

"ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸੱਚੇ ਪਾਤਸ਼ਾਹ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਨੂੰ ਇਤਿਹਾਸਕ ਬਣਾਉਣ ਲਈ ਮੈਂ ਮਹਿਸੂਸ ਕਰਦਾ ਹਾਂ ਅਤੇ ਇਸ ਸਦਨ ਦੇ ਬਾਕੀ ਮੈਂਬਰ ਵੀ ਮਹਿਸੂਸ ਕਰਦੇ ਹੋਣਗੇ ਕਿ ਸਾਡੇ ਗੁਰੂ ਸਾਹਿਬਾਨ ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਰਹੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਾਂ ਕੁਰਬਾਨੀ ਵੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹੋਈ ਹੈ। ਉਨ੍ਹਾਂ ਨੇ ਅਨੰਦਪੁਰ ਸਾਹਿਬ ਵਸਾਉਣ ਲਈ ਇੱਥੋਂ ਦੀ ਜ਼ਮੀਨ ਖਰੀਦ ਕੇ ਆਪ ਇਹ ਸ਼ਹਿਰ ਵਸਾਇਆ ਸੀ। ਉਨ੍ਹਾਂ ਦੇ ਇਕਲੌਤੇ ਸਾਹਿਬਜ਼ਾਦੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਗਭੱਗ 30 ਸਾਲ ਇਸ ਪਾਵਨ ਧਰਤੀ ਤੇ ਰਹੇ। ਉਨ੍ਹਾਂ ਨੇ ਇੱਥੇ ਰਹਿੰਦਿਆਂ ਹੀ ਜ਼ੁਲਮ ਨਾਲ ਲੜਨ ਲਈ ਦੇਸ਼ ਦੀ ਰਾਖੀ ਵਾਸਤੇ ਖਾਲਸਾ ਪੰਥ ਦੀ ਸਾਜਨਾ ਵੀ ਇਸੇ ਪਵਿੱਤਰ ਧਰਤੀ ਤੇ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਵਿੱਚੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇਸੇ ਧਰਤੀ ਤੇ ਹੋਇਆ। ਜਿਨ੍ਹਾਂ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ। ਸੋ, ਨਾਲ ਹੀ ਪਾਤਸ਼ਾਹ ਦੇ ਸਾਜੇ ਪੰਜ ਤਖਤਾਂ ਵਿੱਚੋਂ ਤਿੰਨ ਤਖਤ ਵੀ ਇਸੇ ਪੰਜਾਬ ਦੀ ਧਰਤੀ ਤੇ ਸਾਡੇ ਹਿੱਸੇ ਆਏ ਹਨ। ਸ੍ਰੀ ਅਕਾਲ ਤਖਤ ਸਾਹਿਬ ਜੋ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ। ਮਾਲਵੇ ਦੀ ਮਹਾਨ ਧਰਤੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਜੋ ਕਿ ਤਲਵੰਡੀ ਸਾਬੋ ਵਿੱਚ ਸਥਿਤ ਹੈ। ਬਹੁਤ ਸਾਲਾਂ ਤੋਂ ਉੱਠ ਰਹੀ ਮੰਗ ਨੂੰ ਮੁੱਖ ਰੱਖਦਿਆਂ ਪੰਜਾਬ ਵਿਧਾਨ ਸਭਾ ਦੇ ਇਸ ਸੈਸ਼ਨ ਨੂੰ ਆਉਣ ਵਾਲੇ ਇਤਿਹਾਸ ਵਿੱਚ ਸਦੀਵੀ ਤੌਰ ਤੇ ਚੇਤੇ ਰੱਖਣ ਵਾਸਤੇ ਇਹ ਸਦਨ ਅੱਜ ਸਿਫਾਰਸ਼ ਕਰਦਾ ਹੈ ਕਿ ਸੂਬਾ ਸਰਕਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਗਲਿਆਰਾ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ,

ਤਿੰਨੋਂ ਤਖਤਾਂ ਦੇ ਸ਼ਹਿਰਾਂ ਨੂੰ ਪੰਜਾਬ ਦੇ ਅਧਿਕਾਰਤ ਪਵਿੱਤਰ ਸ਼ਹਿਰ ਵਜੋਂ ਐਲਾਨ ਕਰਨ ਦਾ ਫੈਸਲਾ ਕਰੇ। ਇੱਥੇ ਮਾਸ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿੱਕਰੀ ਅਤੇ ਵਰਤੋਂ ਤੇ ਪਾਬੰਦੀ ਲਗਾ ਕੇ ਮੀਟ ਦੀਆਂ ਦੁਕਾਨਾਂ, ਸ਼ਰਾਬ ਦੇ ਠੇਕੇ, ਸਿਗਰਟ ਦੀਆਂ ਦੁਕਾਨਾਂ ਤੇ ਨਸ਼ੇ ਦੇ ਅੱਡੇ ਬੰਦ ਕਰਕੇ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਜਾਵੇ। ਇਹ ਸ਼ਹਿਰ ਨਾ ਸਿਰਫ ਧਾਰਮਿਕ ਕੇਂਦਰ ਹਨ ਬਲਕਿ ਸਾਡੀ ਸੱਭਿਆਚਾਰਕ ਵਿਰਾਸਤ ਦੇ ਪ੍ਰਤੀਕ ਵੀ ਹਨ। ਸੋ, ਇਹ ਮੰਗ ਕਿਸੇ ਇੱਕ ਧਿਰ, ਵਰਗ ਜਾਂ ਧਰਮ ਦੀ ਨਹੀਂ ਹੈ ਸਗੋਂ ਆਪਣੀ ਵਿਰਾਸਤ ਨੂੰ ਸੰਭਾਲਣ ਅਤੇ ਵਿਸ਼ਵ ਪੱਧਰ ਤੇ ਪ੍ਰਚਾਰਿਤ ਕਰਨ ਹਿੱਤ ਇਹ ਕਦਮ ਚੁੱਕਣਾ ਜ਼ਰੂਰੀ ਹੈ।

ਇਸ ਦੇ ਨਾਲ ਹੀ ਇਨ੍ਹਾਂ ਸ਼ਹਿਰਾਂ ਵਿੱਚ ਸਾਰੇ ਧਾਰਮਿਕ ਅਸਥਾਨਾਂ ਨਾਲ ਸਬੰਧਿਤ ਇੱਕ ਸਰਬ ਧਰਮ ਕਮੇਟੀ ਬਣਾਈ ਜਾਵੇ, ਜਿਸ ਵਿੱਚ ਸਾਰੇ ਧਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਣ। ਪੰਜਾਬ ਸਰਕਾਰ ਇਨ੍ਹਾਂ ਪਵਿੱਤਰ ਸ਼ਹਿਰਾਂ ਦੇ ਵਿਕਾਸ, ਸਫਾਈ, ਸੁਰੱਖਿਆ ਅਤੇ ਧਾਰਮਿਕ ਸੈਰ-ਸਪਾਟੇ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਲੋੜੀਂਦਾ ਬਜਟ ਜਾਰੀ ਕਰੇਗੀ ਅਤੇ ਕੇਂਦਰ ਸਰਕਾਰ ਤੋਂ ਵੀ ਫੰਡਾਂ ਦੀ ਮੰਗ ਕਰੇ।"

ਮਾਣਯੋਗ ਸਪੀਕਰ ਸਾਹਿਬ, ਮੈਂ ਇਹ ਉਕਤ ਮਤਾ ਸਦਨ ਦੇ ਵਿਚਾਰਨ ਲਈ ਪੇਸ਼ ਕਰਦਾ ਹਾਂ। ਸਦਨ ਵੱਲੋਂ ਇਸ ’ਤੇ ਵਿਚਾਰ ਕਰਕੇ ਇਸ ਨੂੰ ਪਾਸ ਕੀਤਾ ਜਾਵੇ। ਸ੍ਰੀ ਦਰਬਾਰ ਸਾਹਿਬ, ਤਖਤ ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਗਲਿਆਰੇ ਦਾ ਏਰੀਆ, ਸ੍ਰੀ ਅਨੰਦਪੁਰ ਸਾਹਿਬ ਤੇ ਤਲਵੰਡੀ ਸਾਬੋ ਤਖਤ ਸ੍ਰੀ ਦਮਦਮਾ ਸਾਹਿਬ, ਇਨ੍ਹਾਂ ਤਿੰਨਾਂ ਤਖਤਾਂ ਜਿਹੜੇ ਕਿ ਪੰਜਾਬ ਦੀ ਧਰਤੀ ’ਤੇ ਮੌਜੂਦ ਹਨ, ਇਨ੍ਹਾਂ ਨੂੰ ਪਵਿੱਤਰ ਸ਼ਹਿਰ ਵਜੋਂ ਐਲਾਨਣ ਦਾ ਇਤਿਹਾਸਕ ਮਤਾ ਹੈ। ਇਹ ਲੋਕਾਂ ਦੀ ਬੜੀ ਚਿਰਾਂ ਤੋਂ ਮੰਗ ਵੀ ਸੀ। ਇਸ ਮੰਗ ਨੂੰ ਇਸ ਸਦਨ ਦੇ ਸਾਹਮਣੇ ਪੇਸ਼ ਕਰ ਰਹੇ ਹਾਂ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

"ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸੱਚੇ ਪਾਤਸ਼ਾਹ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਨੂੰ ਇਤਿਹਾਸਕ ਬਣਾਉਣ ਲਈ ਮੈਂ ਮਹਿਸੂਸ ਕਰਦਾ ਹਾਂ ਅਤੇ ਇਸ ਸਦਨ ਦੇ ਬਾਕੀ ਮੈਂਬਰ ਵੀ ਮਹਿਸੂਸ ਕਰਦੇ ਹੋਣਗੇ ਕਿ ਸਾਡੇ ਗੁਰੂ ਸਾਹਿਬਾਨ ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਰਹੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਾਂ ਕੁਰਬਾਨੀ ਵੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹੋਈ ਹੈ। ਉਨ੍ਹਾਂ ਨੇ ਅਨੰਦਪੁਰ ਸਾਹਿਬ ਵਸਾਉਣ ਲਈ ਇੱਥੋਂ ਦੀ ਜ਼ਮੀਨ ਖਰੀਦ ਕੇ ਆਪ ਇਹ ਸ਼ਹਿਰ ਵਸਾਇਆ ਸੀ। ਉਨ੍ਹਾਂ ਦੇ ਇਕਲੌਤੇ ਸਾਹਿਬਜ਼ਾਦੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਗਭੱਗ 30 ਸਾਲ ਇਸ ਪਾਵਨ ਧਰਤੀ ਤੇ ਰਹੇ। ਉਨ੍ਹਾਂ ਨੇ ਇੱਥੇ ਰਹਿੰਦਿਆਂ ਹੀ ਜ਼ੁਲਮ ਨਾਲ ਲੜਨ ਲਈ ਦੇਸ਼ ਦੀ ਰਾਖੀ ਵਾਸਤੇ ਖਾਲਸਾ ਪੰਥ ਦੀ ਸਾਜਨਾ ਵੀ ਇਸੇ ਪਵਿੱਤਰ ਧਰਤੀ ਤੇ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਵਿੱਚੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇਸੇ ਧਰਤੀ ਤੇ ਹੋਇਆ। ਜਿਨ੍ਹਾਂ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ। ਸੋ, ਨਾਲ ਹੀ ਪਾਤਸ਼ਾਹ ਦੇ ਸਾਜੇ ਪੰਜ ਤਖਤਾਂ ਵਿੱਚੋਂ ਤਿੰਨ ਤਖਤ ਵੀ

ਇਸੇ ਪੰਜਾਬ ਦੀ ਧਰਤੀ ਤੇ ਸਾਡੇ ਹਿੱਸੇ ਆਏ ਹਨ। ਸ੍ਰੀ ਅਕਾਲ ਤਖਤ ਸਾਹਿਬ ਜੋ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ। ਮਾਲਵੇ ਦੀ ਮਹਾਨ ਧਰਤੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਜੋ ਕਿ ਤਲਵੰਡੀ ਸਾਬੋ ਵਿੱਚ ਸਥਿਤ ਹੈ। ਬਹੁਤ ਸਾਲਾਂ ਤੋਂ ਉੱਠ ਰਹੀ ਮੰਗ ਨੂੰ ਮੁੱਖ ਰੱਖਦਿਆਂ ਪੰਜਾਬ ਵਿਧਾਨ ਸਭਾ ਦੇ ਇਸ ਸੈਸ਼ਨ ਨੂੰ ਆਉਣ ਵਾਲੇ ਇਤਿਹਾਸ ਵਿੱਚ ਸਦੀਵੀ ਤੌਰ ਤੇ ਚੇਤੇ ਰੱਖਣ ਵਾਸਤੇ ਇਹ ਸਦਨ ਅੱਜ ਸਿਫਾਰਸ਼ ਕਰਦਾ ਹੈ ਕਿ ਸੂਬਾ ਸਰਕਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਗਲਿਆਰਾ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਿੰਨੋਂ ਤਖਤਾਂ ਦੇ ਸ਼ਹਿਰਾਂ ਨੂੰ ਪੰਜਾਬ ਦੇ ਅਧਿਕਾਰਤ ਪਵਿੱਤਰ ਸ਼ਹਿਰ ਵਜੋਂ ਐਲਾਨ ਕਰਨ ਦਾ ਫੈਸਲਾ ਕਰੇ। ਇੱਥੇ ਮਾਸ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿੱਕਰੀ ਅਤੇ ਵਰਤੋਂ ਤੇ ਪਾਬੰਦੀ ਲਗਾ ਕੇ ਮੀਟ ਦੀਆਂ ਦੁਕਾਨਾਂ, ਸ਼ਰਾਬ ਦੇ ਠੇਕੇ, ਸਿਗਰਟ ਦੀਆਂ ਦੁਕਾਨਾਂ ਤੇ ਨਸ਼ੇ ਦੇ ਅੱਡੇ ਬੰਦ ਕਰਕੇ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਜਾਵੇ। ਇਹ ਸ਼ਹਿਰ ਨਾ ਸਿਰਫ ਧਾਰਮਿਕ ਕੇਂਦਰ ਹਨ ਬਲਕਿ ਸਾਡੀ ਸੱਭਿਆਚਾਰਕ ਵਿਰਾਸਤ ਦੇ ਪ੍ਰਤੀਕ ਵੀ ਹਨ। ਸੋ, ਇਹ ਮੰਗ ਕਿਸੇ ਇੱਕ ਧਿਰ, ਵਰਗ ਜਾਂ ਧਰਮ ਦੀ ਨਹੀਂ ਹੈ ਸਗੋਂ ਆਪਣੀ ਵਿਰਾਸਤ ਨੂੰ ਸੰਭਾਲਣ ਅਤੇ ਵਿਸ਼ਵ ਪੱਧਰ ਤੇ ਪ੍ਰਚਾਰਿਤ ਕਰਨ ਹਿੱਤ ਇਹ ਕਦਮ ਚੁੱਕਣਾ ਜ਼ਰੂਰੀ ਹੈ।

ਇਸ ਦੇ ਨਾਲ ਹੀ ਇਨ੍ਹਾਂ ਸ਼ਹਿਰਾਂ ਵਿੱਚ ਸਾਰੇ ਧਾਰਮਿਕ ਅਸਥਾਨਾਂ ਨਾਲ ਸਬੰਧਿਤ ਇੱਕ ਸਰਬ ਧਰਮ ਕਮੇਟੀ ਬਣਾਈ ਜਾਵੇ, ਜਿਸ ਵਿੱਚ ਸਾਰੇ ਧਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਣ। ਪੰਜਾਬ ਸਰਕਾਰ ਇਨ੍ਹਾਂ ਪਵਿੱਤਰ ਸ਼ਹਿਰਾਂ ਦੇ ਵਿਕਾਸ, ਸਫਾਈ, ਸੁਰੱਖਿਆ ਅਤੇ ਧਾਰਮਿਕ ਸੈਰ-ਸਪਾਟੇ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਲੋੜੀਂਦਾ ਬਜਟ ਜਾਰੀ ਕਰੇਗੀ ਅਤੇ ਕੇਂਦਰ ਸਰਕਾਰ ਤੋਂ ਵੀ ਫੰਡਾਂ ਦੀ ਮੰਗ ਕਰੇ।"

**ਮਾਣਯੋਗ ਸਪੀਕਰ** : ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਜੋ ਮਤਾ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਪੇਸ਼ ਕੀਤਾ ਹੈ, ਮੈਂ ਇਸ ਦੀ ਤਾਈਦ ਕਰਦਾ ਹਾਂ। ਇਹ ਜਿਹੜੇ ਸਾਡੇ ਤਿੰਨ ਪਵਿੱਤਰ ਸ਼ਹਿਰ ਹਨ, ਮੈਂ ਸਮਝਦਾ ਹਾਂ ਕਿ ਇਹ ਬੜਾ ਲੰਮਾ ਅਰਸਾ ਪਹਿਲਾਂ ਇਹ ਹੋਲੀ ਸਿਟੀ ਵਜੋਂ ਵਿਕਸਤ ਹੋ ਜਾਣੇ ਚਾਹੀਦੇ ਸਨ ਲੇਕਿਨ ਚਲੋ, ਦੇਰ ਆਏ, ਦਰੁਸਤ ਆਏ। ਮੈਂ ਸਮਝਦਾ ਹਾਂ ਕਿ ਇਹ ਸੁਭਾਗੇ ਭਾਗ, ਉਹ ਸਾਡੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਪ੍ਰਾਪਤ ਹੋਣੇ ਸਨ। ਇਹ ਬਹੁਤ ਹੀ ਪਵਿੱਤਰ ਐਲਾਨ ਹੈ, ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ ਅਤੇ ਮਤੇ ਦੀ ਤਾਈਦ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਮਤੇ ਵਿੱਚ ਲਿਖੀਆਂ ਜਿੰਨੀਆਂ ਵੀ ਗੱਲਾਂ ਹਨ, ਮੈਂ ਇੱਕ-ਇੱਕ ਗੱਲ ਦੇ ਨਾਲ ਸਹਿਮਤ ਹਾਂ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਵੀ ਬੇਨਤੀ ਕਰਦਾ ਹਾਂ ਕਿ ਇਸ ਮਤੇ ਦੀ ਖੁੱਲ੍ਹ ਕੇ ਹਮਾਇਤ ਕੀਤੀ ਜਾਵੇ। ਬਹੁਤ ਬਹੁਤ ਧੰਨਵਾਦ, ਸ਼ੁਕਰੀਆ।

**ਮਾਣਯੋਗ ਸਪੀਕਰ** : ਥੈਂਕ ਯੂ। ਸਰਦਾਰ ਪਰਗਟ ਸਿੰਘ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਰ, ਜਿਹੜਾ ਸੀ.ਐਮ. ਸਾਹਿਬ ਨੇ ਇਹ ਪ੍ਰਸਤਾਵ ਪੇਸ਼ ਕੀਤਾ ਹੈ, ਮੈਂ ਇਸ ਦੀ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ। ਇੱਕ ਦੋ ਕਲੈਰੀਫਿਕੇਸ਼ਨ ਲੈਣੀ ਚਾਹੁੰਦਾ ਹਾਂ, ਕਿਉਂਕਿ

ਗਲਿਆਰੇ ਦੇ ਵਿੱਚ ਤਾਂ ਪਹਿਲਾਂ ਹੀ ਕੋਈ ਇਹੋ ਜਿਹੀ ਚੀਜ਼ ਮੇਰਾ ਖਿਆਲ ਹੈ ਨਾ ਕਿਤੇ ਸ਼ਰਾਬ, ਨਾ ਕਿਤੇ ਬੀੜੀ, ਨਾ ਕਿਤੇ ਮੀਟ ਦੀਆਂ ਦੁਕਾਨਾਂ ਹਨ। ਕੀ ਆਪਾਂ ਪੂਰੇ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਜਾ ਰਹੇ ਹਾਂ ਜਾਂ ਸਿਰਫ ਗਲਿਆਰੇ ਦੀ ਹੀ ਗੱਲ ਕਰਦੇ ਹਾਂ? ਸਰ, ਗਲਿਆਰਾ ਤਾਂ ਪਹਿਲਾਂ ਹੀ ਪਵਿੱਤਰ ਹੈ। ਮੈਨੂੰ ਲਗਦਾ ਹੈ ਕਿ ਇਸ ਬਾਰੇ ਸੀ.ਐਮ. ਸਾਹਿਬ ਜ਼ਰੂਰ ਕਲੈਰੀਫਾਈ ਕਰਨ। ਮੈਂ ਇੱਕ ਗੱਲ ਹੋਰ ਜ਼ਰੂਰ ਕਰਨੀ ਚਾਹੁੰਦਾ ਹਾਂ ਕਿ ਆਪਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾ ਰਹੇ ਹਾਂ, ਉਨ੍ਹਾਂ ਦੀ ਜਿਹੜੀ ਅਸਲੀ ਫਿਲਾਸਫੀ ਹੈ, ਉਸ ’ਤੇ ਸਾਨੂੰ ਪਹਿਰਾ ਦੇਣ ਦੀ ਜ਼ਰੂਰਤ ਹੈ। ਆਉਣ ਵਾਲੇ ਸਮੇਂ ਵਿੱਚ ਪਾਰਲੀਮੈਂਟ ਦੇ 5 ਬਿਲ ਆ ਰਹੇ ਹਨ। ਸਾਡੇ ਮੈਂਬਰ ਪਾਰਲੀਮੈਂਟ ਵੀ ਇੱਥੇ ਬੈਠੇ ਹਨ।

**ਮਾਣਯੋਗ ਸਪੀਕਰ**: ਆਪਾਂ ਉਹ ਕਰ ਲਵਾਂਗੇ ਜੀ। ਆਪਣੇ ਕੋਲ ਬੜਾ ਸਮਾਂ ਹੈ, ਆਪਾਂ ਬਾਅਦ ਵਿੱਚ ਵੀ ਵਿਚਾਰ ਕਰ ਸਕਦੇ ਹਾਂ। ਹੁਣ ਮਤੇ ਤੇ ਗੱਲ ਕਰ ਲਈਏ। ਤੁਸੀਂ ਕਲੈਰੀਫਿਕੇਸ਼ਨ ਲੈ ਲਵੋ।

**ਸਰਦਾਰ ਪਰਗਟ ਸਿੰਘ ਪੋਆਰ**: ਠੀਕ ਹੈ ਜੀ।

**ਮਾਣਯੋਗ ਸਪੀਕਰ**: ਮਾਣਯੋਗ ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ**: ਮਾਣਯੋਗ ਵਿਧਾਇਕ ਸਾਹਿਬ ਨੇ ਜੋ ਸਵਾਲ ਪੁੱਛਿਆ ਹੈ, ਪਹਿਲਾਂ ਸਿਰਫ ਲੋਕਾਂ ਵੱਲੋਂ ਆਪਣੇ ਆਪ ਉਸ ਗਲਿਆਰੇ ਦੀ ਪਵਿੱਤਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲੇ ਲਏ ਗਏ ਹਨ, ਅਧਿਕਾਰਿਤ ਤੌਰ ਤੇ ਇਸ ਤੋਂ ਪਹਿਲਾਂ ਕੋਈ ਵੀ ਸਰਕਾਰੀ ਆਰਡਰ ਨਹੀਂ ਹੋਇਆ ਅਤੇ ਨਾ ਹੀ ਵਿਧਾਨ ਸਭਾ ਵਿੱਚ ਪੇਸ਼ ਹੋਇਆ ਹੈ। ਹੁਣ ਉਸ ਗਲਿਆਰੇ ਵਿੱਚ ਕਈ ਹੋਟਲ ਇਸ ਤਰ੍ਹਾਂ ਦੇ ਹਨ ਜਿਹੜੇ ਆਪਣੇ menu ਵਿੱਚ non-veg ਜਾਂ ਉਨ੍ਹਾਂ ਦੇ ਬਾਹਰ ਜਿਹੜੇ ਖਾਣ-ਪੀਣ ਵਾਲੀਆਂ ਥਾਵਾਂ ਹਨ, ਕਈਆਂ ਨੇ ਉੱਥੇ ਮੀਟ ਦੀਆਂ ਦੁਕਾਨਾਂ ਨਹੀਂ ਲਗਾਈਆਂ ਹੋਈਆਂ, ਉਹ ਲੋਕਾਂ ਨੇ ਆਪਣੇ ਵੱਲੋਂ ਹੀ ਕੀਤਾ ਹੋਇਆ ਹੈ ਪਰ ਹੁਣ ਇਸ ਨੂੰ ਅਧਿਕਾਰਿਤ ਤੌਰ ਤੇ ਅੱਜ ਇਸ ਪਵਿੱਤਰ ਸਦਨ ਦੀ ਮਾਨਤਾ ਮਿਲੇਗੀ। ਅਸੀਂ ਫਿਰ ਉਨ੍ਹਾਂ ਦੁਕਾਨਦਾਰਾਂ ਦੇ ਮੁੜ ਵਸੇਬੇ ਦੇ ਜ਼ਿੰਮੇਵਾਰ ਵੀ ਹੋਵਾਂਗੇ। ਅਸੀਂ ਉਨ੍ਹਾਂ ਦਾ ਵੀ ਪ੍ਰਬੰਧ ਕਰਾਂਗੇ ਕਿ ਉਨ੍ਹਾਂ ਨੂੰ ਕੋਈ ਹੋਰ ਰੋਜ਼ਗਾਰ ਜਾਂ ਫਿਰ ਉੱਥੋਂ ਬਾਹਰ ਕਿਤੇ ਰੀ-ਲੋਕੇਟ ਕੀਤਾ ਜਾਵੇ। ਉਹ ਜਿਹੜੀ ਮੰਗ ਸਾਡੇ ਕੋਲ ਆਈ ਹੈ, ਬਹੁਤ ਸਾਰੇ ਧਰਮਾਂ ਦੇ ਮਹਾਂਪੁਰਸ਼ ਬੈਠੇ ਹਨ, ਉਨ੍ਹਾਂ ਨੇ ਵੀ ਕਿਹਾ ਹੈ ਕਿ ਇਸ ਗਲਿਆਰੇ ਨੂੰ ਘੱਟੋ-ਘੱਟ ਅਧਿਕਾਰਤ ਤੌਰ ਤੇ ਗੌਰਮਿੰਟ ਵੱਲੋਂ ਮਾਨਤਾ ਪ੍ਰਾਪਤ ਪਵਿੱਤਰ ਸ਼ਹਿਰ ਦਾ ਦਰਜਾ ਦੇ ਦਿੱਤਾ ਜਾਵੇ। ਇਸ ਕਰਕੇ ਅਸੀਂ ਅੱਜ ਇਸ ਨੂੰ ਪਵਿੱਤਰ ਸਦਨ ਵਿੱਚ ਲੈ ਕੇ ਆਏ ਹਾਂ।

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਹੁਣ ਮੈਂ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਰੱਖਦਾ ਹਾਂ।

ਪ੍ਰਸ਼ਨ ਹੈ -

"ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸੱਚੇ ਪਾਤਸ਼ਾਹ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼

ਸਮਾਗਮ ਨੂੰ ਇਤਿਹਾਸਕ ਬਣਾਉਣ ਲਈ ਮੈਂ ਮਹਿਸੂਸ ਕਰਦਾ ਹਾਂ ਅਤੇ ਇਸ ਸਦਨ ਦੇ ਬਾਕੀ ਮੈਂਬਰ ਵੀ ਮਹਿਸੂਸ ਕਰਦੇ ਹੋਣਗੇ ਕਿ ਸਾਡੇ ਗੁਰੂ ਸਾਹਿਬਾਨ ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਰਹੇ ਹਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਾਂ ਕੁਰਬਾਨੀ ਵੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹੋਈ ਹੈ। ਉਨ੍ਹਾਂ ਨੇ ਅਨੰਦਪੁਰ ਸਾਹਿਬ ਵਸਾਉਣ ਲਈ ਇੱਥੋਂ ਦੀ ਜ਼ਮੀਨ ਖਰੀਦ ਕੇ ਆਪ ਇਹ ਸ਼ਹਿਰ ਵਸਾਇਆ ਸੀ। ਉਨ੍ਹਾਂ ਦੇ ਇਕਲੌਤੇ ਸਾਹਿਬਜ਼ਾਦੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਗਭੱਗ 30 ਸਾਲ ਇਸ ਪਾਵਨ ਧਰਤੀ ਤੇ ਰਹੇ। ਉਨ੍ਹਾਂ ਨੇ ਇੱਥੇ ਰਹਿੰਦਿਆਂ ਹੀ ਜ਼ੁਲਮ ਨਾਲ ਲੜਨ ਲਈ ਦੇਸ਼ ਦੀ ਰਾਖੀ ਵਾਸਤੇ ਖਾਲਸਾ ਪੰਥ ਦੀ ਸਾਜਨਾ ਵੀ ਇਸੇ ਪਵਿੱਤਰ ਧਰਤੀ ਤੇ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਵਿੱਚੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇਸੇ ਧਰਤੀ ਤੇ ਹੋਇਆ। ਜਿਨ੍ਹਾਂ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ। ਸੋ, ਨਾਲ ਹੀ ਪਾਤਸ਼ਾਹ ਦੇ ਸਾਜੇ ਪੰਜ ਤਖਤਾਂ ਵਿੱਚੋਂ ਤਿੰਨ ਤਖਤ ਵੀ ਇਸੇ ਪੰਜਾਬ ਦੀ ਧਰਤੀ ਤੇ ਸਾਡੇ ਹਿੱਸੇ ਆਏ ਹਨ। ਸ੍ਰੀ ਅਕਾਲ ਤਖਤ ਸਾਹਿਬ ਜੋ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ। ਮਾਲਵੇ ਦੀ ਮਹਾਨ ਧਰਤੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਜੋ ਕਿ ਤਲਵੰਡੀ ਸਾਬੋ ਵਿੱਚ ਸਥਿਤ ਹੈ। ਬਹੁਤ ਸਾਲਾਂ ਤੋਂ ਉੱਠ ਰਹੀ ਮੰਗ ਨੂੰ ਮੁੱਖ ਰੱਖਦਿਆਂ ਪੰਜਾਬ ਵਿਧਾਨ ਸਭਾ ਦੇ ਇਸ ਸੈਸ਼ਨ ਨੂੰ ਆਉਣ ਵਾਲੇ ਇਤਿਹਾਸ ਵਿੱਚ ਸਦੀਵੀ ਤੌਰ ਤੇ ਚੇਤੇ ਰੱਖਣ ਵਾਸਤੇ ਇਹ ਸਦਨ ਅੱਜ ਸਿਫਾਰਸ਼ ਕਰਦਾ ਹੈ ਕਿ ਸੂਬਾ ਸਰਕਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਗਲਿਆਰਾ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਿੰਨੋਂ ਤਖਤਾਂ ਦੇ ਸ਼ਹਿਰਾਂ ਨੂੰ ਪੰਜਾਬ ਦੇ ਅਧਿਕਾਰਤ ਪਵਿੱਤਰ ਸ਼ਹਿਰ ਵਜੋਂ ਐਲਾਨ ਕਰਨ ਦਾ ਫੈਸਲਾ ਕਰੇ। ਇੱਥੇ ਮਾਸ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿੱਕਰੀ ਅਤੇ ਵਰਤੋਂ ਤੇ ਪਾਬੰਦੀ ਲਗਾ ਕੇ ਮੀਟ ਦੀਆਂ ਦੁਕਾਨਾਂ, ਸ਼ਰਾਬ ਦੇ ਠੇਕੇ, ਸਿਗਰਟ ਦੀਆਂ ਦੁਕਾਨਾਂ ਤੇ ਨਸ਼ੇ ਦੇ ਅੱਡੇ ਬੰਦ ਕਰਕੇ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਜਾਵੇ। ਇਹ ਸ਼ਹਿਰ ਨਾ ਸਿਰਫ ਧਾਰਮਿਕ ਕੇਂਦਰ ਹਨ ਬਲਕਿ ਸਾਡੀ ਸੱਭਿਆਚਾਰਕ ਵਿਰਾਸਤ ਦੇ ਪ੍ਰਤੀਕ ਵੀ ਹਨ। ਸੋ, ਇਹ ਮੰਗ ਕਿਸੇ ਇੱਕ ਧਿਰ, ਵਰਗ ਜਾਂ ਧਰਮ ਦੀ ਨਹੀਂ ਹੈ ਸਗੋਂ ਆਪਣੀ ਵਿਰਾਸਤ ਨੂੰ ਸੰਭਾਲਣ ਅਤੇ ਵਿਸ਼ਵ ਪੱਧਰ ਤੇ ਪ੍ਰਚਾਰਿਤ ਕਰਨ ਹਿੱਤ ਇਹ ਕਦਮ ਚੁੱਕਣਾ ਜ਼ਰੂਰੀ ਹੈ।

ਇਸ ਦੇ ਨਾਲ ਹੀ ਇਨ੍ਹਾਂ ਸ਼ਹਿਰਾਂ ਵਿੱਚ ਸਾਰੇ ਧਾਰਮਿਕ ਅਸਥਾਨਾਂ ਨਾਲ ਸਬੰਧਿਤ ਇੱਕ ਸਰਬ ਧਰਮ ਕਮੇਟੀ ਬਣਾਈ ਜਾਵੇ, ਜਿਸ ਵਿੱਚ ਸਾਰੇ ਧਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਣ। ਪੰਜਾਬ ਸਰਕਾਰ ਇਨ੍ਹਾਂ ਪਵਿੱਤਰ ਸ਼ਹਿਰਾਂ ਦੇ ਵਿਕਾਸ, ਸਫਾਈ, ਸੁਰੱਖਿਆ ਅਤੇ ਧਾਰਮਿਕ ਸੈਰ-ਸਪਾਟੇ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਲੋੜੀਂਦਾ ਬਜਟ ਜਾਰੀ ਕਰੇਗੀ ਅਤੇ ਕੇਂਦਰ ਸਰਕਾਰ ਤੋਂ ਵੀ ਫੰਡਾਂ ਦੀ ਮੰਗ ਕਰੇ।"

**ਸਪੱਸ਼ਟੀਕਰਨ/ਨੋਟ**: ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਉਕਤ ਮਤੇ ਸਬੰਧੀ ਮਾਣਯੋਗ ਸਪੀਕਰ, ਪੰਜਾਬ ਵਿਧਾਨ ਸਭਾ ਵੱਲੋਂ ਮਤਾ ਪੇਸ਼ ਕਰਨ ਵਾਲੇ ਮਾਣਯੋਗ ਮੈਂਬਰ (ਮਾਣਯੋਗ ਮੁੱਖ ਮੰਤਰੀ ਜੀ) ਨਾਲ ਹੋਈ ਗੱਲਬਾਤ ਅਨੁਸਾਰ ਸਪੱਸ਼ਟ ਕੀਤਾ ਗਿਆ ਹੈ ਕਿ ਪੇਸ਼ ਕੀਤੇ ਗਏ ਮਤੇ ਵਿੱਚ ਦਰਜ ਸ਼ਬਦਾਂ "ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਗਲਿਆਰਾ" ਤੋਂ ਉਨ੍ਹਾਂ ਦਾ ਭਾਵ "ਪੁਰਾਣਾ ਅੰਮ੍ਰਿਤਸਰ ਸ਼ਹਿਰ (Walled City Amritsar)" ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ** : ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਅੱਜ 5.00 ਵਜੇ ਸ਼ਾਮ ਨੂੰ ਵਿਰਾਸਤ-ਏ-ਖਾਲਸਾ ਵਿਖੇ ਡਰੋਨ ਸ਼ੋਅ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਹੈ। ਆਪ ਸਭ ਨੂੰ ਬੇਨਤੀ ਹੈ ਕਿ ਇਸ ਵਿੱਚ ਸ਼ਾਮਲ ਹੋਣ ਦੀ ਵੀ ਖੇਚਲ ਕਰਨੀ।

ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*3.37 ਵਜੇ ਬਾਅਦ ਦੁਪਹਿਰ। (*ਇਸ ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

------------

## ਅਨੁਲੱਗ "ੳ"

**LAYING OF WRITTEN SPEECHS OF HON'BLE MEMBERS, ON THE OFFICIAL RESOLUTION REGARDING PAYING HUMBLE TRIBUTES TO SRI GURU TEGH BAHADUR JI ON THE OCCASION OF HIS 350TH MARTYRDOM ANNIVERSARY; COMMENDING EFFORTS OF GOVT. OF PUNJAB IN ORGANIZING VARIOUS EVENTS TO COMMEMORATE THIS OCCASION AND URGING THE GOVERNMENT TO CONTINUE PROMOTING VALUES AS EXEMPLIFIED BY SRI GURU TEGH BAHADUR JI, AS PER RULING OF THE HON'BLE SPEAKER**

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.) :** ਗੱਜ ਕੇ ਫਤਹਿ ਅਰਜ ਕਰੀਏ ਜੀ:

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ॥ ਸ੍ਰੀ ਵਾਹਿਗੁਰੂ ਜੀ ਕੀ ਫਤਿਹ ॥

ਜਿਵੇਂ ਕਿ ਆਪਾਂ ਸਾਰੇ ਜਾਣਦੇ ਹਾਂ ਕਿ ਅੱਜ ਤੋਂ 350 ਸਾਲ ਪਹਿਲਾਂ ਦਿੱਲੀ ਦੇ ਚਾਂਦਨੀ ਚੌਕ ਵਿੱਚ ਕੋਈ ਵਰਤਾਰਾ ਵਾਪਰਨ ਦੀ ਉਡੀਕ ਵਿੱਚ ਹਵਾ ਵੀ ਰੁਕ ਗਈ ਲੱਗਦੀ ਸੀ, ਸਾਹਮਣੇ ਥੜੇ ਉਪਰ ਕੋਈ ਅਡੋਲ ਬੈਠਾ, ਪ੍ਰਮਾਤਮਾ ਨਾਲ ਲਿਵ ਲਗਾਈ, ਆਉਣ ਵਾਲੇ ਸਮੇਂ ਤੋਂ ਜਾਣੂੰ ਹੋ ਕੇ ਵੀ ਅਣਜਾਣ ਸੀ,ਆਸੇ ਪਾਸੇ ਲੋਕਾਂ ਦੀ ਭੀੜ ਜੁੜੀ ਹੋਈ ਆ, ਕੁੱਝ ਲੋਕਾਂ ਦੇ ਚਿਹਰੇ ਡਰ ਨਾਲ ਸਹਿਮੇ ਹੋਏ ਸਨ, ਕੁੱਝ ਲੋਕ ਅੰਹਕਾਰ ਵਿੱਚ ਗ੍ਰਸੇ ਹੋਏ ਹੱਸ ਰਹੇ ਸਨ। ਜਲਾਦਾਂ ਵੱਲੋਂ ਆਪਣੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ, ਕੁਝ ਦੁਨਿਆਵੀ ਹੰਕਾਰੀ ਲੋਕਾਂ ਵੱਲੋਂ ਇੱਕ ਪ੍ਰਮ-ਆਤਮਾ ਨੂੰ ਡਰਾ ਕੇ ਝੁਕਾਉਣ ਦੀ ਤਿਆਰੀ ਕੀਤੀ ਜਾ ਰਹੀ ਸੀ, ਕਾਰਨ ਬਣਿਆ ਸੀ, ਆਪਾਂ ਸਾਰੇ ਜਾਣਦੇ ਹਾਂ ਕਿ ਕਸ਼ਮੀਰ ਦੇ ਪੰਡਿਤਾਂ ਨੂੰ ਮੁਗਲ ਹਾਕਮਾਂ ਵੱਲੋਂ ਕਿਹਾ ਗਿਆ - ਜਾਂ ਤਾਂ ਮੁਸਲਮਾਨ ਬਣ ਜਾਓ ਜਾਂ ਫਿਰ ਮਰਨ ਲਈ ਤਿਆਰ ਰਹੋ, ਜਾਂ ਫਿਰ ਆਪਣੇ ਪ੍ਰਮਾਤਮਾ ਨੂੰ ਆਖੋ ਕਿ ਤੁਹਾਡੀ ਜਾਨ ਮਾਲ ਤੇ ਧਰਮ ਦੀ ਰਾਖ਼ੀ ਕਰਨ। ਪਰ ਉਸ ਸਮੇਂ ਕਸ਼ਮੀਰੀ ਪੰਡਿਤਾਂ ਨੂੰ ਕੋਈ ਰਾਹ ਨਹੀਂ ਸੀ ਲੱਭ ਰਿਹਾ, ਸਭ ਪਾਸਿਆਂ ਤੋਂ ਨਿਰਾਸ਼ ਹੋ ਕੇ ਪੰਡਿਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਕੋਲ ਪਿੰਡ ਮਾਖੋਵਾਲ(ਚੱਕ ਨਾਨਕੀ), ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ, ਗੁਰੂ ਸਾਹਿਬ ਦੀ ਮਹਿਮਾ ਬੜੀ ਦੂਰ ਦੂਰ ਤੱਕ ਫੈਲੀ ਹੋਈ ਹੋਣ ਕਰਕੇ ਪੰਡਿਤਾਂ ਲਈ ਇੱਕ ਉਮੀਦ ਦੀ ਲਿਸ਼ਕਦੀ ਕਿਰਨ ਜਾਗੀ, ਜਦੋਂ ਪੰਡਿਤਾਂ ਨੇ ਵਿਲਕ ਵਿਲਕ ਕੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਕਿ ਮੁਗ਼ਲ ਹਕੂਮਤ ਉਹਨਾਂ ਦੇ ਤਿਲਕ ਜੰਞੂ ਦੀ ਦੁਸ਼ਮਣ ਬਣ ਬੈਠੀ ਹੈ ਤੇ ਸਾਨੂੰ ਧਰਮ ਪਰਿਵਰਤਨ ਲਈ ਜ਼ਬਰਨ ਮਜਬੂਰ ਕਰ ਰਹੀ ਹੈ, ਬਹੁਤੇ ਪੰਡਿਤਾਂ ਦੇ ਪਰਿਵਾਰਾਂ ਨੂੰ ਮੁਸਲਮਾਨ ਬਣਾ ਵੀ ਲਿਆ ਗਿਆ ਹੈ, ਇਸ ਤਰ੍ਹਾਂ ਤਾਂ ਸਾਡਾ ਧਰਮ ਹੀ ਖ਼ਤਮ ਹੋ ਜਾਵੇਗਾ, ਜਦੋਂ ਕਸ਼ਮੀਰੀ ਪੰਡਿਤਾਂ ਨੇ ਆਪਣੇ ਉੱਤੇ ਹੁੰਦੇ ਜ਼ੁਲਮ ਦੀ ਕਹਾਣੀ ਗੁਰੂ ਸਾਹਿਬ ਜੀ ਨੂੰ ਰੋ ਰੋ ਕੇ ਸੁਣਾਈ ਤੇ ਗੁਰੂ ਸਾਹਿਬ ਜੀ ਨੇ ਬਚਨ ਉਚਾਰੇ ਕਿ ਉਨ੍ਹਾਂ ਨੂੰ ਕਹੋ ਕਿ ਪਹਿਲਾਂ ਸਾਡੇ ਗੁਰੂ ਨੂੰ ਮੁਸਲਮਾਨ ਧਰਮ ਕਬੂਲ ਕਰਵਾ ਲਵੋ, ਅਸੀਂ ਉਨ੍ਹਾਂ ਦੇ ਨਾਲ ਆਪਣੇ ਆਪ ਮੁਸਲਮਾਨ ਹੋ ਜਾਵਾਂਗੇ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਏਨਾ ਕਹਿਣ ਨਾਲ ਕਸ਼ਮੀਰੀ ਪੰਡਿਤਾਂ ਦੇ ਡਰੇ ਹੋਏ ਮਨਾਂ ਨੂੰ ਹੌਸਲਾ ਹੋਇਆ, ਧੀਰਜ ਬੱਝਿਆ। ਉਨ੍ਹਾਂ ਨੇ ਮੁਗ਼ਲ ਹਕੂਮਤ ਤੱਕ ਇਹ ਸੁਨੇਹਾ ਪਹੁੰਚਾ ਦਿੱਤਾ ਕਿ ਪਹਿਲਾਂ ਤੁਸੀਂ ਸਾਡੇ ਗੁਰੂ ਸਾਹਿਬ ਨੂੰ ਮੁਸਲਮਾਨ ਬਣਾ ਲਵੋ, ਅਸੀਂ ਤਾਂ ਆਪਣੇ ਆਪ ਹੀ ਉਨ੍ਹਾਂ ਦੇ

ਨਾਲ ਮੁਸਲਮਾਨ ਬਣ ਜਾਵਾਂਗੇ। ਇਹ ਜਾਣ ਕੇ ਮੁਗ਼ਲ ਬਾਦਸ਼ਾਹ ਬੜਾ ਖੁਸ਼ ਹੋਇਆ ਕਿ ਚਲੋ ਇੱਕ ਬੰਦੇ ਨੂੰ ਮੁਸਲਮਾਨ ਬਣਾਉਣ ਉੱਤੇ ਕਿਹੜਾ ਜ਼ਿਆਦਾ ਸਮਾਂ ਲੱਗਣਾ ਹੈ, ਬਾਕੀ ਹਿੰਦੂ ਤਾਂ ਉਸ ਨਾਲ ਆਪਣੇ ਆਪ ਹੀ ਮੁਸਲਮਾਨ ਬਣ ਜਾਣਗੇ, ਜਦੋਂ ਉਨ੍ਹਾਂ ਦਾ ਗੁਰੂ ਮੁਸਲਮਾਨ ਬਣ ਗਿਆ ਫਿਰ ਕੋਈ ਔਖ ਨਹੀਂ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਜਾਣ ਦੀ ਤਿਆਰੀ ਕੀਤੀ, ਬਹੁਤ ਸਾਰੀ ਸੰਗਤ ਉਨ੍ਹਾਂ ਦੇ ਨਾਲ ਜਾਣਾ ਚਾਹੁੰਦੀ ਸੀ, ਪਰ ਗੁਰੂ ਸਾਹਿਬ ਜੀ ਕੁਝ ਸਾਥੀਆਂ ਨੂੰ ਹੀ ਦਿੱਲੀ ਨਾਲ ਲੈ ਕੇ ਗਏ, ਆਪਣੇ ਆਪ ਨੂੰ ਧਰਮ ਦੇ ਠੇਕੇਦਾਰ ਅਖਵਾਉਣ ਵਾਲੇ ਮੁਗ਼ਲ ਹਕੂਮਤ ਦੇ ਵਿਦਵਾਨਾਂ ਨੇ ਗੁਰੂ ਸਾਹਿਬ ਜੀ ਨਾਲ ਵਾਰਤਾਲਾਪ ਕੀਤਾ, ਗੁਰੂ ਸਾਹਿਬ ਵੱਲੋਂ ਆਖੀਆਂ ਠੋਸ ਗੱਲਾਂ ਤੇ ਕੀਤੇ ਅਨਮੋਲ ਵਿਚਾਰਾਂ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ, ਉਹ ਬੇਜਵਾਬ ਹੋ ਗਏ। ਗੁਰੂ ਸਾਹਿਬ ਵੱਲੋਂ ਕੀਤੇ ਸਵਾਲਾਂ ਨੇ ਉਨ੍ਹਾਂ ਨੂੰ ਨਿਰਉੱਤਰ ਕਰ ਦਿੱਤਾ। ਆਖਰ ਉਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਪੁੱਛਿਆ ਕਿ ਤੁਸੀ ਤਿਲਕ ਨਹੀਂ ਲਾਉਂਦੇ, ਜੰਞੂ ਨਹੀ ਪਹਿਨਦੇ, ਮੰਦਰ ਨਹੀਂ ਜਾਂਦੇ, ਟੱਲ ਖੜਕਾਉਣ, ਵਰਤ ਰੱਖਣ, ਪੂਜਾ ਕਰਨ ਆਦਿ ਵਿੱਚ ਤੁਹਾਡਾ ਵਿਸ਼ਵਾਸ ਨਹੀਂ ਹੈ, ਫਿਰ ਵੀ ਤੁਸੀਂ ਇਨ੍ਹਾਂ ਦੀ ਰੱਖਿਆ ਲਈ ਸ਼ਹਾਦਤ ਕਿਉਂ ਦੇ ਰਹੇ ਹੋ? ਤਾਂ ਗੁਰੂ ਸਾਹਿਬ ਜੀ ਦਾ ਸਪੱਸ਼ਟ ਜੁਆਬ ਸੀ ਕਿ ਮੇਰਾ ਭਾਵੇਂ ਇਨ੍ਹਾਂ ਕਰਮ ਕਾਂਡਾਂ ਨਾਲ ਕੋਈ ਸਬੰਧ ਨਹੀਂ, ਪਰ ਧਾਰਮਿਕ ਆਜ਼ਾਦੀ ਦੀ ਰੱਖਿਆ ਕਰਨਾ ਸਾਡਾ ਪਹਿਲਾ ਫਰਜ਼ ਬਣਦਾ ਹੈ। ਇਸ ਲਈ ਜੇ ਸ਼ਹਾਦਤ ਦਾ ਜਾਮ ਵੀ ਪੀਣਾ ਪਵੇ ਤਾਂ ਮਨਜ਼ੂਰ ਹੈ। ਪਰ ਫਿਰ ਵੀ ਜ਼ਾਲਮ ਮੁਗਲਾਂ ਨੇ ਆਖ਼ਰੀ ਚਾਲ ਚੱਲੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਗਈ ਸੰਗਤ ਵਿੱਚੋਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਵਾਰੀ ਵਾਰੀ ਤਸੀਹੇ ਦਿੱਤੇ ਤੇ ਸਭ ਦੇ ਸਾਹਮਣੇ ਕੋਹ ਕੋਹ ਕੇ ਸ਼ਹੀਦ ਕੀਤਾ ਗਿਆ ਤਾਂ ਜੋ ਆਖ਼ਰੀ ਸਮੇਂ ਉੱਤੇ ਵੀ ਸ਼ਾਇਦ ਗੁਰੂ ਸਾਹਿਬ ਜੀ ਆਪਣਾ ਮਨ ਬਦਲ ਲੈਣ, ਗੁਰੂ ਸਾਹਿਬ ਜੀ ਅਕਾਲ ਪੁਰਖ ਦੀ ਭਗਤੀ ਵਿੱਚ ਲੀਨ ਹੋਏ ਚੌਂਕੜਾ ਮਾਰੀ ਬੈਠੇ ਰਹੇ ਤੇ ਕਰਤਾਰ ਦਾ ਭਾਣਾ ਮੰਨਦੇ ਰਹੇ। ਆਖ਼ਰ ਆਪਣੀ ਹਾਰ ਹੁੰਦੀ ਦੇਖ ਮੁਗ਼ਲ ਬਾਦਸ਼ਾਹ ਨੇ 24 ਨਵੰਬਰ 1675 ਈਸਵੀ ਨੂੰ ਗੁਰੂ ਸਾਹਿਬ ਜੀ ਨੂੰ ਖਤਮ ਕਰਨ ਦਾ ਹੁਕਮ ਜਾਰੀ ਕਰ ਦਿੱਤਾ। ਜਦੋਂ ਜ਼ਲਾਦ ਨੇ ਗੁਰੂ ਸਾਹਿਬ ਜੀ ਨੂੰ ਮਾਰ ਦੇਣ ਕਰਨ ਲਈ ਤਲਵਾਰ ਚੁੱਕੀ ਤਾਂ ਗੁਰੂ ਸਾਹਿਬ ਜੀ ਦੇ ਚਿਹਰੇ ਦਾ ਅਲੌਕਿਕ ਨੂਰ ਜ਼ਲਾਦ ਤੋਂ ਝੱਲਿਆ ਨਹੀਂ ਗਿਆ ਉਸਨੇ ਅੱਖਾਂ ਬੰਦ ਕਰਕੇ ਸ੍ਰੀ ਆਕਾਲ ਤੇਗ ਬਹਾਦਰ ਜੀ ਉੱਤੇ ਵਾਰ ਕੀਤਾ ਤੇ ਉਨ੍ਹਾਂ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ। ਸਿੱਖ ਧਰਮ ਦੇ ਨੌਂਵੇ ਗੁਰੂ ਸਾਹਿਬ ਜੀ ਨੇ ਆਖ਼ਰ ਤਿਲਕ ਜੰਞੂ ਦੀ ਰਾਖੀ ਕਰਦਿਆਂ ਆਪਣਾ ਬਲੀਦਾਨ ਦਿਤਾ। ਚਾਂਦਨੀ ਚੌਕ ਵਿੱਚ ਸੰਨਾਟਾ ਛਾ ਗਿਆ, ਹਵਾਵਾਂ ਸੋਗ ਵਿੱਚ ਗਵਾਚ ਗਈਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰਾਖ਼ੀ ਕੀਤੀ, "ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ" ਅੱਜ ਅਸੀਂ ਸਾਡੇ ਮਹਾਨ ਗੁਰੂ ਸਾਹਿਬ ਜੀ ਦੇ ਸ਼ਹਾਦਤ ਦੇ 350 ਸਾਲਾ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੇ ਚਰਨਾਂ ਵਿੱਚ ਨਤਮਸਤਕ ਹੋਣ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਪਾਵਨ ਪਵਿੱਤਰ ਧਰਤੀ ਉੱਤੇ ਇਕੱਠੇ ਹੋਏ ਹਾਂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਪਹਿਲਾਂ ਸ਼ਹਾਦਤ ਪ੍ਰਾਪਤ ਕਰਨ ਵਾਲੇ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਅਸੀਂ ਨਮਨ ਕਰਦੇ ਹਾਂ ਅਤੇ ਇੱਥੇ ਉਸ ਮਹਾਨ ਸੂਰਬੀਰ ਯੋਧੇ ਬਾਬਾ ਜੀਵਨ ਸਿੰਘ (ਭਾਈ ਜੈਤਾ) ਜੀ ਨੂੰ ਵੀ ਯਾਦ ਕਰਨਾ ਬਣਦਾ ਹੈ ਜਿਨ੍ਹਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਆਪਣੇ ਪਿਤਾ ਜੀ ਦੇ ਸੀਸ ਕੁਰਬਾਨੀ ਦੇ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਦਿੱਲੀ ਦੇ ਚਾਂਦਨੀ ਚੌਂਕ ਤੋਂ ਉਠਾ ਕੇ ਸੈਂਕੜੇ ਮੀਲ ਦਾ ਮੁਸ਼ਕਿਲਾਂ ਭਰਿਆ ਪੈਂਡਾ ਤੈਅ ਕਰਕੇ ਬਾਲ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ) ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਏ। ਬਾਲ ਗੋਬਿੰਦ ਰਾਇ ਜੀ ਨੇ ਜਦੋਂ ਭਾਈ ਜੈਤਾ ਜੀ ਦੀ ਹਾਲਤ ਦੇਖੀ, ਕੱਪੜੇ ਪਾਟੇ, ਸ਼ਰੀਰ ਜ਼ਖ਼ਮੀ ਚਿਹਰਾ ਥਕਾਨ ਨਾਲ ਭਰਿਆ, ਮੈਲ਼ੇ ਕੱਪੜੇ ਭੁੱਖ ਪਿਆਸ ਨਾਲ ਲੜਦਾ, ਸਮੇਂ

ਦੀ ਹਕੂਮਤ ਦੇ ਉਲ਼ਟ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਚੁੱਕ ਕੇ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ ਤਾਂ, ਭਾਈ ਜੈਤਾ ਜੀ ਨੂੰ ਗਲ਼ ਨਾਲ ਲਾਇਆ ਤੇ ਕਿਹਾ "ਰੰਗਰੇਟਾ ਗੁਰੂ ਕਾ ਬੇਟਾ" ਫ਼ਿਰ ਗੁਰੂ ਸਾਹਿਬ ਜੀ ਦੇ ਸੀਸ ਨੂੰ ਪੂਰੇ ਸਨਮਾਨ ਨਾਲ ਪਾਲਕੀ ਸਾਹਿਬ ਵਿੱਚ ਸਜਾ ਕੇ ਸੰਗਤ ਲਈ ਆਖ਼ਰੀ ਦਰਸ਼ਨਾਂ ਲਈ ਸਜਾਇਆ ਗਿਆ ਤੇ ਬਾਅਦ ਵਿੱਚ ਸਿੱਖ ਧਰਮ ਦੇ ਨੌਵੇਂ ਮਹਾਨ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ। ਨੌਵੇਂ ਗੁਰੂ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਅੱਜ ਪੂਰੀ ਦੁਨੀਆਂ ਵਿੱਚ ਕਰੋੜਾਂ ਲੋਕ ਨਤਮਸਤਕ ਹੋ ਰਹੇ ਹਨ। ਮੈਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ ਉਨ੍ਹਾਂ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਕਰਦਾ ਹਾਂ ਅਤੇ ਤਹਿ ਦਿਲੋਂ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ, ਸ੍ਰੀ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਮਹਾਨ ਦਿਹਾੜੇ ਮੌਕੇ ਸਾਨੂੰ ਸਾਰਿਆਂ ਨੂੰ ਇੱਥੇ ਇਕੱਠੇ ਹੋਣ ਦਾ ਮੌਕਾ ਦਿੱਤਾ ਤੇ ਗੁਰੂ ਸਾਹਿਬ ਜੀ ਦੇ ਚਰਨਛੋਹ ਪ੍ਰਾਪਤ ਪਿੰਡਾਂ ਨੂੰ ਵਿਸ਼ੇਸ਼ ਗ੍ਰਾਂਟਾਂ ਦਿੱਤੀਆਂ, ਪਿੰਡ ਪਿੰਡ ਕੀਰਤਨੀ ਸਮਾਗਮ ਕਰਵਾਏ ਜਾ ਰਹੇ ਹਨ। ਨਾਲੋਂ ਨਾਲ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਸਪੀਕਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਸਾਹਿਬ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਇਸ ਮਹਾਨ ਸ਼ਹੀਦੀ ਦਿਹਾੜੇ ਮੌਕੇ ਗੁਰੂ ਸਾਹਿਬ ਜੀ ਦੀ ਮਹਾਨ ਸ਼ਹਾਦਤ ਬਾਰੇ ਬੋਲਣ ਦਾ ਮੌਕਾ ਦਿੱਤਾ। ਗੱਜ ਕੇ ਬੋਲੋ:

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ ।।

**ਸਰਦਾਰ ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ)** : ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ ।।

"ਮਾਣਯੋਗ ਸਪੀਕਰ ਸਾਹਿਬ, ਇਸ ਪਵਿੱਤਰ ਵਿਧਾਨ ਸਭਾ ਮੰਚ 'ਤੇ ਖੜ੍ਹਾ ਹੋ ਕੇ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਮੈਨੂੰ ਉਨ੍ਹਾਂ ਮਹਾਨ ਸ਼ਹੀਦ ਪੁਰਖਾਂ ਦੇ ਬਲੀਦਾਨ ਬਾਰੇ ਸ਼ਬਦ ਕਹਿਣ ਦਾ ਮੌਕਾ ਮਿਲ ਰਿਹਾ ਹੈ, ਜਿਨ੍ਹਾਂ ਨੇ ਧਰਮ ਅਤੇ ਇਨਸਾਨੀਅਤ ਦੀ ਰੱਖਿਆ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ।"

ਅੱਜ ਇਸ ਵਿਧਾਨ ਸਭਾ ਵਿੱਚ ਸਾਨੂੰ ਇਹ ਮੌਕਾ ਮਿਲ ਰਿਹਾ ਹੈ ਕਿ ਅਸੀਂ ਆਪਣੇ ਇਤਿਹਾਸ ਦੇ ਸਭ ਤੋਂ ਮਹਾਨ ਬਲੀਦਾਨੀ ''ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ'' ਦੀ ਸ਼ਹੀਦੀ ਨੂੰ ਯਾਦ ਕਰੀਏ। ਉਹ ਸਿਰਫ ਸਿੱਖ ਕੌਮ ਦੇ ਹੀ ਨਹੀਂ, ਸਗੋਂ ਪੂਰੇ ਭਾਰਤ ਦੇ ਆਤਮਕ ਅਤੇ ਆਦਰਸ਼ਕ ਰਾਖੇ ਸਨ।

ਸੰਨ 1675 ਵਿੱਚ ਜਦੋਂ ਧਰਮ ਤੇ ਮਨੁੱਖਤਾ ਉੱਤੇ ਜ਼ੁਲਮ ਦੇ ਬੱਦਲ ਛਾਏ ਹੋਏ ਸਨ, ਤਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਿਰ ਤਾਂ ਦੇ ਦਿੱਤਾ ਪਰ ਧਰਮ ਤੇ ਅਸੂਲਾਂ ਦੀ ਰੱਖਿਆ ਤੋਂ ਪਿੱਛੇ ਨਹੀਂ ਹਟੇ ਅਤੇ ਜਬਰ ਅਤੇ ਜੁਲਮ ਅੱਗੇ ਡਟੇ ਰਹੇ। ਉਨ੍ਹਾਂ ਨੇ ਕਿਹਾ ਸੀ, "ਸਿਰ ਦਿੱਤਾ, ਪਰ ਸੀਸ ਨਹੀਂ ਝੁਕਾਇਆ।" ਇਹ ਵਾਕ ਸਦਾ-ਸਦਾ ਲਈ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸਲੀ ਸ਼ਕਤੀ ਹਥਿਆਰਾਂ ਵਿੱਚ ਨਹੀਂ, ਸਗੋਂ ਸੱਚਾਈ ਅਤੇ ਅਡਿੱਗ ਵਿਸ਼ਵਾਸ ਵਿੱਚ ਹੁੰਦੀ ਹੈ।

ਗੁਰੂ ਸਾਹਿਬ ਨੇ ਕਸ਼ਮੀਰੀ ਪੰਡਤਾਂ ਦੇ ਹੱਕ ਵਿੱਚ ਖੜ੍ਹੇ ਹੋ ਕੇ ਧਰਮ ਦੀ ਆਜ਼ਾਦੀ, ਮਨੁੱਖਤਾ ਅਤੇ ਨਿਆਂ ਲਈ ਆਪਣੀ ਜਾਨ ਕੁਰਬਾਨ ਕੀਤੀ। ਉਨ੍ਹਾਂ ਦੀ ਸ਼ਹੀਦੀ ਸਿਰਫ ਕਿਸੇ ਇੱਕ ਧਰਮ ਦੀ ਜਿੱਤ ਨਹੀਂ ਸੀ, ਸਗੋਂ ਇਹ

ਸਾਰੀ ਮਨੁੱਖਤਾ ਦੇ ਅਧਿਕਾਰਾਂ ਦੀ ਜਿੱਤ ਸੀ। ਗੁਰੂ ਤੇਗ ਬਹਾਦਰ ਜੀ ਨੇ ਸਾਨੂੰ ਸਿਖਾਇਆ ਕਿ ਜੇਕਰ ਸੱਚ ਦਾ ਸਾਥ ਦੇਣਾ ਪੈ ਜਾਵੇ ਤਾਂ ਜਾਨ ਦੀ ਬਲੀ ਵੀ ਛੋਟੀ ਲੱਗਦੀ ਹੈ।

ਅੱਜ ਜਦੋਂ ਅਸੀਂ ਉਨ੍ਹਾਂ ਦੀ ਯਾਦ ਕਰਦੇ ਹਾਂ ਤਾਂ ਇਹ ਸਿਰਫ ਇਤਿਹਾਸ ਦਾ ਪਾਠ ਨਹੀਂ, ਸਗੋਂ ਇੱਕ ਪ੍ਰੇਰਣਾ ਹੈ ਕਿ ਅਸੀਂ ਵੀ ਸੱਚ, ਨਿਆਂ ਅਤੇ ਸਹਿਣਸ਼ੀਲਤਾ ਦੇ ਰਾਹ 'ਤੇ ਤੁਰਦੇ ਰਹੀਏ। ਸਾਡੇ ਸਮਾਜ ਵਿੱਚ ਜਦ ਤੱਕ ਗੁਰੂ ਸਾਹਿਬ ਦੇ ਉਪਦੇਸ਼ ਜੀਵੰਤ ਰਹਿਣਗੇ, ਤਦ ਤੱਕ ਅੰਧਕਾਰ ਤੇ ਅਨਿਆਂ ਦਾ ਅੰਤ ਹੋਣਾ ਨਿਸ਼ਚਿਤ ਹੈ।

ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਇੱਕ ਮਨੁੱਖ ਦਾ ਸੱਚਾ ਧਰਮ ਮਨੁੱਖਤਾ ਹੈ। ਉਨ੍ਹਾਂ ਦੀ ਸ਼ਹੀਦੀ ਸਾਨੂੰ ਹਮੇਸ਼ਾ ਪ੍ਰੇਰਨਾ ਦੇਵੇ ਕਿ ਅਸੀਂ ਵੀ ਹਰ ਵਿਅਕਤੀ ਦੇ ਧਰਮ, ਆਜ਼ਾਦੀ ਤੇ ਇੱਜ਼ਤ ਦੀ ਰੱਖਿਆ ਲਈ ਡੱਟ ਕੇ ਖੜ੍ਹੇ ਰਹੀਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਚਨ :

ਸਿਰੁ ਦੀਜੈ ਕਾਣਿ ਨ ਕੀਜੈ ॥

ਇਹ ਬਚਨ ਅੱਜ ਵੀ ਸਾਡੇ ਲਈ ਪ੍ਰੇਰਣਾ ਦਾ ਸਰੋਤ ਹਨ। ਇਹ ਸਾਨੂੰ ਸਬਕ ਦਿੰਦੇ ਹਨ ਕਿ ਕਿਸੇ ਵੀ ਕੀਮਤ 'ਤੇ ਸੱਚਾਈ, ਧਰਮ ਅਤੇ ਆਜ਼ਾਦੀ ਦੇ ਮੁੱਲਾਂ ਤੋਂ ਸਮਝੌਤਾ ਨਹੀਂ ਕਰਨਾ ਚਾਹੀਦਾ।

ਪੰਜਾਬ ਦੀ ਧਰਤੀ ਨੂੰ ਮਾਣ ਹੈ ਕਿ ਇਹ ਗੁਰੂਆਂ ਤੇ ਸ਼ਹੀਦਾਂ ਦੀ ਧਰਤੀ ਹੈ। ਇਸ ਵਿਧਾਨ ਸਭਾ ਦੇ ਹਰ ਮੈਂਬਰ ਦਾ ਇਹ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਅਤੇ ਉਪਦੇਸ਼ਾਂ ਨੂੰ ਆਪਣੀ ਨੀਤੀ, ਕਾਰਜਸ਼ੈਲੀ ਅਤੇ ਲੋਕ ਸੇਵਾ ਵਿੱਚ ਉਤਾਰ ਕੇ ਮਨੁੱਖਤਾ, ਨਿਆਂ ਅਤੇ ਸਮਾਨਤਾ ਦੇ ਮੂਲ ਸਿਧਾਂਤਾਂ ਨੂੰ ਅੱਗੇ ਵਧਾਈਏ।

ਅੱਜ ਜਦੋਂ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਮਨਾਉਂਦੇ ਹਾਂ ਤਾਂ ਇਹ ਸਿਰਫ ਇਤਿਹਾਸਕ ਸਮਾਰੋਹ ਨਹੀਂ, ਸਗੋਂ ਸਾਡੇ ਚਰਿੱਤਰ ਅਤੇ ਸੂਚਨਾ ਲਈ ਪ੍ਰੇਰਣਾ ਦਾ ਸਰੋਤ ਹੈ। ਆਓ, ਅਸੀਂ ਇਹ ਸੰਜਮ ਕਰੀਏ ਕਿ ਉਨ੍ਹਾਂ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ, ਆਪਣੇ ਕਰਮ ਤੇ ਆਪਣੇ ਪ੍ਰਬੰਧਨ ਵਿੱਚ ਅਪਣਾਈਏ ਤਾਂ ਜੋ ਸਾਡਾ ਰਾਜਨੀਤਕ ਅਤੇ ਸਮਾਜਕ ਤੰਤਰ ਸੱਚਮੁੱਚ ਧਰਮ, ਨਿਆਂ ਅਤੇ ਮਨੁੱਖਤਾ ਦੇ ਅਸੂਲਾਂ 'ਤੇ ਟਿਕਿਆ ਰਹੇ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ)** : ਮੈਂ ਹੱਥ ਜੋੜ ਕੇ ਉਸ ਅਕਾਲ ਪੁਰਖ ਵਾਹਿਗੁਰੂ ਦਾ ਕੋਟਿਨ-ਕੋਟਿ ਸ਼ੁਕਰਾਨਾ ਕਰਦਾ ਹਾਂ ਅਤੇ ਖੁਦ ਨੂੰ ਸੁਭਾਗਾ ਸਮਝਦਾ ਹਾਂ ਕਿ ਅੱਜ ਮੈਨੂੰ ਇਸ ਪਵਿੱਤਰ-ਇਤਿਹਾਸਕ ਦਿਹਾੜੇ ਤੇ ਗੁਰੂ ਚਰਨਾਂ ਵਿੱਚ ਨਤਮਸਤਕ ਹੋ ਕੇ ਉਨ੍ਹਾਂ ਦੇ ਆਦਰਸ਼ਾਂ ਨੂੰ ਸਦਨ ਵਿੱਚ ਅੰਕਿਤ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਅਸੀਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ (ਸਿੱਖ ਧਰਮ ਦੇ ਨੌਵੇਂ ਪਾਤਸ਼ਾਹ), ਜਿਨ੍ਹਾਂ ਨੂੰ 'ਹਿੰਦ ਦੀ ਚਾਦਰ' ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ, ਉਨ੍ਹਾਂ ਦੇ 350ਵੇਂ ਸ਼ਹੀਦੀ ਦਿਵਸ ਨੂੰ ਵੱਡੇ ਪੈਮਾਨੇ ਤੇ ਮਨਾ ਰਹੇ ਹਾਂ । ਉਨ੍ਹਾਂ ਦਾ ਜੀਵਨ ਅਤੇ ਮਹਾਨ ਸ਼ਹਾਦਤ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਨਿਆਂ ਲਈ ਖੜ੍ਹਨ ਦੀ

ਪ੍ਰੇਰਨਾ ਦਿੰਦੀ ਹੈ। ਪੰਜਾਬ ਦੀ ਆਤਮਾ ਅੱਜ ਵੀ ਉਨ੍ਹਾਂ ਰਾਹੀਂ ਬੋਲਦੀ ਹੈ : ਇੱਕ ਸ਼ਾਂਤ ਤਾਕਤ, ਅਟੁੱਟ ਦਇਆ-ਭਾਵ ਅਤੇ ਸੇਵਾ ਕਰਨ ਦਾ ਇਰਾਦਾ। ਇਤਿਹਾਸਕ ਤੌਰ ਤੇ ਸਾਡੀ ਜਾਣਕਾਰੀ ਦੇ ਵਿਆਪਕ ਧਰਾਵਾਂ ਤੋਂ ਆਉਂਦੀ ਹੈ :

**(ੳ) ਸਿੱਖ ਇਤਿਹਾਸਕ ਬਿਰਤਾਂਤ :** ਇਨ੍ਹਾਂ ਵਿੱਚ ਗੁਰੂ ਜੀਵਨੀ ਦੇ ਬਿਰਤਾਂਤ ਨੂੰ ਸ਼ਰਧਾ ਦੇ ਜੋਸ਼ ਨਾਲ ਸੰਭਾਲਿਆ ਗਿਆ ਹੈ। ਉਹ ਨੌਵੇਂ ਪਾਤਸ਼ਾਹ ਨੂੰ ਸਹਿਜ ਅਤੇ ਵੈਰਾਗ ਦੇ ਪ੍ਰਤੀਕ ਵਜੋਂ ਦਰਸਾਉਂਦੇ ਹਨ, ਜਿਨ੍ਹਾਂ ਦੀ ਬਾਣੀ ਸਾਨੂੰ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰਕੇ ਡਰ ਨੂੰ ਜਿੱਤਣ ਲਈ ਪ੍ਰੇਰਿਤ ਕਰਦੀ ਹੈ। ਸਿੱਖ ਇਤਿਹਾਸ ਵਿੱਚ ਗੁਰੂ ਦਾ ਲੋਕ ਸਮਰਪਣ, ਨਿਮਰਤਾ ਅਤੇ ਸਚਾਈ ਤੇ ਅਡੋਲ ਪਹਿਰਾ ਦੇਣਾ ਦਿੱਲੀ ਵਿੱਚ ਉਨ੍ਹਾਂ ਦੀ ਸ਼ਹਾਦਤ ਤੇ ਖ਼ਤਮ ਹੁੰਦਾ ਹੈ, ਜੋ ਕਿਸੇ ਫਿਰਕੂ ਜਿੱਤ ਲਈ ਨਹੀਂ, ਸਗੋਂ ਹਰ ਧਰਮ ਦੇ ਸਨਮਾਨ ਅਤੇ ਹਰ ਅਰਦਾਸ ਦੀ ਪਵਿੱਤਰਤਾ ਦੀ ਰੱਖਿਆ ਲਈ ਸੀ।

**(ਅ) ਫ਼ਾਰਸੀ ਇਤਿਹਾਸਕ ਬਿਰਤਾਂਤ:** ਇਹ ਦ੍ਰਿਸ਼ਟੀਕੋਣ ਸ਼ਾਸਨ, ਵਿਵਸਥਾ ਅਤੇ ਰਾਜ ਦੀ ਭਾਸ਼ਾ ਪ੍ਰਤੀ ਧਿਆਨ ਕੇਂਦਰਿਤ ਕਰਦਾ ਹੈ। ਇਸ ਵਿੱਚ ਸਮੇਂ, ਸਥਾਨ ਅਤੇ ਪ੍ਰਕਿਰਿਆ ਦੇ ਕੀਮਤੀ ਵੇਰਵਿਆਂ ਨੂੰ ਸਾਂਭਿਆ ਗਿਆ ਹੈ। ਭਾਵੇਂ ਉਨ੍ਹਾਂ ਦਾ ਮੁਹਾਵਰਾ ਸਰਕਾਰੀ ਹੈ, ਉਨ੍ਹਾਂ ਨੇ ਵੀ ਗੁਰੂ ਪਾਤਸ਼ਾਹ ਨੂੰ ਇੱਕ ਸਤਿਕਾਰਤ ਧਾਰਮਿਕ ਆਗੂ ਵਜੋਂ ਦਰਜ ਕੀਤਾ ਹੈ। ਉਹ ਮਹਾਨ ਗੁਰੂ ਜਿਨ੍ਹਾਂ ਨੇ ਆਪਣੇ ਵਿਸ਼ਵਾਸ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ, ਜੋ ਚੇਤਨਾ ਦਾ ਧੁਰਾ ਬਣੇ, ਜਿਨ੍ਹਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਾਜ ਦੇ ਹਰ ਵਰਗ ਨੇ ਮਹਿਸੂਸ ਕੀਤਾ।

ਗੁਰੂ ਸਾਹਿਬ ਦੀ ਫਿਲਾਸਫੀ ਸਰਲ, ਪ੍ਰਕਾਸ਼ਵਾਨ ਅਤੇ ਵਿਸ਼ਾਲ ਅਰਥਾਂ ਵਾਲੀ ਹੈ । ਬਾਣੀ ਆਖਦੀ ਹੈ : ਜਿਸਨੇ ਆਪਣੇ ਅੰਦਰਲੇ ਭੈਅ ਨੂੰ ਜਿੱਤ ਲਿਆ, ਉਹ ਕਿਸੇ ਨੂੰ ਭੈ-ਭੀਤ ਨਹੀਂ ਕਰਦਾ। ਧਨ, ਮਾਣ,ਪਦਾਰਥ ਸਭ ਅਸਥਾਈ ਹਨ, ਮਨੁੱਖਤਾ ਦੀ ਸੇਵਾ ਸਥਾਈ ਹੈ।

ਅਸੀਂ ਸਮੂਹ ਪੰਜਾਬੀਆਂ ਨੂੰ ਗੁਰੂ-ਮਾਰਗ ਤੇ ਚਲਦਿਆਂ ਉੱਚੀ-ਸੁੱਚੀ ਜ਼ਿੰਮੇਵਾਰੀ ਦਾ ਸੱਦਾ ਦਿੰਦੇ ਹਾਂ ਕਿ ਸਭ ਦੀ ਧਾਰਮਿਕ ਅਜ਼ਾਦੀ ਦੀ ਰਾਖੀ ਕਰੀਏ, ਲੋੜਵੰਦ ਦੀ ਮਦਦ ਕਰੀਏ, ਬੋਲ ਮਿੱਠੇ ਰੱਖੀਏ ਅਤੇ ਵਿਸ਼ਵਾਸ ਅਟੁੱਟ ਹੋਵੇ। ਸਰਬੱਤ ਦਾ ਭਲਾ ਨਾਅਰੇ ਵਜੋਂ ਹੀ ਨਾ ਲਿਆ ਜਾਵੇ ਸਗੋਂ ਰੋਜ਼ ਦਾ ਕਾਰਜ ਬਣੇ। ਗੁਰੂ ਮਾਰਗ ਤੇ ਚੱਲ ਕੇ ਹੀ ਸਾਡੀ ਵਿਦਵਤਾ ਨਿਆਂਪੂਰਨ ਹੋਵੇਗੀ, ਜਨਤਕ ਜੀਵਨ ਨਿਮਰ ਹੋਵੇਗਾ ਅਤੇ ਸ਼ਰਧਾ ਸਫਲ ਹੋਵੇਗੀ।

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫ਼ਤਿਹ।।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ, ਐਸ.ਸੀ.) :** ਸਪੀਕਰ ਸਾਹਿਬ, ਅਸੀਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ’ਤੇ ਜੁੜੇ ਹਾਂ। ਸਿੱਖ ਗੁਰੂਆਂ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ ਪਰ ਨੌਵੇਂ ਪਾਤਸ਼ਾਹ ਜੀ ਦੀ ਦੂਜੇ ਧਰਮ ਲਈ ਕੀਤੀ ਗਈ ਲਾਸਾਨੀ ਕੁਰਬਾਨੀ ਵਰਗਾ ਇਤਿਹਾਸ ਦੁਨੀਆਂ ਭਰ ਵਿੱਚ ਕਿਤੇ ਨਹੀਂ ਮਿਲਦਾ। ਇਸ ਦੇ ਨਾਲ ਨਾਲ ਉਹ ਇੱਕ ਵੱਡੇ ਸਮਾਜ ਸੁਧਾਰਕ ਸਨ। ਜਿਵੇਂ ਅੱਜ ਸਮਾਜ ਨੂੰ ਨਸ਼ਿਆਂ ਨੇ ਜਕੜਿਆ ਹੋਇਆ ਹੈ, ਉਸ ਵਕਤ ਵੀ ਲੋਕ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਵਿੱਚ ਫਸੇ ਹੋਏ ਸੀ। ਮਾਲਵਾ ਅਤੇ ਬਾਂਗਰ ਦੇ ਖੇਤਰ ਵਿੱਚ ਉਸ ਸਮੇਂ ਵੀ ਤੰਬਾਕੂ ਵਰਗੇ ਨਸ਼ੇ ਦਾ ਬੋਲ-ਬਾਲਾ ਸੀ, ਇਸ ਨਸ਼ੇ ਕਰਕੇ ਲੋਕਾਂ ਦੀ ਆਰਥਿਕ ਸਥਿਤੀ ਕਾਫੀ ਡਾਵਾਂ-ਡੋਲ ਸੀ। ਗੁਰੂ ਸਾਹਿਬ ਜਦੋਂ ਇਸ

ਖਿੱਤੇ ਵਿੱਚ ਯਾਤਰਾ ਉੱਤੇ ਆਏ ਤਾਂ ਮੇਰੇ ਹਲਕੇ ਸ਼ੁਤਰਾਣਾ ਦੇ ਪਿੰਡ ਬਹਿਰ ਜੱਛ ਅਤੇ ਨਾਲ ਲੱਗਦੇ ਮੌਜੂਦਾ ਹਰਿਆਣਾ ਦੇ ਜ਼ਿਲ੍ਹਾ ਜੀਂਦ ਦੀ ਤਹਿਸੀਲ ਨਰਵਾਣਾ ਦੇ ਪਿੰਡ ਧਮਧਾਨ ਸਾਹਿਬ ਵਿਖੇ ਜਦੋਂ ਗੁਰੂ ਸਾਹਿਬ ਪਹੁੰਚੇ ਤਾਂ ਲੋਕਾਂ ਨੇ ਗੁਰੂ ਸਾਹਿਬ ਅੱਗੇ ਆਪਣੀ ਗਰੀਬੀ ਦਾ ਵਾਸਤਾ ਪਾਇਆ, ਗੁਰੂ ਸਾਹਿਬ ਨੇ ਗਰੀਬੀ ਦੂਰ ਕਰਨ ਲਈ ਉਹਨਾਂ ਨੂੰ ਨਸ਼ਿਆਂ ਦਾ ਤਿਆਗ ਕਰਨ ਦਾ ਸੰਦੇਸ਼ ਦਿੱਤਾ। ਇਨ੍ਹਾਂ ਦੋਹਾਂ ਥਾਵਾਂ ਉੱਤੇ ਗੁਰੂ ਸਾਹਿਬ ਦੀ ਯਾਦ ਵਿੱਚ ਇਤਿਹਾਸਿਕ ਗੁਰਦੁਆਰਾ ਸਾਹਿਬ ਬਣੇ ਹੋਏ ਹਨ। ਗੁਰੂ ਸਾਹਿਬ ਵੱਲੋਂ ਨਸ਼ਿਆਂ ਦਾ ਤਿਆਗ ਕਰਨ ਦਾ ਦਿੱਤਾ ਗਿਆ ਸੰਦੇਸ਼ ਅੱਜ ਦੇ ਸਮੇਂ ਵਿੱਚ ਵੀ ਪ੍ਰਸੰਗਕ ਹੈ। ਮੌਜੂਦਾ ਸਮੇਂ ਵਿੱਚ ਜਦੋਂ ਨਸ਼ਿਆਂ ਦਾ ਬੋਲਬਾਲਾ ਕਾਫੀ ਵਧਿਆ ਹੋਇਆ ਹੈ, ਉਸ ਸਮੇਂ ਗੁਰੂ ਸਾਹਿਬ ਵੱਲੋਂ ਦਿੱਤੇ ਗਏ ਸੰਦੇਸ਼ ਦੀ ਅਹਿਮੀਅਤ ਹੋਰ ਵੱਧ ਜਾਂਦੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਗੁਰੂ ਸਾਹਿਬ ਦੇ ਸੁਪਨਿਆਂ ਤੇ ਚੱਲਣ ਦਾ ਇੱਕ ਕਦਮ ਹੈ। ਮੇਰੀ ਸਾਰੇ ਪੰਜਾਬੀਆਂ ਨੂੰ ਅਪੀਲ ਹੈ ਕਿ ਗੁਰੂ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਮੌਕੇ ਆਪਣੇ ਆਲੇ ਦੁਆਲੇ ਨੂੰ ਨਸ਼ਾ ਮੁਕਤ ਕਰਨ ਲਈ ਸਰਕਾਰ ਦਾ ਸਹਿਯੋਗ ਕਰੀਏ ਇਹੀ ਗੁਰੂ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ)** : ਸਤਿਕਾਰਯੋਗ ਸਪੀਕਰ ਸਾਹਿਬ, ਸੰਨ 1675 ਵਿੱਚ ਅੱਜ ਦੇ ਦਿਨ, ਦਿੱਲੀ ਦੇ ਚਾਂਦਨੀ ਚੌਕ ਵਿੱਚ ਇੱਕ ਅਜਿਹਾ ਕੌਤਕ ਵਰਤਿਆ ਜਿਸ ਦੀ ਪੂਰੀ ਦੁਨੀਆਂ ਦੇ ਇਤਿਹਾਸ ਵਿੱਚ ਕੋਈ ਹੋਰ ਮਿਸਾਲ ਨਹੀਂ ਮਿਲਦੀ।

ਇਹ ਕੌਤਕ ਸੀ, ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਕਿਸੇ ਹੋਰ ਭਾਈਚਾਰੇ ਦੇ ਧਾਰਮਿਕ ਅਕੀਦੇ ਨੂੰ ਬਚਾਉਣ ਲਈ ਆਪਣਾ ਸੀਸ ਕਲਮ ਕਰਵਾਉਣਾ ਅਤੇ ਇਹ ਅਜ਼ੀਮ ਸ਼ਹਾਦਤ ਦੇਣ ਲਈ ਮਕਤਲ ਤੱਕ ਵੀ ਖੁਦ ਚੱਲ ਕੇ ਜਾਣਾ।

ਉਨ੍ਹਾਂ ਨੇ ਆਪਣੀ ਜਾਨ ਨਿਛਾਵਰ ਕਰ ਕੇ ਇਹ ਪ੍ਰਚਮ ਲਹਿਰਾਇਆ ਕਿ ਹਰ ਮਨੁੱਖ ਨੂੰ ਆਪਣੀ ਜ਼ਮੀਰ ਦੀ ਆਵਾਜ਼ ਅਨੁਸਾਰ ਧਰਮ, ਧਾਰਮਿਕ ਚਿੰਨ੍ਹ ਅਤੇ ਰੀਤੀ-ਰਿਵਾਜ ਅਪਣਾਉਣ ਦਾ ਜਨਮ-ਸਿੱਧ ਹੱਕ ਹੈ।

ਜਗਤ ਗੁਰੂ ਬਾਬਾ ਨਾਨਕ ਨੇ ਜਿਹੜੇ 'ਤਿਲਕ- ਜੰਞੂ' ਨੂੰ ਧਾਰਨ ਕਰਨ ਤੋਂ ਇਨਕਾਰ ਕੀਤਾ ਸੀ, ਉਸੇ 'ਤਿਲਕ-ਜੰਞੂ' ਨੂੰ ਬਚਾਉਣ ਖਾਤਰ ਗੁਰੂ ਤੇਗ ਬਹਾਦਰ ਸਾਹਿਬ ਨੇ ਸੀਸ ਦੇ ਕੇ ਇਹ ਅਸੂਲ ਦ੍ਰਿੜ ਕਰਵਾਇਆ ਕਿ ਧਾਰਮਿਕ ਅਕੀਦਾ ਮਨੁੱਖ ਦੀ ਆਤਮਾ ਨਾਲ ਜੁੜਿਆ ਹੋਇਆ ਹੈ। ਮਨੁੱਖ ਉੱਤੇ ਉਸ ਦੇ ਅਕੀਦੇ ਤੋਂ ਉਲਟ ਕੋਈ ਧਰਮ ਠੋਸਣ ਲਈ ਜਬਰਦਸਤੀ ਕਰਨੀ ਉਸ ਦੇ ਮਾਨਵੀ ਹੱਕ ਦਾ ਘਾਣ ਹੈ, ਜਿਸ ਵਿਰੁੱਧ ਜੂਝਣਾ ਹਰ ਮਨੁੱਖ ਦਾ ਪਰਮ-ਧਰਮ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਮਜ਼ਲੂਮਾਂ ਨਾਲ ਖੜ੍ਹਨ ਅਤੇ ਜ਼ੁਲਮੀਆਂ ਨਾਲ ਟੱਕਰ ਲੈ ਲੈਣ ਦੇ ਫੈਸਲੇ ਪਿੱਛੇ ਉਨ੍ਹਾਂ ਦੀ ਮਹਾਨ ਸਿਧਾਂਤਕ ਤੇ ਇਤਿਹਾਸਕ ਵਿਰਾਸਤ ਸੀ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਦੇ ਮਹਾਂਵਾਕ ਰਾਹੀਂ ਆਪਣੇ ਜਾਨਸ਼ੀਨਾਂ ਅਤੇ ਪੈਰੋਕਾਰਾਂ ਨੂੰ ਜਬਰ-ਜ਼ੁਲਮ ਵਿਰੁੱਧ ਜੂਝ ਮਰਨ ਦਾ ਸਬਕ ਪੜ੍ਹਾ ਦਿੱਤਾ ਸੀ। ਇਸੇ ਸਬਕ ਨੂੰ ਦਿਲ ਵਿੱਚ ਵਸਾ ਕੇ ਗੁਰੂ ਤੇਗ

ਬਹਾਦਰ ਜੀ ਦੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਨੇ ਤੱਤੀ ਤਵੀ ਉਤੇ ਬੈਠੇ ਅਤੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਨੇ ਜ਼ੁਲਮ ਵਿਰੁੱਧ ਚਾਰ ਯੁੱਧ ਲੜੇ ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ, ਮਨੁੱਖ ਮਾਤਰ ਨੂੰ ਦਿੱਤੀ ਗਈ ਸੇਧ ਅਤੇ ਜੀਵਨ-ਫਲਸਫ਼ੇ ਨੂੰ ਸਮਝਣ ਲਈ ਉਨ੍ਹਾਂ ਦੇ ਹੇਠ ਲਿਖੇ ਚਾਰ ਸਲੋਕ ਬੜੇ ਅਹਿਮ ਹਨ:

1. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

2. ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥

3. ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥

4. ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥ ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥

ਗੁਰੂ ਤੇਗ ਬਹਾਦਰ ਨੇ ਜਿਹੋ-ਜਿਹੇ ਮਨੁੱਖ ਦਾ ਸੰਕਲਪ ਆਪਣੀ ਬਾਣੀ ਵਿੱਚ ਪੇਸ਼ ਕੀਤਾ, ਉਨ੍ਹਾਂ ਨੇ ਉਸ ਨੂੰ ਖੁਦ ਜਿਉ ਕੇ ਵੀ ਵਿਖਾਇਆ। ਉਨ੍ਹਾਂ ਦਾ ਸ਼ਬਦ ਹੈ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥

ਮੈਂ ਆਪਣਾ ਅਖੀਰਲਾ ਨੁਕਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇੱਕ ਦਰਬਾਰੀ ਕਵੀ ਸੈਨਾਪਤੀ ਦੇ ਸ਼ਬਦਾਂ ਰਾਹੀਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ:

ਪ੍ਰਗਟ ਭਏ ਗੁਰੁ ਤੇਗ ਬਹਾਦਰ। ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ।
ਸਗਲ ਸ੍ਰਿਸਟਿ ਜਾ ਕਾ ਜਸ ਭਯੋ। ਜਿਹ ਤੇ ਸਰਬ ਧਰਮ ਬੰਚਯੋ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦੀ ਚਾਦਰ ਕਿਸੇ ਇੱਕ ਖਿੱਤੇ ਉਤੇ ਨਹੀਂ, ਬਲਕਿ ਪੂਰੇ ਸੰਸਾਰ ਉੱਤੇ ਦਿੱਤੀ। ਇੱਕ ਨਹੀਂ, ਉਹ ਸਾਰੇ ਧਰਮਾਂ ਦੀ ਢਾਲ ਬਣੇ। ਉਨ੍ਹਾਂ ਦੀ ਲਾਸਾਨੀ ਸ਼ਹਾਦਤ ਨੂੰ ਕਿਸੇ ਦੇਸ਼-ਕਾਲ ਜਾਂ ਸਮੇਂ ਤੇ ਸਥਾਨ ਦੀ ਵਲਗਣ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ।

**(ਟਰਾਂਸਪੋਰਟ ਅਤੇ ਜੇਲ੍ਹਾਂ ਮੰਤਰੀ) ਸਰਦਾਰ ਲਾਲਜੀਤ ਸਿੰਘ ਭੁੱਲਰ** : ਧੰਨਵਾਦ ਸਪੀਕਰ ਸਾਹਿਬ, ਅੱਜ ਦੇ ਇਸ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਵਿੱਚ ਤੁਸੀਂ ਮੈਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਹੈ। ਹੁਣ ਤੱਕ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ, ਜਦੋਂ ਕਿਸੇ ਵਿਧਾਨ ਸਭਾ ਦੇ ਸੈਸ਼ਨ ਦੀ ਕਾਰਵਾਈ ਸਕੱਤਰੇਤ ਤੋਂ ਬਾਹਰ ਕੀਤੀ ਗਈ ਹੋਵੇ। ਇਹ ਅਵਸਰ ਸਾਡੀ ਸਰਕਾਰ ਦੇ ਹਿੱਸੇ ਆਇਆ ਹੈ, ਮੈਨੂੰ ਇਸ ਗੱਲ ਦਾ ਮਾਣ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪੰਜਾਬ ਦੇ ਹੀ ਨਹੀਂ ਸਗੋਂ ਵਿਸ਼ਵ ਦੇ ਅਜਿਹੇ ਚਿੰਤਕ ਤੇ ਮਹਾਨ ਸ਼ਹੀਦ ਹੋਏ ਹਨ, ਜਿਨ੍ਹਾਂ ਨੇ ਮਨੁੱਖਤਾ ਨੂੰ ਕੇਵਲ ਆਪਣੇ ਫ਼ਲਸਫ਼ੇ ਰਾਹੀਂ ਹੀ ਨਹੀਂ ਸਮਝਾਇਆ ਬਲਕਿ ਅਮਲੀ ਰੂਪ ਪੇਸ਼ ਕਰਦਿਆਂ ਕਹਿਣੀ ਅਤੇ ਕਥਨੀ ਤੇ ਪਹਿਰਾ ਦਿੱਤਾ। ਉਨ੍ਹਾਂ ਨੇ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਦੇ ਨਾਲ-ਨਾਲ ਨਿਰਭਉ ਤੇ ਨਿਰਵੈਰ ਦੇ ਸਿਧਾਂਤ ਲਈ ਆਪਣੀ ਜ਼ਿੰਦਗੀ ਦੀ ਵੱਡੀ ਕੁਰਬਾਨੀ ਦਿੱਤੀ। ਅਜਿਹੀ ਲਾਸਾਨੀ ਕੁਰਬਾਨੀ ਦੀ ਮਿਸਾਲ ਦੁਨੀਆ ਭਰ ਵਿੱਚ ਕਿਤੇ ਵੀ ਨਹੀਂ ਮਿਲਦੀ। ਉਨ੍ਹਾਂ ਨੇ ਦੁਨੀਆ ਭਰ ਵਿੱਚ ਵਸਦੀਆਂ ਕਮਜ਼ੋਰ ਧਿਰਾਂ ਨੂੰ ਨਿਰਭਉ ਕਰਨ ਲਈ ਅਦੁੱਤੀ ਸ਼ਹਾਦਤ ਦਿੱਤੀ। ਇਹ ਮਹਾਨ ਕੁਰਬਾਨੀ ਕੇਵਲ ਧਰਮ ਦੀ ਰਾਖੀ ਲਈ ਨਹੀਂ ਸੀ, ਸਗੋਂ ਹਰੇਕ ਵਰਤਾਰੇ ਵਿੱਚ ਜਿੱਥੇ ਦਮਨ ਹੁੰਦਾ ਹੈ, ਉਥੇ ਗਿਆਨ ਤੇ ਹਿੰਮਤ ਦਾ ਹਥਿਆਰ ਪਹੁੰਚਾਉਣਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ 'ਹਿੰਦ ਦੀ ਚਾਦਰ' ਕਹਿ ਕੇ ਸਤਿਕਾਰਿਆ ਜਾਂਦਾ ਹੈ। ਉਨ੍ਹਾਂ ਨੂੰ ਦਿੱਤਾ ਗਿਆ ਇਹ ਸਤਿਕਾਰ ਅੱਜ ਜਦੋਂ ਅਸੀਂ ਉਨ੍ਹਾਂ ਨੂੰ ਸ਼ਹਾਦਤ ਦੇ 350ਵੇਂ ਵਰ੍ਹੇ ਉੱਤੇ ਯਾਦ ਕਰ ਰਹੇ ਹਾਂ, ਸਾਨੂੰ ਸੋਚਣ ਲਈ ਮਜਬੂਰ ਕਰਦਾ ਹੈ ਕਿ ਅਸੀਂ ਉਨ੍ਹਾਂ ਦੇ ਵਾਰਸ ਕਿੱਥੇ ਕੁ ਖੜ੍ਹੇ ਹਾਂ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਾਨੂੰ ਬਹਾਦਰੀ, ਤਿਆਗ ਤੇ ਕੁਰਬਾਨੀ ਦੇ ਸਿਧਾਂਤ ਦਾ ਪਾਂਧੀ ਬਣਾਇਆ ਅਤੇ ਦੱਸਿਆ ਕਿ ਬਹਾਦਰੀ ਜੀਵਨ ਸ਼ੈਲੀ ਹੈ, ਜਿਸ ਵਿੱਚ ਨਿਰਭੈਅ ਅਤੇ ਨਿਰਵੈਰ ਰਹਿਣਾ ਹੈ ਤੇ ਜੇਕਰ ਕੋਈ ਰਾਹ ਨਹੀਂ ਦਿੰਦਾ ਤਾਂ ਕੁਰਬਾਨੀ ਲਈ ਤਤਪਰ ਰਹਿਣਾ ਹੈ ਤਾਂ ਜੋ ਅਗਲੀਆਂ ਪੀੜ੍ਹੀਆਂ ਇਸ ਹੁੰਮਸ ਭਰੇ ਮਾਹੌਲ ਤੋਂ ਮੁਕਤੀ ਹਾਸਲ ਕਰ ਸਕਣ । ਇਹ ਤਿੰਨ ਗੁਣ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪਛਾਣ ਚਿੰਨ੍ਹ ਬਣੇ ਹਨ, ਜਿਨ੍ਹਾਂ 'ਤੇ ਸਾਨੂੰ ਮਾਣ ਹੈ ਅਤੇ ਇਹ ਗੁਣ ਸਾਡੇ ਜੀਵਨ ਦਾ ਅਟੁੱਟ ਹਿੱਸਾ ਬਣ ਗਏ ਹਨ। ਇਸ ਕਰਕੇ ਹੀ ਦੁਨੀਆ ਭਰ ਵਿੱਚ ਪੰਜਾਬੀਆਂ ਦੇ ਹੌਸਲੇ ਤੇ ਕੁਰਬਾਨੀ ਦੀ ਮਿਸਾਲ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਯਾਤਰਾਵਾਂ, ਯੁੱਧਾਂ ਅਤੇ ਯੋਜਨਾਬੰਦੀ ਤੋਂ ਸਾਨੂੰ ਬਹੁਤ ਕੁਝ ਸਿੱਖਣ ਦੀ ਲੋੜ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀਆਂ ਯਾਤਰਾਵਾਂ ਰਾਹੀਂ ਜਿੱਥੇ ਸਿੱਖੀ ਸਿਧਾਂਤ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਉੱਥੇ ਉਨ੍ਹਾਂ ਨੇ ਲੋਕਾਂ ਅੰਦਰ ਏਕੇ, ਸਦਭਾਵਨਾ ਅਤੇ ਸਹਿਯੋਗ ਲਈ ਵੀ ਕਾਰਜ ਕੀਤੇ। ਮਾਲਵੇ ਵਿੱਚ ਪਾਣੀ ਦੀ ਕਮੀ ਪੂਰੀ ਕਰਨ ਲਈ ਖੂਹ ਲਗਵਾਏ ਤਾਂ ਜੋ ਲੋਕ ਨਿੱਤ ਦਿਨ ਦੀਆਂ ਲੋੜਾਂ ਲਈ ਔਖੇ ਨਾ ਹੋਣ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਆਸਾਮ ਖੇਤਰ ਅਤੇ ਮਾਲਵਾ ਖੇਤਰ ਦੀਆਂ ਯਾਤਰਾਵਾਂ ਦਾ ਜ਼ਿਆਦਾ ਮਹੱਤਵ ਰਿਹਾ ਜਿੱਥੇ ਲੋਕਾਂ ਨੂੰ ਉਨ੍ਹਾਂ ਦੇ ਜ਼ਰੀਏ ਆਪਣੇ ਦੁੱਖਾਂ ਤੋਂ ਨਿਜਾਤ ਪਾਉਣ ਦਾ ਰਾਹ ਮਿਲਿਆ।

ਸਾਡੀ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਅਪਣਾਉਣ ਲਈ ਵਚਨਬੱਧ ਹੈ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਲੋਕਾਂ ਤੱਕ ਲੈ ਜਾਣਾ ਅਪਣਾ ਫਰਜ਼ ਸਮਝਦੀ ਹੈ। ਅਸੀਂ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅੱਗੇ ਜਿੱਥੇ ਸਤਿਕਾਰ, ਮਰਿਆਦਾ ਤੇ ਸਮਰਪਣ ਨਾਲ ਸਿਜਦਾ ਕਰਾਂਗੇ, ਉਥੇ ਜਨ ਜਨ ਤੱਕ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਲੈ ਕੇ ਜਾਵਾਂਗੇ ਤਾਂ ਜੋ ਸਾਡੇ ਨਾਗਰਿਕਾਂ ਦੇ ਮਨ ਉਤੇ ਚਿਰ ਸਥਾਈ ਪ੍ਰਭਾਵ ਰਹੇ।

**(ਸਿਹਤ ਅਤੇ ਪਰਿਵਾਰ ਭਲਾਈ ਮੰਤਰੀ) ਡਾਕਟਰ ਬਲਬੀਰ ਸਿੰਘ** : ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਪਵਿੱਤਰ ਚਰਨਾਂ ਵਿੱਚ ਕੋਟਿ-ਕੋਟਿ ਪ੍ਰਣਾਮ । ਨੌਵੇਂ ਪਾਤਸ਼ਾਹ ਦੇ ਅਦ੍ਵਿਤੀਯ ਆਦਰਸ਼, 'ਮਨੁੱਖੀ ਅਧਿਕਾਰਾਂ ਦੀ ਰੱਖਿਆ, ਅੰਤਰਧਾਰਮਿਕ ਸਤਿਕਾਰ ਅਤੇ ਧਰਮ ਦੀ ਆਜ਼ਾਦੀ ਲਈ ਅਦਭੁਤ ਹਿੰਮਤ ਅਤੇ ਲਾਸਾਨੀ ਕੁਰਬਾਨੀ', ਇਹ ਆਦਰਸ਼ ਅੱਜ ਵੀ ਸੱਚ, ਨਿਆਂ ਅਤੇ ਇਨਸਾਫ਼ ਦੀ ਰਹਿਨੁਮਾਈ ਕਰਦੇ ਹਨ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਇਹ ਵਿਲੱਖਣ ਕੁਰਬਾਨੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਸਿਰਫ਼ ਇੱਕ ਕੌਮ ਲਈ ਨਹੀਂ, ਸ੍ਰੇਸ਼ਟ ਮਨੁੱਖੀ ਮੁੱਲਾਂ ਲਈ ਸੀ। ਵਿਸ਼ੇਸ਼ ਤੌਰ 'ਤੇ ਨੌਜਵਾਨ ਪੀੜ੍ਹੀ ਲਈ ਇਹ ਵਰ੍ਹਾ ਸੱਚਾਈ, ਨੈਤਿਕ ਹਿੰਮਤ, ਨਿਮਰਤਾ ਅਤੇ ਸਰਬੱਤ ਦੇ ਭਲੇ ਲਈ ਜੀਣ ਦਾ ਜੀਵੰਤ ਸਬਕ ਹੈ। ਸਰਕਾਰ ਵੱਲੋਂ ਕੀਤੇ ਜਾ ਰਹੇ ਇਹ ਸਮਾਗਮ ਸਿਰਫ਼ ਸਿਮਰਨ ਨਹੀਂ, ਸਗੋਂ ਸਮਾਜਿਕ ਜ਼ਿੰਮੇਵਾਰੀ ਅਤੇ ਸੇਵਾ ਦੇ ਸੰਕਲਪ ਨੂੰ ਮਜ਼ਬੂਤ ਕਰਨ ਦਾ ਮੌਕਾ ਵੀ ਹਨ।

ਸ਼ਹੀਦੀ ਸਮਾਗਮਾਂ ਦੌਰਾਨ ਸਿਹਤ ਵਿਭਾਗ ਵੱਲੋਂ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਹਰ ਯਾਤਰੀ ਨੂੰ ਤੁਰੰਤ ਅਤੇ ਗੁਣਵੱਤਾ ਵਾਲੀ ਸਿਹਤ ਸਹਾਇਤਾ ਉਪਲਬਧ ਰਹੇ। ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ ਖੇਤਰ ਵਿੱਚ ਉਚੇਚੇ ੨੦ ਆਮ ਆਦਮੀ ਕਲੀਨਿਕ ਮਿਤੀ 19.11.2025 ਤੋਂ 29.11.2025 ਤੱਕ ਲਗਾਤਾਰ ਚੱਲਣਗੇ, ਜਿੱਥੇ ਜਨਰਲ O.P.D. ਅਤੇ ਮੁੱਢਲੇ ਟੈਸਟ ਦੀ ਸਹੂਲਤ ਰਹੇਗੀ। ਇਸ ਦੇ ਨਾਲ ਹੀ ਜ਼ਿਲ੍ਹਾ ਹਸਪਤਾਲ ਰੂਪਨਗਰ, ਐਸ.ਡੀ.ਐਚ. ਸ੍ਰੀ ਆਨੰਦਪੁਰ ਸਾਹਿਬ ਅਤੇ ਪੀ.ਐਚ.ਸੀ. ਕੀਰਤਪੁਰ ਸਾਹਿਬ ਵਿੱਚ 24×7 ਐਮਰਜੈਂਸੀ ਸੇਵਾਵਾਂ ਅਤੇ ਕ੍ਰਿਟੀਕਲ ਕੇਅਰ ਯੂਨਿਟ ਤਾਇਨਾਤ ਰਹਿਣਗੇ।

ਸਮਾਗਮ ਦੌਰਾਨ ਵਿਰਾਸਤ-ਏ-ਖਾਲਸਾ ਅਤੇ ਪੰਜ ਪਿਆਰੇ ਪਾਰਕ ਵਿੱਚ ਰਕਤਦਾਨ ਕੈਂਪ ਲਗਾਏ ਜਾਣਗੇ ਜਦਕਿ ਟੈਂਟ ਸਿਟੀ ਅਤੇ ਟਰਾਲੀ ਸਿਟੀ ਵਿੱਚ ਨਿਗਾਹ (ਨਜ਼ਰ) ਦੇ ਲੰਗਰ ਲੱਗਣਗੇ, ਜਿੱਥੇ ਮਾਹਿਰ ਡਾਕਟਰ ਜਾਂਚ ਉਪਰੰਤ ਐਨਕਾਂ ਵੰਡਣਗੇ ਅਤੇ ਲੋੜਵੰਦ ਮਰੀਜ਼ਾਂ ਦੇ ਆਪਰੇਸ਼ਨ ਜ਼ਿਲ੍ਹਾ ਹਸਪਤਾਲ ਰੂਪਨਗਰ ਵਿੱਚ ਕਰਵਾਏ ਜਾਣਗੇ। ਇਨ੍ਹਾਂ ਕੈਂਪਾਂ ਵਿੱਚ ਅੰਗ ਦਾਨ ਬਾਰੇ ਜਾਗਰੂਕਤਾ ਫੈਲਾਈ ਜਾਵੇਗੀ ਅਤੇ ਯੋਗ ਸੇਵਾਦਾਰਾਂ ਦੇ ਆਨਲਾਈਨ ਫਾਰਮ ਭਰਵਾਏ ਜਾਣਗੇ। ਸ਼ਹੀਦੀ ਸਮਾਗਮਾਂ ਦੌਰਾਨ ਨਗਰ ਕੀਰਤਨਾਂ ਲਈ ਮੈਡੀਕਲ ਟੀਮਾਂ ਅਤੇ ਮੁੱਖ ਸਥਾਨਾਂ 'ਤੇ 24 ਐਂਬੂਲੈਂਸਾਂ 24×7 ਤਾਇਨਾਤ ਰਹਿਣਗੀਆਂ ਤਾਂ ਜੋ ਕਿਸੇ ਵੀ ਐਮਰਜੈਂਸੀ ਵਿੱਚ ਫੌਰੀ ਸਹਾਇਤਾ ਉਪਲਬਧ ਰਹੇ। ਇਸ ਤੋਂ ਇਲਾਵਾ, ਸਿਹਤ ਵਿਭਾਗ ਵੱਲੋਂ ਪੋਰਟੇਬਲ ਐਕਸ-ਰੇ ਰਾਹੀਂ ਟੀ.ਬੀ. ਅਤੇ ਛਾਤੀ ਦੀ ਜਾਂਚ ਵੀ ਕੀਤੀ ਜਾਵੇਗੀ।

ਮੈਂ ਸਾਰੇ ਪੰਜਾਬੀਆਂ ਅਤੇ ਵਿਸ਼ਵ ਭਰ ਦੀ ਸਿੱਖ ਸੰਗਤ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਮਾਰੋਹਾਂ ਵਿੱਚ ਜ਼ਿੰਮੇਵਾਰੀ ਨਾਲ ਭਾਗ ਲੈਣ, ਖੂਨਦਾਨ , ਅੰਗਦਾਨ ਅਤੇ ਹੋਰ ਸੇਵਾ ਕਾਰਜਾਂ ਨਾਲ ਜੁੜ ਕੇ ਗੁਰੂ ਸਾਹਿਬ ਦੇ ਸੱਚ ਅਤੇ ਕੁਰਬਾਨੀ ਦੇ ਸੰਦੇਸ਼ ਨੂੰ ਜੀਵਨ ਵਿੱਚ ਉਤਾਰਨ। ਆਓ, 350ਵੇਂ ਸ਼ਹੀਦੀ ਵਰ੍ਹੇ ਨੂੰ ਸ਼ਾਂਤੀ, ਏਕਤਾ, ਇਨਸਾਫ਼ ਅਤੇ ਮਨੁੱਖੀ ਅਧਿਕਾਰਾਂ ਦੀ ਨਵੀਂ ਪ੍ਰਤਿਭੂਤੀ ਬਣਾਈਏ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ) :** ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਇਹ ਨਵੰਬਰ ਮਹੀਨਾ ਸਿਰਫ਼ ਕੈਲੰਡਰ ਦਾ ਇੱਕ ਪੰਨਾ ਨਹੀਂ-ਇਹ ਸ਼ਹਾਦਤ ਦਾ ਮਹੀਨਾ ਹੈ, ਉਹ ਸਮਾਂ ਜਦੋਂ ਅਸੀਂ "ਹਿੰਦ ਦੀ ਚਾਦਰ" ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬੇਮਿਸਾਲ ਬਲੀਦਾਨ ਨੂੰ ਯਾਦ ਕਰਦੇ ਹਾਂ।

ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਨ੍ਹਾਂ ਨੇ ਧਰਮ, ਸੱਚਾਈ ਅਤੇ ਮਨੁੱਖਤਾ ਦੀ ਰੱਖਿਆ ਲਈ ਆਪਣਾ ਸੀਸ ਵਾਰ ਦਿੱਤਾ, ਉਹ ਸਿਰਫ਼ ਸਿੱਖ ਕੌਮ ਦੇ ਹੀ ਨਹੀਂ, ਸਾਰੀ ਮਨੁੱਖਤਾ ਦੇ ਰਖਵਾਲੇ ਸਨ। ਜਦੋਂ ਕਸ਼ਮੀਰੀ ਪੰਡਤਾਂ ਦੀ ਆਵਾਜ਼ ਕਿਸੇ ਨੇ ਨਾ ਸੁਣੀ ਤਾਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਕ 'ਚ ਆਪਣੇ ਸੀਸ ਦੀ ਕੁਰਬਾਨੀ ਦੇ ਕੇ ਦੁਨੀਆ ਨੂੰ ਸਿਖਾਇਆ ਕਿ ਧਰਮ ਲਈ ਜੀਣਾ ਅਤੇ ਮਰਨਾ ਹੀ ਸੱਚਾ ਬਲੀਦਾਨ ਹੈ।

ਦਸਮ ਗ੍ਰੰਥ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੇ ਇਸ ਸ਼ਹੀਦੀ ਸਾਕੇ ਨੂੰ ਯੂੰ ਦਰਜ ਕੀਤਾ ਹੈ:

'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।। ਕੀਨੋ ਬਡੋ ਕਲੂ ਮਹਿ ਸਾਕਾ।।

ਇਹ ਸਿਰਫ਼ ਇੱਕ ਸ਼ਬਦ ਨਹੀਂ, ਇਹ ਮਨੁੱਖਤਾ ਦੀ ਸਭ ਤੋਂ ਵੱਡੀ ਕਹਾਣੀ ਹੈ। ਮਨੁੱਖਤਾ ਦੇ ਧਰਮ ਲਈ ਸੀਸ ਕਟਾ ਦਿੱਤਾ ਪਰ ਧਰਮ ਕਦੇ ਨਹੀਂ ਛੱਡਿਆ।

ਬਾਬਾ ਬਕਾਲਾ ਦੀ ਇਕਾਂਤ ਭਗਤੀ ਤੋਂ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਤੱਕ, ਗੁਰੂ ਜੀ ਨੇ ਸਿੱਖ ਧਰਮ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੀ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 59 ਸ਼ਬਦਾਂ ਅਤੇ 57 ਸਲੋਕਾਂ ਦੇ ਰੂਪ ਵਿੱਚ ਦਰਜ ਹੈ, ਸਾਨੂੰ ਸਦਾ ਯਾਦ ਦਿਵਾਉਂਦੀ ਹੈ ਕਿ ਮਨੁੱਖਤਾ ਸਭ ਤੋਂ ਵੱਡਾ ਧਰਮ ਹੈ।

ਇਸ 350ਵੇਂ ਸ਼ਹੀਦੀ ਸਾਲ ਦੇ ਮੌਕੇ 'ਤੇ, ਪੰਜਾਬ ਸਰਕਾਰ, ਸਿੱਖ ਸੰਸਥਾਵਾਂ ਅਤੇ ਸਾਰੀ ਸੰਗਤ ਇਕੱਠੇ ਹੋ ਕੇ ਇਸ ਮਹਾਨ ਬਲੀਦਾਨ ਦੀ ਯਾਦ ਨੂੰ ਜਿਊਂਦਾ ਕਰ ਰਹੀਆਂ ਹਨ। ਭਾਰਤ ਸਰਕਾਰ ਵੱਲੋਂ ਵੀ ਇਸ ਇਤਿਹਾਸਕ ਪੁਰਬ ਨੂੰ ਕੇਂਦਰੀ ਪੱਧਰ ’ਤੇ ਮਨਾਉਣ ਦੀ ਤਿਆਰੀ ਜਾਰੀ ਹੈ।

ਇਹ ਪੁਰਬ ਸਾਨੂੰ ਸਿਖਾਉਂਦਾ ਹੈ ਕਿ ਜ਼ੁਲਮ ਦੇ ਅੱਗੇ ਝੁਕਣਾ ਨਹੀਂ ਅਤੇ ਨਿਡਰ ਹੋ ਕੇ ਸੱਚ ਦਾ ਸਾਥ ਦੇਣਾ ਹੀ ਸੱਚੀ ਸੇਵਾ ਹੈ।

ਆਓ, ਇਸ ਸ਼ਹਾਦਤ ਮਹੀਨੇ ਵਿੱਚ ਸਿਰਫ਼ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਨਾ ਕਰੀਏ, ਸਗੋਂ ਉਨ੍ਹਾਂ ਦੇ ਸੰਦੇਸ਼ ਨੂੰ ਜੀਵਨ ਵਿੱਚ ਉਤਾਰੀਏ, ਧਰਮ ਦੀ ਰੱਖਿਆ ਲਈ, ਮਨੁੱਖਤਾ ਦੀ ਖਾਤਰ ਨਿਡਰ ਹੋ ਕੇ ਖੜ੍ਹੇ ਰਹੀਏ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)** : ਮਾਣਯੋਗ ਸਪੀਕਰ ਸਾਹਿਬ ਅਤੇ ਸਮੂਹ ਸਤਿਕਾਰਯੋਗ ਮੈਂਬਰ ਸਾਹਿਬਾਨ, ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਅੱਜ ਅਸੀਂ ਕੇਵਲ ਇੱਕ ਇਤਿਹਾਸਕ ਸਥਾਨ 'ਤੇ ਨਹੀਂ, ਸਗੋਂ ਉਸ ਸ੍ਰੀ ਅਨੰਦਪੁਰ ਸਾਹਿਬ ਦੀ ਰੂਹਾਨੀ ਧਰਤੀ, ਜੋ ਸਿਦਕ ਅਤੇ ਤਿਆਗ ਦਾ ਸੋਮਾ ਹੈ, 'ਤੇ ਇਕੱਠੇ ਹੋਏ ਹਾਂ। ਅਸੀਂ ਸਭ ਇਸ ਪਵਿੱਤਰ ਅਸਥਾਨ ਤੋਂ 'ਹਿੰਦ ਦੀ ਚਾਦਰ,' ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਿਜਦਾ ਕਰਦੇ ਹਾਂ ਅਤੇ ਇਸ ਇਤਿਹਾਸਿਕ ਪਲ ਦਾ ਹਿੱਸਾ ਹੋਣ 'ਤੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਾਂ।

ਮੈਂ ਸਪੀਕਰ ਸਾਹਿਬ ਦਾ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਮੈਨੂੰ ਉਸ ਮਹਾਨ ਜੋਤ ਬਾਰੇ ਗੱਲ ਕਰਨ ਦਾ ਮੌਕਾ ਦਿੱਤਾ, ਜਿਨ੍ਹਾਂ ਦਾ ਬਲੀਦਾਨ ਕਿਸੇ ਸਰਹੱਦ ਜਾਂ ਧਰਮ ਤੱਕ ਸੀਮਤ ਨਹੀਂ, ਸਗੋਂ ਸਮੁੱਚੀ ਮਨੁੱਖਤਾ ਦੇ ਸਿਰ 'ਤੇ ਇੱਕ ਛੱਤ ਬਣ ਕੇ ਖੜ੍ਹਾ ਹੈ। ਗੁਰੂ ਸਾਹਿਬ ਦਾ ਜੀਵਨ ਦਰਸ਼ਨ ਹਰ ਆਮ ਮਨੁੱਖ ਦੀ ਇੱਜ਼ਤ, ਉਸਦੇ ਅਧਿਕਾਰਾਂ ਅਤੇ ਜ਼ਮੀਰ ਦੀ ਆਜ਼ਾਦੀ ਦਾ ਇੱਕ ਅਮਰ ਸੰਦੇਸ਼ ਹੈ।

ਗੁਰੂ ਸਾਹਿਬ ਦਾ ਜਨਮ 1 ਅਪ੍ਰੈਲ, 1621 ਨੂੰ ਹੋਇਆ। ਛੇਵੇਂ ਪਾਤਿਸ਼ਾਹ ਦੇ ਸਪੁੱਤਰ ਹੁੰਦਿਆਂ, ਉਨ੍ਹਾਂ ਨੇ ਬਚਪਨ ਵਿੱਚ ਹੀ ਸ਼ਸਤਰ ਵਿਦਿਆ ਅਤੇ ਆਤਮਕ ਗਿਆਨ ਦੋਹਾਂ ਨੂੰ ਕਮਾਇਆ, ਕਰਤਾਰਪੁਰ ਦੀ ਜੰਗ ਵਿੱਚ, ਉਨ੍ਹਾਂ ਦੀ ਅਦੁੱਤੀ ਬਹਾਦਰੀ ਦੇਖ ਕੇ ਉਨ੍ਹਾਂ ਨੂੰ 'ਤੇਗ ਬਹਾਦਰ' ਭਾਵ 'ਤਲਵਾਰ ਦੇ ਧਨੀ' ਦਾ ਨਾਮ ਦਿੱਤਾ ਗਿਆ। ਪਰ ਇਸ ਮਹਾਨ ਕਾਰਜ ਤੋਂ ਬਾਅਦ, ਉਹ ਰਾਜਨੀਤਿਕ ਤਖਤਾਂ ਨੂੰ ਤਿਆਗ ਕੇ, ਬਕਾਲਾ ਦੀ ਧਰਤੀ 'ਤੇ 26 ਸਾਲ, 9 ਮਹੀਨੇ 13 ਦਿਨ ਤੱਕ ਡੂੰਘੇ ਸਿਮਰਨ ਅਤੇ ਤਪੱਸਿਆ ਵਿੱਚ ਲੀਨ ਰਹੇ। ਉਨ੍ਹਾਂ ਦੀ ਇਹ ਤਪੱਸਿਆ, ਆਉਣ ਵਾਲੇ ਸਮੇਂ ਦੀ ਸਭ ਤੋਂ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰ ਰਹੀ ਸੀ।

ਸੰਨ 1664 ਵਿੱਚ ਗੁਰਗੱਦੀ ਸੰਭਾਲਣ ਉਪਰੰਤ, ਉਨ੍ਹਾਂ ਨੇ ਮਨੁੱਖਤਾ ਦੀ ਸੇਵਾ ਲਈ ਪੰਜਾਬ ਦੀਆਂ ਹੱਦਾਂ ਪਾਰ ਕਰਕੇ ਅਸਾਮ ਅਤੇ ਬੰਗਾਲ ਤੱਕ ਸਫ਼ਰ ਕੀਤਾ। ਉਨ੍ਹਾਂ ਦੇ ਸਫ਼ਰ ਰੂਹਾਨੀਅਤ ਦੇ ਨਾਲ-ਨਾਲ ਆਮ ਜਨਤਾ ਦੀ ਭਲਾਈ ਲਈ ਸਨ। ਜਿੱਥੇ ਵੀ ਗੁਰੂ ਸਾਹਿਬ ਨੇ ਚਰਨ ਪਾਏ, ਉੱਥੇ ਲੰਗਰ ਲਗਾਏ, ਖੂਹ ਖੁਦਵਾਏ ਅਤੇ ਦੁਖੀ ਲੋਕਾਂ ਦੇ ਅੱਥਰੂ ਪੂੰਝੇ। ਇਹ ਸਰਬੱਤ ਦਾ ਭਲਾ, 'ਸਾਰਿਆਂ ਦੀ ਭਲਾਈ' ਦਾ ਉਹ ਸਿਧਾਂਤ ਹੈ, ਜੋ ਸਾਨੂੰ ਸਿਖਾਉਂਦਾ ਹੈ ਕਿ ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ। ਸੰਨ 1665 ਵਿੱਚ, ਉਨ੍ਹਾਂ ਨੇ ਇੱਥੇ ਚੱਕ ਨਾਨਕੀ ਨਗਰ ਦੀ ਸਥਾਪਨਾ ਕੀਤੀ, ਜਿਸ ਨੂੰ ਅੱਜ ਅਸੀਂ ਸ਼ਾਂਤੀ ਅਤੇ ਹਿੰਮਤ ਦੇ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਵਜੋਂ ਜਾਣਦੇ ਹਾਂ।

ਸਪੀਕਰ ਸਾਹਿਬ, ਗੁਰੂ ਸਾਹਿਬ ਦੀ ਜ਼ਿੰਦਗੀ ਦਾ ਸਭ ਤੋਂ ਅਹਿਮ ਅਤੇ ਮਹਾਨ ਮੋੜ 1675 ਵਿੱਚ ਆਇਆ, ਜਦੋਂ ਔਰੰਗਜ਼ੇਬ ਦੇ ਜ਼ੁਲਮ ਨੇ ਹਰ ਆਮ ਨਾਗਰਿਕ ਦੀ ਆਸਥਾ ਅਤੇ ਸਵੈਮਾਣ ਨੂੰ ਕੁਚਲਣਾ ਸ਼ੁਰੂ ਕੀਤਾ। ਜਦੋਂ ਕਸ਼ਮੀਰੀ ਪੰਡਤ ਮਦਦ ਲਈ ਆਏ ਤਾਂ ਗੁਰੂ ਸਾਹਿਬ ਨੇ ਫ਼ੈਸਲਾ ਕੀਤਾ ਕਿ ਇਹ ਕਿਸੇ ਇੱਕ ਧਰਮ ਦਾ ਨਹੀਂ, ਸਗੋਂ ਮਨੁੱਖੀ ਜ਼ਮੀਰ ਦੀ ਅਜ਼ਾਦੀ ਦਾ ਮਸਲਾ ਹੈ।

ਉਨ੍ਹਾਂ ਨੇ ਦਿੱਲੀ ਦੇ ਚਾਂਦਨੀ ਚੌਕ ਵਿੱਚ ਆਪਣਾ ਸੀਸ ਕੁਰਬਾਨ ਕਰਕੇ ਦੁਨੀਆ ਨੂੰ ਇਹ ਦੱਸ ਦਿੱਤਾ ਕਿ ਕੋਈ ਵੀ ਹਾਕਮ ਕਿਸੇ ਆਮ ਮਨੁੱਖ ਦੇ ਦਿਲ ਵਿੱਚੋਂ ਉਸ ਦਾ ਵਿਸ਼ਵਾਸ ਨਹੀਂ ਕੱਢ ਸਕਦਾ। ਉਹ ਇਕੱਲੇ ਅਜਿਹੇ ਮਹਾਨ ਰਹਿਬਰ ਹਨ ਜਿਨ੍ਹਾਂ ਨੇ ਦੂਸਰੇ ਭਾਈਚਾਰੇ ਦੇ ਧਾਰਮਿਕ ਹੱਕਾਂ ਦੀ ਰਾਖੀ ਲਈ ਆਪਣੀ ਜਾਨ ਦਿੱਤੀ। ਉਹ ਸਿਰਫ਼ ਸਿੱਖਾਂ ਦੇ ਨਹੀਂ, ਸਗੋਂ ਹਰ ਦੱਬੇ-ਕੁਚਲੇ ਅਤੇ ਮਜ਼ਲੂਮ ਵਿਅਕਤੀ ਦੇ ਹੱਕ ਵਿੱਚ ਖੜ੍ਹਨ ਵਾਲੇ 'ਹਿੰਦ ਦੀ ਚਾਦਰ' ਬਣ ਗਏ। ਉਨ੍ਹਾਂ ਦੀ ਸ਼ਹਾਦਤ ਜ਼ੁਲਮ ਅੱਗੇ ਝੁਕਣ ਤੋਂ ਇਨਕਾਰ ਕਰਨ ਦਾ ਸਭ ਤੋਂ ਵੱਡਾ ਸਬੂਤ ਹੈ।

ਉਨ੍ਹਾਂ ਦੇ ਆਤਮਿਕ ਬਲ, ਅਟੱਲ ਨਿਸਚੈ ਅਤੇ ਲਾਸਾਨੀ ਕੁਰਬਾਨੀ ਤੋਂ ਪ੍ਰੇਰਨਾ ਲੈਂਦੇ ਹੋਏ ਉਨ੍ਹਾਂ ਦੇ ਸਪੁੱਤਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਨੀਂਹ ਰੱਖੀ ਅਤੇ ਉਨ੍ਹਾਂ ਦੇ ਮਿਸ਼ਨ ਨੂੰ ਬੁਲੰਦੀ ’ਤੇ ਪਹੁੰਚਾਇਆ।

ਅੱਜ, ਇਸ ਪਵਿੱਤਰ ਧਰਤੀ 'ਤੇ ਖੜ੍ਹੇ ਹੋ ਕੇ ਸਾਡਾ ਫ਼ਰਜ਼ ਹੈ ਕਿ ਅਸੀਂ ਗੁਰੂ ਸਾਹਿਬ ਦੇ ਬਲੀਦਾਨ ਨੂੰ ਸਿਰਫ਼ ਯਾਦ ਹੀ ਨਾ ਕਰੀਏ, ਸਗੋਂ ਇਸ ਨੂੰ ਆਪਣੀ ਰਾਜਨੀਤੀ ਦਾ ਅਧਾਰ ਬਣਾਈਏ। ਗੁਰੂ ਸਾਹਿਬ ਦੀ ਲੀਡਰਸ਼ਿਪ ਸਾਨੂੰ ਸਿਖਾਉਂਦੀ ਹੈ ਕਿ ਸੱਚ ਅਤੇ ਇਨਸਾਫ਼ ਲਈ ਖੜ੍ਹਨਾ ਹੀ ਅਸਲੀ ਸੇਵਾ ਹੈ। ਆਓ, ਅਸੀਂ ਸਾਰੇ ਇਸ ਪਾਵਨ ਅਸਥਾਨ ਤੋਂ ਇਹ ਪ੍ਰਣ ਕਰੀਏ:

‘‘ਅਸੀਂ ਪੰਜਾਬ ਦੇ ਹਰ ਆਮ ਘਰ, ਆਮ ਪਰਿਵਾਰ ਨੂੰ ਜਾਤ-ਪਾਤ, ਭ੍ਰਿਸ਼ਟਾਚਾਰ ਅਤੇ ਹਰ ਤਰ੍ਹਾਂ ਦੀ ਬੇਇਨਸਾਫ਼ੀ ਤੋਂ ਮੁਕਤ ਕਰਾਉਣ ਲਈ ਅਣਥੱਕ ਯਤਨ ਕਰਾਂਗੇ, ਬੇਸ਼ਕ ਸਾਡੇ ਰਾਜਨੀਤਿਕ ਵਿਚਾਰ ਕੁਝ ਵੀ ਹੋਣ।

ਅਸੀਂ ਆਪਣੇ ਸੂਬੇ ਵਿੱਚ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਾਡੇ ਸੰਵਿਧਾਨ ਦੇ ਸਿਧਾਂਤਾਂ ਨੂੰ ਗੁਰੂ ਸਾਹਿਬ ਦੇ ਬਲੀਦਾਨ ਦੀ ਰੌਸ਼ਨੀ ਵਿੱਚ ਮਜ਼ਬੂਤ ਕਰਾਂਗੇ।’‘

ਮੈਂ ਦੁਬਾਰਾ ਗੁਰੂ ਸਾਹਿਬ ਦੇ ਚਰਨਾਂ ਵਿੱਚ ਸੀਸ ਝੁਕਾਉਂਦਾ ਹੋਇਆ, ਆਪ ਸਭ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਧੰਨਵਾਦ।

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ (ਗਿੱਦੜਬਾਹਾ) :** ਸਤਿਕਾਰਯੋਗ ਜੀਉ, ਹਿੰਦ ਦੀ ਚਾਦਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾਂ ਸ਼ਹੀਦੀ ਦਿਹਾੜਾ ਮਨਾਉਂਦੇ ਹੋਏ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਫਤਹਿ ਦੀ ਸਾਂਝ ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ ॥

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।। ਕੀਨੋ ਬਡੋ ਕਲੂ ਮਹਿ ਸਾਕਾ।।

ਸਾਧਨ ਹੇਤਿ ਇਤੀ ਜਿਨਿ ਕਰੀ।। ਸੀਸ ਦੀਆ ਪਰ ਸੀ ਨ ਉਚਰੀ।।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਕਿਸੇ ਨੇ ਸਟੀਕ ਸ਼ਬਦਾਂ ਵਿੱਚ ਲਿਖਿਆ ਹੈ:

ਮੈਂ ਹਾਂ ਤੇਗ ਪਰਖ ਲੈ ਤੇਗ ਤੂੰ ਵੀ, ਇੱਕ ਦੋ ਨਹੀਂ ਪਰਖ ਲੈ ਸੌ ਤੇਗਾਂ,

ਮੈਨੂੰ ਤੇਗ ਬਹਾਦਰ ਦਾ ਲਕਬ ਮਿਲਿਆ, ਮੇਰਾ ਕੁਝ ਨਹੀਂ ਸਕਦੀਆਂ ਖੋਹ ਤੇਗਾਂ,

ਮੈਂ ਜੰਮਦਿਆਂ ਤੇਗਾਂ ਦੀ ਛਾਂ ਮਾਣੀ, ਮੇਰੇ ਪਿਉ ਨੇ ਪਹਿਨੀਆਂ ਦੋ ਤੇਗਾਂ,

ਮੇਰੇ ਪਿਤਾ ਦੀ ਅਣਖ ਬਹਾਦਰੀ ਤੇ, ਰਿਹਾ ਪਰਖਦਾ ਤੇਰਾ ਪਿਉ ਤੇਗਾਂ,

ਹੁਣ ਵੇਖੀ ਆਉਂਦੇ ਭਵਿੱਖ ਅੰਦਰ, ਮੇਰੇ ਲਾਲ ਨੇ ਵਾਹੁਣੀਆਂ ਉਹ ਤੇਗਾਂ,

ਉਹਦੀ ਤੇਗ ਚੋਂ ਜਿਹੜੀ ਤੇਗ ਨਿਕਲੂ, ਔਰੰਗਿਆ ਲੱਖਾਂ ਲਏਗੀ ਤੇਰੀਆਂ ਖੋਹ ਤੇਗਾਂ"

ਇਹ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਮੈਂ ਉਸ ਸਮੇਂ ਦਾ ਮੌਜੂਦਾ ਵਿਧਾਇਕ ਹਾਂ, ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ 350 ਸਾਲਾ ਦਿਹਾੜਾ ਮਨਾਇਆ ਜਾ ਰਿਹਾ ਹੈ।

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਨੇ ਹਿੰਦ ਦੀ ਚਾਦਰ ਦਾ ਰੂਪ ਧਾਰ ਕੇ ਹਿੰਦੁਸਤਾਨ ਨੂੰ ਢੱਕਿਆ, ਦਬੇ ਕੁਚਲੇ ਮਜ਼ਲੂਮਾਂ ਦੀ ਰਾਖੀ ਦੇ ਲਈ ਗੁਰੂ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਕ ਅੰਦਰ ਸ਼ਹਾਦਤ ਦਿੱਤੀ, ਉਸ ਸਮੇਂ ਭਾਈ ਜੈਤਾ ਜੀ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਪੁੱਛਿਆ ਸੀ ਕਿ ਭਾਈ ਜੈਤਾ ਦਿੱਲੀ ਅੰਦਰ ਕੋਈ ਸਿੱਖ ਨਹੀਂ ਸੀ, ਜੋ ਅੱਗੇ ਆ ਸਕਦਾ ਸੀ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਸੀ ਕਿ ਮਹਾਰਾਜ ਸਿੱਖ ਤਾਂ ਬੁਹਤ ਸੀ ਪਰ ਪਹਿਚਾਣ ਕਿਸੇ ਦੀ ਨਹੀਂ ਆ ਰਹੀ ਸੀ ਕਿ ਇਹ ਗੁਰੂ ਕੇ ਸਿੱਖ ਹਨ। ਗੁਰੂ ਮਹਾਰਾਜ ਨੇ ਉਦੋਂ ਆਪਣੇ ਮੁਖਾਰਬਿੰਦ ਤੋਂ ਬਚਨ ਕੀਤੇ ਸਨ ਕਿ ਅਜਿਹਾ ਖਾਲਸਾ ਪੰਥ ਸਜਾਵਾਂਗਾ ਜਿਸ ਦੀ ਪਛਾਣ ਲੱਖਾਂ ਵਿੱਚੋਂ ਹੋਵੇਗੀ। ਮੈਨੂੰ ਬੜੀ ਖੁਸ਼ੀ ਹੈ ਕਿ ਗੁਰੂ ਸਾਹਿਬ ਦੇ ਉਨ੍ਹਾਂ ਬਚਨਾਂ ਕਰਕੇ ਅੱਜ ਸੰਸਾਰ ਭਰ ਅੰਦਰ ਨਾਨਕ ਨਾਮ ਲੇਵਾ ਕੋਈ ਵੀ ਗੁਰਸਿੱਖ ਜਦੋਂ ਕਿਤੇ ਜਾਂਦਾ ਹੈ ਤੇ ਗੁਰੂਆਂ ਦੀ ਸ਼ਹਾਦਤ ਸਦਕਾ ਆਪਾਂ ਨੂੰ ਅੱਜ ਸਰਦਾਰੀਆਂ ਬਖਸ਼ੀਆਂ ਹੋਈਆਂ ਹਨ ਤੇ ਆਪਣਾ ਮਾਣ ਆਦਰ ਤੇ ਸਤਿਕਾਰ ਹੁੰਦਾ ਹੈ।

ਅੱਜ ਆਪਾਂ ਇੱਥੇ ਕੋਈ ਵਿਧਾਇਕ ਜਾਂ ਮੰਤਰੀ ਵਜੋਂ ਨਹੀ ਬੈਠੇ ਹਾਂ, ਅੱਜ ਆਪਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਨਿਮਾਣੇ ਸਿੱਖ ਬਣ ਕੇ ਬੈਠੇ ਹਾਂ, ਆਉ ਪ੍ਰਣ ਕਰੀਏ ਗੁਰੂ ਜੀ ਦੀ ਬਾਣੀ ਦੇ ਨਾਲ ਤਨ ਮਨ ਦੀ ਮੈਲ ਧੋਈਏ ਅਤੇ ਨਾਲ ਹੀ ਆਪਾਂ ਆਸ ਪਾਸ ਦੀ ਸਫਾਈ ਅਤੇ ਆਪਣਾ ਆਲੇ ਦੁਆਲੇ ਦੀ ਗੰਦਗੀ ਨੂੰ ਸਾਫ ਕਰਨ ਦਾ ਵੀ ਪ੍ਰਣ ਲਈਏ। ਇਸ ਪ੍ਰਣ ਨੂੰ ਅੱਗੇ ਤੋਰਦੇ ਹੋਏ ਮੈਂ ਆਪਣੇ ਹਲਕੇ ਦੇ ਅੰਦਰ ਇੱਕ ਮੁਹਿੰਮ ਚਲਾਈ ਹੈ ਜੋ ਕਿ ਮੈਂ ਸਮਝਦਾ ਹਾਂ ਕਿ ਗੁਰੂਆਂ ਦੀ ਸੋਚ ਨੂੰ ਤੇ ਉਨ੍ਹਾਂ ਦੇ ਚਲਾਏ ਹੋਏ ਰਸਤੇ ਤੇ ਚੱਲਦੇ ਹੋਏ ਅਸੀਂ ਆਪਣੇ ਸ਼ਹਿਰ ਨੂੰ ਪਲਾਸਟਿਕ ਮੁਕਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਤੇ ਮੈਨੂੰ ਪੂਰਨ ਤੌਰ ਤੇ ਉਮੀਦ ਹੈ ਕਿ ਗੁਰੂ ਸਾਹਿਬ ਦੇ 350 ਸਾਲਾ ਸਮਾਰੋਹ, ਜਿਹੜੇ ਆਪਾਂ ਪੂਰੇ ਸਾਲ ਬੜੀ ਸ਼ਰਧਾ ਭਾਵਨਾ ਦੇ ਨਾਲ ਮਨਾਉਣੇ ਹਨ। ਇਸ ਸਾਲ ਦੇ ਦੌਰਾਨ ਅਸੀ ਪੂਰਨ ਤੌਰ ਤੇ ਆਪਣੇ ਸ਼ਹਿਰ ਨੂੰ ਘੱਟੋ-ਘੱਟ ਪਲਾਸਟਿਕ ਮੁਕਤ ਕਰ ਲਵਾਂਗੇ । ਆਉ ਆਪਾਂ ਰਲ ਮਿਲ ਕੇ ਆਪਣੇ ਰੰਗਲੇ ਅਤੇ ਸੋਹਣੇ ਪੰਜਾਬ ਨੂੰ ਗੁਰੂਆਂ ਵਾਲਾ ਸਮਾਜ ਬਣਾਈਏ ਤੇ ਸਾਫ-ਸੁਥਰੇ ਗੰਦਗੀ ਤੋਂ ਦੂਰ ਇੱਕ ਸਮਾਜ ਦੀ ਸਿਰਜਨਾ ਕਰੀਏ।

**ਸਰਦਾਰ ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ, ਐਸ.ਸੀ.) :**

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਦਾ ਜਨਮ 1 ਅਪ੍ਰੈਲ, 1621 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਹੋਇਆ ਸੀ। ਗੁਰੂ ਜੀ ਦਾ ਬਚਪਨ ਦਾ ਨਾਮ 'ਤਿਆਗ ਮੱਲ' ਸੀ। 1634 ਵਿੱਚ 13 ਸਾਲ ਦੀ ਉਮਰ ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਉਨ੍ਹਾਂ ਨੇ ਬੜੀ ਬਹਾਦਰੀ ਦਿਖਾਈ ਅਤੇ "ਤੇਗ ਬਹਾਦਰ" ਦੇ ਨਾਮ ਨਾਲ ਜਾਣੇ ਜਾਣ ਲੱਗੇ । ਗੁਰੂ ਜੀ ਨੇ 26 ਸਾਲ 9 ਮਹੀਨੇ 13 ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਿੰਡ ਬਕਾਲਾ ਵਿੱਚ ਘੋਰ ਤੱਪ ਕੀਤਾ । 20 ਮਾਰਚ 1664 ਨੂੰ ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵਪਾਰੀ ਮੱਖਣ ਸ਼ਾਹ ਲੁਬਾਣਾ ਸਿੱਖਾਂ ਦੇ ਨੌਵੇਂ ਗੁਰੂ ਨੂੰ ਲੱਭਦਾ ਬਕਾਲੇ ਪਹੁੰਚਿਆ ਅਤੇ ਸਹੀ ਗੁਰੂ ਦੀ ਪਹਿਚਾਣ ਕਰਨ ਲਈ ਉਸਨੇ ਜਾਣ-ਬੁੱਝ ਕੇ ਘੱਟ ਮੋਹਰਾਂ ਭੇਂਟ ਕੀਤੀਆਂ। ਨਕਲੀ ਗੁਰੂ ਬਣ ਕੇ ਬੈਠਿਆਂ ਨੇ ਤਾਂ ਘੱਟ ਮੋਹਰਾਂ ਰੱਖ ਲਈਆਂ ਪਰ ਸ੍ਰੀ ਗੁਰੂ ਤੇਗ ਬਹਾਦਰਜੀ ਨੇ ਪੁੱਛਿਆ ਸੁੱਖੀਆਂ ਤਾਂ ਤੁਸੀਂ 500 ਮੋਹਰਾਂ ਸਨ ਪਰ ਚੜਾਈਆਂ ਸਿਰਫ 5 ਮੋਹਰਾਂ ਤਾਂ ਮੱਖਣ ਸ਼ਾਹ ਲੁਬਾਣੇ ਨੇ ਉੱਚੀ ਉੱਚੀ ਸਭ ਨੂੰ ਦੱਸਿਆ 'ਸਾਚਾ ਗੁਰੂ ਲਾਧੋ ਰੇ'। ਇਸ ਤਰ੍ਹਾਂ ਗੁਰੂ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਪ੍ਰਵਾਨ ਹੋਏ । 1665 ਵਿੱਚ ਉਨਾਂ ਨੇ ਬਿਲਾਸਪੁਰ ਦੀ ਰਾਣੀ ਚੰਦੀ ਕੋਲੋਂ ਜ਼ਮੀਨ ਖਰੀਦ ਕੇ ਇੱਕ ਨਗਰ ਵਸਾਇਆ ਜਿਸ ਦਾ ਨਾਮ ਆਪਣੇ ਮਾਤਾ ਜੀ ਦੇ ਨਾਮ ਤੇ "ਚੱਕ ਨਾਨਕੀ" ਰੱਖਿਆ। ਗੁਰੂ ਜੀ ਦੇ ਮਾਤਾ ਦਾ ਨਾਮ ਨਾਨਕੀ ਸੀ। ਬਾਅਦ ਵਿੱਚ ਇਸ ਦਾ ਨਾਮ ਅਨੰਦਪੁਰ ਸਾਹਿਬ ਰੱਖ ਦਿੱਤਾ ਗਿਆ, ਜੋ ਬਾਅਦ ਵਿੱਚ ਸਿੱਖ ਧਰਮ ਦਾ ਧਾਰਮਿਕ ਕੇਂਦਰ ਬਣਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਹੈ, ਉਨ੍ਹਾਂ ਨੇ ਲਗਭਗ 59 ਸ਼ਬਦ, 57 ਸਲੋਕ ਲਿਖੇ ਹਨ। ਇਨ੍ਹਾਂ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 30 ਰਾਗਾਂ ਵਿੱਚ ਬਾਣੀ ਦਰਜ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 31ਵੇਂ ਰਾਗ 'ਜੈਜਾਵੰਤੀ ਰਾਗ' ਵਿੱਚ ਬਾਣੀ ਲਿਖੀ। ਗੁਰੂ ਜੀ ਦੀ ਬਾਣੀ ਵਿਚੋਂ ਮਰਨ ਦੀ ਸੱਚਾਈ, ਸਿਮਰਨ ਦੀ ਮਹੱਤਤਾ ਅਤੇ ਸਹਿਣਸ਼ੀਲਤਾ ਦਾ ਸੰਦੇਸ਼ ਮਿਲਦਾ ਹੈ। 1675 ਵਿੱਚ ਜਦੋਂ ਔਰੰਗਜ਼ੇਬ ਨੇ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਧਰਮ ਵਿੱਚ ਪਰਿਵਰਤਿਤ ਕਰਨਾ ਸ਼ੁਰੂ ਕੀਤਾ, ਤਾਂ ਕਸ਼ਮੀਰੀ ਪੰਡਿਤਾਂ ਨੇ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਸਹਾਇਤਾ ਲਈ ਸ੍ਰੀ ਅਨੰਦਪੁਰ ਸਾਹਿਬ ਆ ਕੇ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਮਨੁੱਖਤਾ ਅਤੇ ਧਰਮ ਦੀ ਰੱਖਿਆ ਲਈ ਆਪਣਾ ਬਲੀਦਾਨ ਦੇਣ ਦਾ ਫੈਸਲਾ ਕਰ ਲਿਆ। ਉਹ ਜੁਲਾਈ 1675 ਵਿੱਚ ਆਪਣੇ ਸਾਥੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਨੂੰ ਚੱਲ ਪਏ। ਪਰ ਰਸਤੇ ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਸਰਹੰਦ ਕੈਦ ਕੀਤਾ, ਫਿਰ ਉਥੋਂ ਦਿੱਲੀ ਲੈ ਗਏ। ਦਿੱਲੀ ਪਹੁੰਚ ਕੇ ਉਹਨਾਂ ਨੂੰ ਇਸਲਾਮ ਕਬੂਲ ਕਰਨ ਨੂੰ ਕਿਹਾ। ਗੁਰੂ ਜੀ ਨੇ ਸਪੱਸ਼ਟ ਨਾਂਹ ਕਰ ਦਿੱਤੀ। ਗੁਰੂ ਜੀ ਦਾ ਮਨ ਡੋਲ ਜਾਵੇ ਇਸ ਲਈ ਉਹਨਾਂ ਦੇ ਸਾਥੀ ਭਾਈ ਮਤੀ ਦਾਸ ਜੀ ਨੂੰ ਉਨ੍ਹਾਂ ਦੇ ਸਾਹਮਣੇ ਆਰੇ ਨਾਲ ਜਿਉਂਦੇ ਚੀਰ ਕੇ, ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੇ ਕੜਾਹੇ ਵਿੱਚ ਸੁੱਟ ਕੇ ਅਤੇ ਭਾਈ ਸਤੀ ਦਾਸ ਜੀ ਨੂੰ ਰੂੰ 'ਚ ਲਪੇਟ ਕੇ ਅੱਗ ਲਾ ਕੇ ਸਾੜ ਕੇ ਸ਼ਹੀਦ ਕਰ ਦਿੱਤਾ ਗਿਆ। ਪਰ ਕੋਈ ਨਾ ਡੋਲਿਆ, ਨਾ ਗੁਰੂ ਦੇ ਸਿੱਖ ਡੋਲੇ ਤੇ ਨਾ ਹੀ ਗੁਰੂ ਜੀ ਡੋਲੇ। ਅਖੀਰ 11 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਣ ਲੱਗਾ। ਉਨ੍ਹਾਂ ਦਾ ਸੀਸ ਭਾਈ ਜੈਤਾ ਜੀ ਸ੍ਰੀ ਅਨੰਦਪੁਰ ਸਾਹਿਬ ਲੈ ਆਏ ਜਿੱਥੇ ਉਨ੍ਹਾਂ ਦਾ ਅੰਤਿਮ ਸਸਕਾਰ ਹੋਇਆ ਅਤੇ ਉਨ੍ਹਾਂ ਦਾ ਧੜ ਲੱਖੀ ਸ਼ਾਹ ਵਣਜਾਰਾ

ਆਪਣੇ ਘਰ ਲੈ ਗਿਆ ਅਤੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਧੜ ਦਾ ਅੰਤਿਮ ਸਸਕਾਰ ਕੀਤਾ। ਇਨ੍ਹਾਂ ਜਗ੍ਹਾਵਾਂ ਤੇ ਅੱਜ ਕੱਲ੍ਹ ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਦਿੱਲੀ ਵਿਖੇ ਸਥਿਤ ਹਨ।

ਗੁਰੂ ਜੀ ਦੀ ਸ਼ਹਾਦਤ ਸਾਨੂੰ ਸੱਚ, ਨਿਆਂ ਅਤੇ ਧਰਮ ਲਈ ਅਡੋਲ ਰਹਿਣ ਦੀ ਸਿੱਖਿਆ ਦਿੰਦੀ ਹੈ।

**ਸ੍ਰੀ ਨਰੇਸ਼ ਪੁਰੀ (ਸੁਜਾਨਪੁਰ)** : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਅਤੇ ਸ਼ਹੀਦੀ ਦਿਹਾੜੇ ਦੇ ਮੌਕੇ ’ਤੇ ਮੇਰੇ ਦਿਲ ਦੀਆਂ ਗਹਿਰਾਈਆਂ ਤੋਂ ਇੱਕ ਸ਼ਰਧਾਂਜਲੀ:

ਗੁਰੂ ਤੇਗ ਬਹਾਦਰ ਸਾਹਿਬ ਜੀ - ਇਹ ਨਾਮ ਲੈਂਦਿਆਂ ਹੀ ਸਿਰ ਆਪਣੇ ਆਪ ਝੁਕ ਜਾਂਦਾ ਹੈ। ਉਹ ਸਿਰਫ਼ ਸਿੱਖ ਧਰਮ ਦੇ ਨੌਵੇਂ ਗੁਰੂ ਨਹੀਂ ਸਨ, ਸਗੋਂ ਸਾਰੀ ਮਨੁੱਖਤਾ ਲਈ ਇੱਕ ਰੋਸ਼ਨੀ ਦਾ ਦੀਵਾ ਸਨ, ਸਿੱਖ ਇਤਿਹਾਸ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਨਾਮ ਅਮਰ ਹੈ। ਗੁਰੂ ਜੀ ਦਾ ਜੀਵਨ ਸ਼ਾਂਤੀ, ਭਗਤੀ ਅਤੇ ਸੇਵਾ ਦੇ ਆਦਰਸ਼ਾਂ ਨਾਲ ਭਰਪੂਰ ਸੀ। ਉਨ੍ਹਾਂ ਦਾ ਬਲੀਦਾਨ ਐਸਾ ਹੈ, ਜੋ ਸਦਾ ਪ੍ਰੇਰਣਾ ਦੇ ਰੂਪ ਵਿੱਚ ਜਗਤ ਦੇ ਹਰ ਇਨਸਾਨ ਦੇ ਦਿਲ ਵਿੱਚ ਵੱਸਦਾ ਰਹੇਗਾ। ਮੇਰੇ ਦਿਲ ਦੀਆਂ ਗਹਿਰਾਈਆਂ ਤੋਂ ਜਦ ਮੈਂ ਗੁਰੂ ਜੀ ਦੇ ਬਲੀਦਾਨ ਬਾਰੇ ਸੋਚਦਾ ਹਾਂ ਤਾਂ ਅੱਖਾਂ ਆਪਣੇ ਆਪ ਨਮ ਹੋ ਜਾਂਦੀਆਂ ਹਨ।

ਸੋਚੋ ਉਹ ਸਮਾਂ ਜਦ ਲੋਕਾਂ ਨੂੰ ਜ਼ਬਰਦਸਤੀ ਇਸਲਾਮ ਧਰਮ ਅਪਣਾਉਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਉਸ ਸਮੇਂ ਗੁਰੂ ਜੀ ਨੇ ਮਨੁੱਖਤਾ ਦੀ ਖਾਤਿਰ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣਾ ਬਲੀਦਾਨ ਦੇ ਦਿੱਤਾ। ਉੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਸ਼ਹਾਦਤ ਨੂੰ ਸੱਚੀ "ਹਿੰਦ ਦੀ ਚਾਦਰ" ਕਿਹਾ- ਜਿਸ ਨੇ ਧਰਮ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ । ਇਹ ਸੀ ਸੱਚੇ ਧਰਮ ਦਾ ਪਿਆਰ-ਆਪਣੀ ਜਾਨ ਗਵਾ ਕੇ ਦੂਜਿਆ ਦੀ ਆਜ਼ਾਦੀ ਬਚਾਉਣ ਵਾਲਾ ਪਿਆਰ।

ਗੁਰੂ ਜੀ ਦੀ ਸਹਾਦਤ ਸਿਰਫ ਸਿੱਖਾਂ ਲਈ ਨਹੀਂ, ਸਾਰੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹੈ। ਉਨ੍ਹਾਂ ਨੇ ਸਿਖਾਇਆ ਕਿ ਧਰਮ ਦੀ ਰੱਖਿਆ ਲਈ ਜ਼ਿੰਦਗੀ ਤਿਆਗਣੀ ਪਏ ਤਾਂ ਵੀ ਹੌਸਲਾ ਨਹੀਂ ਹਾਰਨਾ ਚਾਹੀਦਾ। ਉਨ੍ਹਾਂ ਦਾ ਬਲੀਦਾਨ ਅੰਧਕਾਰ ਵਿੱਚ ਇੱਕ ਚਾਨਣ ਵਾਂਗ ਹੈ, ਜੋ ਸਾਨੂੰ ਨਿਆਂ, ਧਰਮ ਅਤੇ ਸੱਚ ਦੇ ਰਾਹ ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ।

ਮੇਰੇ ਮਨ ਵਿੱਚ ਗੁਰੂ ਤੇਗ ਬਹਾਦਰ ਜੀ ਸਿਰਫ ਇੱਕ ਧਾਰਮਿਕ ਨੇਤਾ ਨਹੀਂ, ਸਗੋਂ ਇੱਕ ਜੀਉਂਦਾ ਆਦਰਸ਼ ਹਨ-ਸੱਚ, ਹੌਸਲੇ, ਨਿਆਂ ਅਤੇ ਆਜ਼ਾਦੀ ਦਾ ਪ੍ਰਤੀਕ। ਉਨ੍ਹਾਂ ਨੇ ਸਾਨੂੰ ਸਿਖਾਇਆ ਕਿ ਡਰਨਾ ਨਹੀ, ਚਾਹੇ ਸੱਚ ਲਈ ਆਪਣਾ ਸਭ ਕੁਝ ਗੁਆਉਣਾ ਪਏ। ਅੱਜ ਜਦੋਂ ਅਸੀ ਉਨ੍ਹਾਂ ਦਾ ਸ਼ਹੀਦੀ ਦਿਹਾੜਾ ਮਨਾਉਂਦੇ ਹਾਂ, ਇਹ ਸਿਰਫ਼ ਇੱਕ ਸਮਾਗਮ ਨਹੀਂ ਹੁੰਦਾ, ਇਹ ਸਾਡੀ ਰੂਹ ਦਾ ਜਾਗਰਣ ਹੁੰਦਾ ਹੈ। ਗੁਰਦੁਆਰਿਆਂ ਵਿੱਚ ਕੀਰਤਨ ਹੁੰਦੇ ਹਨ। ਅਰਦਾਸਾਂ ਹੁੰਦੀਆਂ ਹਨ, ਪਰ ਸਭ ਤੋਂ ਵੱਡੀ ਅਰਦਾਸ ਇਹ ਹੈ ਕਿ ਸਾਡੇ ਅੰਦਰ ਗੁਰੂ ਜੀ ਵਾਲਾ ਹੌਸਲਾ ਤੇ ਧਰਮ ਪ੍ਰਤੀ ਪਿਆਰ ਜਾਗੇ। ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਸਾਨੂੰ ਸਿਖਾਉਂਦਾ ਹੈ ਕਿ ਮਨੁੱਖਤਾ ਤੋਂ ਵੱਡਾ ਕੋਈ ਧਰਮ ਨਹੀਂ ਹੈ। ਅੱਜ ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪ੍ਰਣਾਮ ਕਰਦਾ ਹਾਂ। ਉਨ੍ਹਾਂ ਦੀ ਸ਼ਹਾਦਤ

ਸਦਾ ਸਾਨੂੰ ਯਾਦ ਦਿਵਾਉਂਦੀ ਰਹੇਗੀ ਕਿ ਸੱਚ ਦੀ ਰਾਹ ਤੇ ਤੁਰਨਾ ਮੁਸ਼ਕਲ ਹੋ ਸਕਦਾ ਹੈ, ਪਰ ਉਹੀ ਰਾਹ ਸਾਡੀ ਰੂਹ ਨੂੰ ਅਮਰ ਕਰਦਾ ਹੈ।

ਅਸੀਂ ਬਹੁਤ ਹੀ ਖੁਸ਼ਕਿਸਮਤ ਹਾਂ ਕਿ ਅਸੀਂ ਇਸ ਪਵਿਤੱਰ ਧਰਤੀ ’ਤੇ ਜਨਮ ਲਿਆ ਹੈ, ਜੋ ਕਿ ਗੁਰੂਆਂ ਪੀਰਾਂ ਦੀ ਪਵਿੱਤਰ ਧਰਤੀ ਹੈ। ਇਸ ਲਈ ਸਾਨੂੰ ਇਹ ਚਾਹੀਦਾ ਹੈ ਕਿ ਅਸੀਂ ਆਪਣੇ ਤਨ, ਮਨ ਅਤੇ ਧਨ ਨਾਲ ਇਸ ਪਵਿੱਤਰ ਦਿਹਾੜੇ ਨੂੰ ਆਪਣੇ ਦਿਲ ਦੀਆਂ ਗਹਿਰਈਆਂ ਤੋਂ ਮਨਾਈਏ ਤਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਇਸ ਵਿਰਸੇ ਨੂੰ ਯਾਦ ਕਰਕੇ ਆਪਣੇ ਆਪ ਤੇ ਫ਼ਖਰ ਮਹਿਸੂਸ ਕਰਨ ਕਿਉਂਕਿ ਇਹ ਸਾਡੀ ਪਵਿੱਤਰ ਵਿਰਾਸਤ ਹੈ ਅਤੇ ਇਸ ਵਿਰਾਸਤ ਨੂੰ ਸੰਭਾਲਣਾ ਸਾਡਾ ਅਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਦਾ ਫਰਜ਼ ਬਣਦਾ ਹੈ।

**ਸਰਦਾਰ ਬਲਵਿੰਦਰ ਸਿੰਘ ਧਾਲੀਵਾਲ (ਫਗਵਾੜਾ, ਐਸ.ਸੀ.)** : ਗੁਰੂ ਤੇਗ ਬਹਾਦਰ-‘ਹਿੰਦ ਦੀ ਚਾਦਰ', ਜੀ ਦੀ ਲਾਸਾਨੀ ਕੁਰਬਾਨੀ ਮਨੁੱਖਤਾ ਦੀ ਰੱਖਿਆ ਦੀ ਸਦੀਵੀ ਪ੍ਰਤੀਕ:

"ਆਪਣਾ ਸਿਰ ਦੇ ਦਿਉ ਪਰ ਉਨ੍ਹਾਂ ਨੂੰ ਨਾ ਤਿਆਗੋ ਜਿਨ੍ਹਾਂ ਦੀ ਰੱਖਿਆ ਕਰਨ ਦਾ ਤੁਸੀਂ ਬੀੜਾ ਚੁੱਕਿਆ ਹੈ"।

ਉਪਰੋਕਤ ਲਾਈਨ ਵਿੱਚ ਦਰਸਾਏ ਗਏ ਸ਼ਬਦ ਸਿਰਫ ਇਕ ਆਦਰਸ਼ ਨਹੀਂ ਹਨ ਸਗੋਂ ਮਨੁੱਖਤਾ ਲਈ ਸਦੀਵੀਂ ਪ੍ਰੇਰਨਾ ਹਨ, ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਬਲੀਦਾਨ ਰਾਹੀਂ ਪ੍ਰਗਟ ਹੁੰਦੇ ਹਨ।

ਅੱਜ ਜਦੋਂ ਅਸੀਂ ਉਨ੍ਹਾਂ ਦੀ ਸ਼ਹਾਦਤ ਦੇ 350 ਸਾਲ ਪੂਰੇ ਹੋਣ ਦਾ ਸਮਾਂ ਯਾਦ ਕਰ ਰਹੇ ਹਾਂ ਤਾਂ ਸਾਨੂੰ ਯਾਦ ਆਉਂਦਾ ਹੈ ਕਿ ਉਨ੍ਹਾਂ ਦੀ ਕੁਰਬਾਨੀ ਸਿਰਫ ਧਾਰਮਿਕ ਅਸਹਿਮਤੀ ਅਤੇ ਅਸਹਿਣਸ਼ੀਲਤਾ ਦੇ ਵਿਰੁੱਧ ਹੀ ਨਹੀਂ ਸੀ ਸਗੋਂ ਇਹ ਮਨੁੱਖੀ ਅਧਿਕਾਰਾਂ, ਵਿਚਾਰਾਂ ਦੀ ਆਜ਼ਾਦੀ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਦਾ ਵੀ ਪ੍ਰਤੀਕ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਤਾਂ ਕੁਰਬਾਨ ਕਰ ਦਿੱਤਾ ਪਰ ਉਹ ਆਪਣੇ ਸਿਧਾਂਤਾਂ, ਸੱਚਾਈ ਅਤੇ ਮਨੁੱਖੀ ਅਜ਼ਾਦੀ ਦੇ ਅਧਿਕਾਰ ਤੋਂ ਪਿੱਛੇ ਨਹੀਂ ਹਟੇ।

ਜਦੋਂ ਕਸ਼ਮੀਰੀ ਪੰਡਿਤਾਂ ਉੱਤੇ ਜ਼ੁਲਮ ਹੋਇਆ ਤਾਂ ਗੁਰੂ ਜੀ ਨੇ ਕਿਹਾ ਜੇ ਉਨ੍ਹਾਂ ਦਾ ਧਰਮ ਬਚਿਆ ਤਾਂ ਇਹ ਸਾਰੀ ਮਨੁੱਖਤਾ ਦੀ ਜਿੱਤ ਹੋਵੇਗੀ। ਉਨ੍ਹਾਂ ਦੱਸਿਆ ਕਿ ਧਰਮ ਕਿਸੇ ਇੱਕ ਕੌਮ ਜਾਂ ਮਜ਼ਹਬ ਦੀ ਜਾਇਦਾਦ ਨਹੀਂ ਸਗੋਂ ਇਹ ਮਨੁੱਖਤਾ ਦਾ ਮੂਲ ਅਧਿਕਾਰ ਹੈ।

ਗੁਰੂ ਜੀ ਦੀ ਸ਼ਹਾਦਤ ਨੇ ਸਾਨੂੰ ਸਿਖਾਇਆ ਕਿ ਅਸਲੀ ਹਿੰਮਤ ਨਿਆਂ ਅਤੇ ਸੱਚਾਈ ਲਈ ਆਪਣੇ ਪ੍ਰਾਣ ਅਰਪਣ ਕਰਨ ਵਿੱਚ ਹੈ ਨਾ ਕਿ ਹਥਿਆਰਾਂ ਰਾਹੀਂ ਜਬਰ-ਜ਼ੁਲਮ ਕਰਕੇ ਜਿੱਤ ਪ੍ਰਾਪਤ ਕਰਨ ਵਿੱਚ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਸੱਚਮੁੱਚ 'ਹਿੰਦ ਦੀ ਚਾਦਰ' ਸਨ ਜਿਨ੍ਹਾਂ ਨੇ ਇਸ ਧਰਤੀ ਨੂੰ ਜ਼ੁਲਮ ਦੇ ਅੰਧਕਾਰ ਤੋਂ ਬਚਾਉਣ ਲਈ ਆਪਣੇ ਪ੍ਰਾਣ ਨਿਛਾਵਰ ਕਰ ਦਿੱਤੇ।

ਅੱਜ ਵੀ ਜਦੋਂ ਵਿਸ਼ਵ ਭਰ ਵਿੱਚ ਅਸਹਿਣਸ਼ੀਲਤਾ, ਅਨਿਆਂ ਅਤੇ ਧਾਰਮਿਕ ਅਸਮਾਨਤਾ ਦੇ ਵਿਕਰਾਲ ਰੂਪ ਦਿਖਾਈ ਦਿੰਦੇ ਹਨ, ਉਨ੍ਹਾਂ ਦਾ ਸੰਦੇਸ਼ ਬਹੁਤ ਪ੍ਰਸੰਗਿਕ ਹੈ। ਇਹ ਸ਼ਬਦ ਸਿਰਫ ਇੱਕ ਆਦਰਸ਼ ਨਹੀਂ, ਸਗੋਂ ਮਨੁੱਖਤਾ ਲਈ ਸਦੀਵੀ ਪ੍ਰੇਰਨਾ ਹਨ।

ਸ੍ਰੀ ਗੁਰ ਤੇਗ ਬਹਾਦਰ ਜੀ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ-

-ਸੱਚ ਲਈ ਡਟੇ ਰਹੋ।

-ਮਨੁੱਖਤਾ ਲਈ ਖੜ੍ਹੇ ਰਹੋ।

-ਜ਼ੁਲਮ ਦੇ ਸਾਹਮਣੇ ਕਦੇ ਨਾ ਝੁਕੋ।

ਉਨ੍ਹਾਂ ਦੀ ਬਲਿਦਾਨੀ ਵਿਰਾਸਤ ਸਦੀ ਦਰ ਸਦੀ ਸਾਨੂੰ ਪ੍ਰੇਰਿਤ ਕਰਦੀ ਰਹੇਗੀ।

**ਸ੍ਰੀ ਗੁਰਲਾਲ ਘਨੌਰ (ਘਨੌਰ)** : ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਮਾਜਿਕ ਪੱਖ-ਸਿੱਖ ਧਰਮ ਪਰੰਪਰਾ, ਗੁਰੂ ਨਾਨਕ ਸਾਹਿਬ ਨਾਲ ਸ਼ੁਰੂ ਹੋਈ ਅਤੇ ਲਗਾਤਾਰ ਵਿਕਾਸ ਕਰਦੀ ਹੋਈ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੱਕ ਪਹੁੰਚੀ ਹੈ। ਇਸ ਪਰੰਪਰਾ ਨੇ ਵਿਚਾਰਧਾਰਕ ਅਤੇ ਸਿਧਾਂਤਕ ਤੌਰ ਤੇ ਸਮਾਜ ਨੂੰ ਬਦਲਣ ਦਾ ਬੀੜਾ ਉਠਾਇਆ ਸੀ। ਸਿੱਧਾਂ ਦੀਆਂ ਉਦਾਹਰਨਾਂ ਮੁਤਾਬਿਕ ਉਸ ਸਮੇਂ ਦੇ ਸਮਾਜ ਨੂੰ ਸੇਧ ਦੇਣ ਵਾਲੇ ਲੋਕ ਜਾਂ ਤਾਂ ਭਗਤੀ ਕਰਨ ਲਈ ਜੰਗਲਾਂ ਵਿੱਚ ਚਲੇ ਜਾਂਦੇ ਸਨ, ਅਤੇ ਜਾਂ ਆਪਣੇ ਆਪ ਨੂੰ ਸੰਨਿਆਸ ਵਿੱਚ ਲਿਜਾ ਕੇ ਸਮਾਜ ਤੋਂ ਅਤੇ ਪਰਿਵਾਰ ਤੋਂ ਆਪਣਾ ਨਾਤਾ ਹੀ ਤੋੜ ਲੈਂਦੇ ਸਨ। ਅਜਿਹੀ ਸਥਿਤੀ ਵਿੱਚ ਇਹ ਮੰਨਿਆ ਜਾਂਦਾ ਸੀ ਕਿ ਪਰਿਵਾਰ ਵਿੱਚ ਅਤੇ ਸਮਾਜ ਵਿੱਚ ਰਹਿ ਕੇ ਕੋਈ ਵੀ ਵਿਅਕਤੀ ਗਿਆਨ ਦੀ ਉੱਚਤਾ ਅਤੇ ਅਧਿਆਤਮ ਦਾ ਮਾਰਗ ਤੈਅ ਨਹੀਂ ਕਰ ਸਕਦਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੰਖੇਪ ਅਤੇ ਭਾਵਪੂਰਤ ਬਾਣੀ ਇਸ ਬਾਰੇ ਬਹੁਤ ਹੀ ਵਧੀਆ ਤਰੀਕੇ ਨਾਲ ਚਾਨਣਾ ਪਾਉਂਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਦ੍ਰਿਸ਼ਟੀ ਨੂੰ ਬਹੁਤ ਪੱਖਾਂ ਤੋਂ ਸਮਝਿਆ ਜਾ ਸਕਦਾ ਹੈ। ਮੈਂ ਸਿਰਫ ਉਨ੍ਹਾਂ ਦਾ ਇੱਕ ਪੱਖ ਜੋ ਸਮਾਜ ਵਿੱਚ ਫੈਲਾਏ ਜਾ ਰਹੇ ਭੈਅ ਅਤੇ ਡਰ ਨਾਲ ਸਬੰਧਿਤ ਹੈ, ਉਸ ਦੀ ਗੱਲ ਹੀ ਕਰਾਂਗਾ। ਸਨਾਤਨੀ ਧਰਮ ਪਰੰਪਰਾ ਵੱਲੋਂ ਸ਼ਾਸਤਰਾਂ ਦਾ ਡਰ ਦੇ ਕੇ ਸਦੀਆਂ ਤੱਕ ਲੋਕਾਂ ਨੂੰ ਮਨੂ ਸਿਮਰਤੀ ਦੇ ਜਾਲ ਵਿੱਚ ਉਲਝਾ ਕੇ, ਗੁਲਾਮ ਬਣਾਈ ਰੱਖਿਆ ਸੀ। ਹਮੇਸ਼ਾ ਇਹ ਕਿਹਾ ਜਾਂਦਾ ਸੀ ਕਿ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਸਿਰਫ ਪੰਡਿਤਾਂ ਦੇ ਗਿਆਨ ਵਿੱਚ ਦੀ ਹੋ ਕੇ ਗੁਜ਼ਰਦਾ ਹੈ। ਜੇਕਰ ਤੁਸੀਂ ਸਿੱਧੀ ਭੈਅ ਤੋਂ ਮੁਕਤੀ ਪ੍ਰਾਪਤੀ ਕਰਨੀ ਚਾਹੋ ਤਾਂ ਤੁਹਾਡੇ ਕੋਲ ਕੋਈ ਰਸਤਾ ਨਹੀਂ ਹੈ। ਅਜਿਹਾ ਨਾ ਕਰਨ ਤੇ ਪਰਮਾਤਮਾ ਦੁਆਰਾ ਤੁਹਾਨੂੰ ਦੰਡਿਤ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਸਹੀ ਢੰਗ ਨਾਲ ਪੂਜਾ ਪੱਧਤੀ ਨਾ ਕਰੀ, ਸ਼ਰਾਧ ਨਾ ਕੀਤੇ ਅਤੇ ਤਿੱਥ-ਤਿਉਹਾਰਾਂ ਨੂੰ ਵਿਧੀ ਵਿਹਾਰਾਂ ਅਨੁਸਾਰ ਨਾ ਕੀਤਾ ਤਾਂ ਤੁਹਾਡਾ ਜੀਵਨ ਮੁਕਤੀ ਹਾਸਲ ਨਹੀਂ ਕਰ ਸਕਦਾ। ਇਸ ਡਰ ਅਤੇ ਭੈਅ ਦੇ ਮਾਹੌਲ ਵਿੱਚ ਬਹੁਤ ਸਾਰੇ ਲੋਕ ਅੱਖਾਂ ਮੀਚ ਕੇ ਉਨ੍ਹਾਂ ਲੋਕਾਂ ਦੇ ਪਿਛਲੱਗ ਬਣੇ ਹੋਏ ਤੁਰੇ ਜਾਂਦੇ ਸਨ।

ਗੁਰੂ ਸਾਹਿਬ ਨੇ ਵੱਡੀ ਗੱਲ ਕੀਤੀ ਕਿ ਅਸੀਂ ਕਿਸੇ ਵੀ ਵਿਅਕਤੀ ਦੇ ਐਸੇ ਭੈਅ ਦੇ ਕੇ ਸਾਡੇ ਉੱਪਰ ਕਬਜ਼ਾ ਕਰਨ ਜਾਂ ਸਾਡੀ ਚੇਤਨਾ ਨੂੰ ਬਦਲਣ ਵਾਲੇ ਖਿਆਲ ਦੇ ਹਾਮੀ ਨਹੀਂ ਹਾਂ। ਅਸੀਂ ਕਿਸੇ ਦਾ ਭੈਅ ਮੰਨਣ ਵਾਲੇ ਵੀ ਨਹੀਂ ਹਾਂ। ਅਸੀਂ ਨਾਲ ਹੀ ਨਾਲ ਇਹ ਵੀ ਨਹੀਂ ਕਰ ਰਹੇ ਕਿ ਕਿਸੇ ਦੇ ਭੈਅ ਤੋਂ ਤੁਹਾਨੂੰ ਮੁਕਤ ਕਰਕੇ, ਆਪਣੇ ਭੈਅ ਅੰਦਰ ਰੱਖਣ ਦੀ ਕੋਸ਼ਿਸ਼ ਕਰੀਏ। ਇਸ ਬਾਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਲੋਕ ਹੈ:-

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ।।

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਮਨੁੱਖ ਨੂੰ ਇਸ ਗੱਲ ਰਾਹੀਂ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸਮਾਜ ਵਿੱਚ ਉਸ ਦਾ ਜੀਵਨ ਬਹੁਤ ਥੋੜ੍ਹੇ ਚਿਰਾ ਦਾ ਹੈ। ਇਸ ਬਾਰੇ ਉਨ੍ਹਾਂ ਦੇ ਬਹੁਤ ਸੁੰਦਰ ਬਿੰਬ ਦਾ ਦ੍ਰਿਸ਼ਟਾਂਤ ਦੇ ਕੇ ਆਮ ਵਿਅਕਤੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਸਾਡੀ ਸ੍ਰਿਸ਼ਟੀ ਦਾ ਸਦੀਆਂ ਪੁਰਾਣਾ ਇਤਿਹਾਸ ਹੈ, ਇਸ ਵਿੱਚ ਮਨੁੱਖ ਦੇ ਜੀਵਨ ਦੀ ਅਹਿਮੀਅਤ ਸਿਰਫ ਇੰਨੀ ਕੁ ਹੈ ਕਿ ਜਿਸ ਪ੍ਰਕਾਰ ਬਰਸਾਤ ਪੈਣ ਨਾਲ, ਪਾਣੀ ਤੇ ਬੁਲਬਲਾ ਬਣਦਾ ਹੈ ਅਤੇ ਕੁਝ ਹੀ ਪਲ ਵਿੱਚ ਉਹ ਮਿਟ ਜਾਂਦਾ ਹੈ। ਜੇਕਰ ਜੀਵਨ ਨੂੰ ਇਸ ਪ੍ਰਸੰਗ ਵਿੱਚ ਦੇਖੀਏ ਤਾਂ ਇਸ ਥੋੜ੍ਹ ਚਿਰੇ ਜੀਵਨ ਵਾਸਤੇ ਬੇਅੰਤ ਲੋਭ ਲਾਲਚ ਜੋ ਕਿ ਵਿਅਰਥ ਦੀ ਚੀਜ਼ ਹਨ, ਵਿਅਰਥ ਦੀ ਵਸਤ ਹਨ ਵਿੱਚ ਗ੍ਰਸਤ ਹਨ। ਸਮੁੱਚੇ ਜਗਤ ਦੀ ਰਚਨਾ ਜਿਸ ਨੂੰ ਹਰ ਵਿਅਕਤੀ ਮੈਂ-ਮੈਂ ਕਰਕੇ ਆਪਣੇ ਹੰਕਾਰ ਦੁਆਰਾ, ਆਪਣੇ ਅਨੁਸਾਰ ਚਲਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ, ਉਹ ਬਹੁਤ ਥੋੜ੍ਹ ਚਿਰੀ ਪਰਛਾਵੇਂ ਮਾਤਰ ਅਤੇ ਕੁਝ ਪਲ ਰਹਿਣ ਵਾਲੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਸਲੋਕ ਵਿੱਚ ਦੱਸਦੇ ਹਨ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

ਜਿਸ ਪ੍ਰਕਾਰ ਅੱਜ ਦੇ ਸਮਾਜ ਵਿੱਚ ਲੋਭ ਦਾ ਜੰਜਾਲ ਵਧ ਰਿਹਾ ਹੈ। ਲੋਕਾਂ ਨੂੰ ਆਪੋ ਧਾਪੀ ਪਈ ਹੋਈ ਹੈ। ਭਾਈਚਾਰਕ ਸਾਂਝਾਂ ਮਿਟ ਰਹੀਆਂ ਹਨ। ਇਹ ਸਭ ਵਿੱਚ ਕਿਸੇ ਨੂੰ ਵੀ ਨਾ ਸਮਾਜ ਦੀ ਚਿੰਤਾ ਹੈ ਅਤੇ ਨਾ ਹੀ ਆਪਣੀ ਚਿੰਤਾ ਹੈ। ਲੋਭ ਦੀ ਪਰਤ ਨੇ ਅੱਖਾਂ ਉੱਪਰ ਕੂੜ ਦਾ ਹਨੇਰਾ ਪਾ ਦਿੱਤਾ ਹੈ। ਹਰ ਵਿਅਕਤੀ ਨੂੰ ਲੱਗਦਾ ਹੈ ਕਿ ਉਹ ਅਮਰ ਹੈ, ਉਸ ਨੇ ਬਹੁਤ ਧਨ,ਅਸਬਾਬ, ਕੋਠੀਆਂ ਅਤੇ ਮਾਲ ਇਕੱਠਾ ਕਰ ਲਿਆ ਹੈ ਅਤੇ ਸ਼ਾਇਦ ਉਹ ਇਸ ਦੁਨੀਆ ਤੇ ਸਦਾ ਲਈ ਰਹਿਣ ਵਾਲਾ ਹੈ। ਅਜਿਹੇ ਮਾਨਸਿਕ ਵਿਕਾਰਾਂ ਬਾਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਸਿੱਖਿਆ ਦਿੱਤੀ ਹੈ ਕਿ ਸਮੁੱਚੇ ਜਗਤ ਦੀ ਰਚਨਾ ਝੂਠ ਹੈ, ਕੂੜ ਦਾ ਪਸਾਰ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਪੁਰਬ ਨੂੰ ਮਨਾਉਣ ਦਾ ਮਕਸਦ ਇਹ ਹੀ ਹੈ ਕਿ ਗੁਰੂ ਸਾਹਿਬ ਸਾਡੇ ਸਮਾਜ ਅਤੇ ਮਨੁੱਖਾਂ ਦੀਆਂ ਅੱਖਾਂ ਤੇ ਪਿਆ ਹੋਇਆ ਅੰਧਕਾਰ, ਅਗਿਆਨ, ਲਾਲਚ, ਲੋਭ, ਰਿਸ਼ਵਤ, ਛਲ-ਕਪਟ ਦਾ ਜਾਲਾ ਲਾਹ ਕੇ ਪਾਸੇ ਕਰ ਦੇਣ ਅਤੇ ਵਧੀਆ ਸਮਾਜ ਦੀ ਸਿਰਜਣਾ ਹੋਵੇ। ਸਿਰਫ ਕੁਝ ਵਿਅਕਤੀ ਹੀ ਲਾਲਚ ਵੱਸ ਸਾਰੇ ਲੋਕਾਂ ਦਾ ਧਨ ਇਕੱਤਰ ਕਰਨ ਦੀ ਕੋਸ਼ਿਸ਼ ਨਾ ਕਰਨ। ਉਨਾਂ ਵਿਅਕਤੀਆਂ ਲਈ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਤੁਸੀਂ ਇਸ ਸੰਸਾਰ ਤੇ ਸਦਾ ਨਹੀਂ ਰਹਿਣਾ। ਹਰ ਵਿਅਕਤੀ ਭਾਵੇਂ ਉਹ ਕਿੰਨੀ ਵੀ ਮਾਇਆ ਇਕੱਠੀ ਕਰ ਰਿਹਾ ਹੈ, ਉਸ ਕੋਲ ਬਹੁਤ ਵੱਡੇ ਕਿਲ੍ਹੇ ਨੁਮਾ ਮਕਾਨ ਹਨ, ਉਸ ਨੇ ਹਜ਼ਾਰਾਂ ਏਕੜ ਭੂਮੀ ਇਕੱਠੀ ਕਰ ਲਈ ਹੈ, ਇਸ ਸਾਰੇ ਦੇ ਬਾਵਜੂਦ ਉਸ ਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਉਹ ਅਮਰ ਨਹੀਂ ਹੈ। ਉਸ ਦਾ ਜੀਵਨ

ਇਸ ਸੰਸਾਰ ਤੇ ਥੋੜ੍ਹ ਚਿਰਾ ਰਹਿਣ ਵਾਲਾ ਹੈ। ਇਸ ਗੱਲ ਨੂੰ ਹਮੇਸ਼ਾ ਯਾਦ ਰੱਖਦੇ ਹੋਏ ਉਸ ਨੂੰ ਸਮਾਜ ਦੇ ਵਿਕਾਸ ਲਈ, ਇਸ ਸਮਾਜ ਨੂੰ ਹੋਰ ਬਿਹਤਰ ਬਣਾਉਣ ਲਈ, ਸਮਾਜ ਨੂੰ ਲੁੱਟ ਖਸੁੱਟ ਤੋਂ ਬਚਾਉਣ ਲਈ ਇੱਕ ਨਰੋਈ ਸੇਧ ਦੇਣੀ ਚਾਹੀਦੀ ਹੈ। ਜਦੋਂ ਵਿਅਕਤੀ ਇਨ੍ਹਾਂ ਸਾਰੇ ਪੱਖਾਂ ਨੂੰ ਸਮਝ ਜਾਵੇਗਾ ਤਾਂ ਉਹ ਅਸਲੀ ਇਨਸਾਨ, ਮਾਨਵਤਾਵਾਦੀ ਇਨਸਾਨ, ਲੋਕ ਭਲਾਈ ਕਰਨ ਵਾਲਾ ਵਿਅਕਤੀ ਅਤੇ ਗਊ ਗਰੀਬ ਦੀ ਬਾਂਹ ਫੜਨ ਵਾਲਾ ਵਿਅਕਤੀ ਬਣ ਜਾਵੇਗਾ। ਜੇਕਰ ਪਰਮਾਤਮਾ ਨੇ ਤੁਹਾਨੂੰ ਤਾਕਤ ਦਿੱਤੀ ਹੈ ਤਾਂ ਉਸਦਾ ਹੰਕਾਰ ਕਰਨ ਦੀ ਥਾਂ ਤੇ ਲੋਕ ਭਲਾਈ ਵਾਸਤੇ ਜਿੰਨੀ ਉਸਦੀ ਵਰਤੋਂ ਕਰ ਸਕੋ, ਉਸ ਨਾਲ ਹੀ ਤੁਹਾਡਾ ਜੀਵਨ ਸਫਲਾ ਹੋ ਸਕਦਾ ਹੈ।

**ਸਰਦਾਰ ਬਲਕਾਰ ਸਿੰਘ (ਕਰਤਾਰਪੁਰ, ਐਸ.ਸੀ.) :** ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ ॥

ਇਤਿਹਾਸ ਅੰਦਰ 350 ਸਾਲ ਪਹਿਲਾਂ 1675 ਈ: 'ਚ ਦਿੱਲੀ ਦੇ ਚਾਂਦਨੀ ਚੌਕ ਅੰਦਰ ਜਦ ਵਰਤੇ ਵਰਤਾਰੇ ਦੀ ਗੱਲ ਚੱਲੇਗੀ ਤਾਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮੁੱਚਾ ਸੰਸਾਰ ਸਿਜਦਾ ਕਰਦਾ ਨਜ਼ਰ ਆਏਗਾ।

ਸਮੁੱਚੀ ਮਨੁੱਖਤਾ ਨੂੰ ਆਪਣੀ ਕਲਾਵੇ ਵਿੱਚ ਲੈਣ ਵਾਲੀ ਸਰਬੱਤ ਦੇ ਭਲੇ ਦੀ ਵਿਚਾਰਧਾਰਾ ’ਤੇ ਅਧਾਰਿਤ ਅਨੰਦਪੁਰ ਸਾਹਿਬ ਦੀ ਸੋਚ ਨੇ ਦਰ ਤੇ ਆਏ ਸੁਆਲੀਆਂ ਨੂੰ ਜਿਸ ਤਰ੍ਹਾਂ ਹਿੱਕ ਨਾਲ ਲਾਇਆ ਅਤੇ ਧਰਵਾਸ ਦਿੱਤੀ ਇਸ ਦੀ ਮਿਸਾਲ ਦੁਨੀਆਂ ਤੇ ਹੋਰ ਕਿਤੇ ਵੀ ਨਹੀਂ ਮਿਲਦੀ ।

ਨੌਵੇਂ ਗੁਰਾਂ ਦੀ ਲਾਸਾਨੀ ਸ਼ਹਾਦਤ ਵਾਲਾ ਇਹ ਇਤਿਹਾਸ ਰਹਿੰਦੀ ਦੁਨੀਆ ਤੱਕ ਕਾਇਮ ਰਹੇਗਾ। ਇਹ ਦੂਸਰਿਆਂ ਹਿੱਤ ਕੁਰਬਾਨ ਹੋਣ ਲਈ ਹਮੇਸ਼ਾ ਪ੍ਰੇਰਦਾ ਰਹੇਗਾ ।

ਇਹ ਗੱਲ ਕਹਿਣ ਵਿੱਚ ਵੀ ਕੋਈ ਅਤਿ ਕਥਨੀ ਨਹੀਂ ਕਿ ਜਦ ਵੀ ਸੰਸਾਰ ਦੇ ਉੱਤੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਵਿਸ਼ਵ ਭਾਈਚਾਰਾ ਕਾਇਮ ਕਰਨ ਦਾ ਜ਼ਿਕਰ ਚੱਲੇਗਾ ਤਾਂ ਨੌਵੇਂ ਗੁਰਾਂ ਦੀ ਸ਼ਹਾਦਤ ਤੋਂ ਹੀ ਉਸਦੀ ਆਰੰਭਤਾ ਹੋਵੇਗੀ ।

ਇਹ ਸ਼ਹਾਦਤ ਧਰਮ ਦੀ ਚਾਦਰ ਬਣ ਕੇ ਹਿੰਦੂ ਧਰਮ ਦੀ ਸੁਰੱਖਿਆ ਦਾ ਬੀੜਾ ਆਪਣੇ ਸਿਰ ਚੁੱਕ ਕੇ ਅਡੋਲਤਾ ਨਾਲ ਸਿਦਕ ਨਿਭਾਉਣ ਦੀ ਇੱਕ ਸਿਖਰ ਹੈ। ਗੁਰੂ ਜੀ ਅਡੋਲ ਰਹੇ, ਆਪਣਾ ਸੀਸ ਵਾਰ ਦਿੱਤਾ ਪਰ ਸਿਦਕ ਨਾ ਹਾਰਿਆ।

ਸੀਸੁ ਦੀਆ ਪਰ ਸਿਰਰੁ ਨ ਦੀਆ ॥

ਅੱਜ ਇਸ ਕੁਰਬਾਨੀ ਤੋਂ ਪ੍ਰੇਰਨਾ ਲੈਂਦੇ ਹੋਏ ਜ਼ਰੂਰੀ ਹੈ ਕਿ ਆਪਾਂ ਸਭ ਗੁਰੂ ਜੀ ਦੁਆਰਾ ਦ੍ਰਿੜ ਕਰਵਾਈਆਂ ਗਈਆਂ ਸਿੱਖਿਆਵਾਂ ਅਤੇ ਉਨ੍ਹਾਂ ਦੀ ਬਾਣੀ ’ਤੇ ਅਮਲ ਕਰਦੇ ਹੋਏ ਗੁਰਮਤਿ ਦੇ ਪਾਂਧੀ ਬਣੀਏ ।

ਮੈਨੂੰ ਤਾਂ ਸਤਿਗੁਰਾਂ ਦੀ ਕਿਰਪਾ ਨਾਲ ਇਹ ਸੁਭਾਗ ਪ੍ਰਾਪਤ ਹੋਇਆ ਹੈ ਕਿ ਮੈਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ਵਰਸੋਈ ਨਗਰੀ ਕਰਤਾਰਪੁਰ ਸਾਹਿਬ ਤੋਂ ਵਿਧਾਇਕ ਹਾਂ । ਇਸ ਨਗਰ ਦਾ ਇੱਕ ਇਤਿਹਾਸਿਕ ਮਹੱਤਵ ਹੈ ਜਿੱਥੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਵਿਆਹ ਦਾ ਅਸਥਾਨ ਹੈ । ਸ੍ਰੀ ਕਰਤਾਰਪੁਰ

ਵਿਖੇ ਨੌਵੇਂ ਪਾਤਸ਼ਾਹ ਜੀ ਦੇ ਵਿਆਹ ਦੇ ਕਾਰਜ ਮਾਤਾ ਗੁਜਰੀ ਜੀ ਨਾਲ ਹੋਏ ਸਨ । ਇਸ ਤਰ੍ਹਾਂ ਇਹ ਪੁੱਤਰਾਂ ਦੇ ਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਨਾਨਕਾ ਘਰ ਵੀ ਹੈ ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਵਸਾਏ ਨਗਰ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਮੁੱਖ ਮੰਤਰੀ, ਪੰਜਾਬ ਸਰਦਾਰ ਭਗਵੰਤ ਸਿੰਘ ਜੀ ਮਾਨ ਵਲੋਂ ਨੌਵੇਂ ਗੁਰਾਂ ਦੇ 350 ਸਾਲਾ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਵਿਧਾਨ ਸਭਾ ਦਾ ਸਤਰ ਬੁਲਾ ਕੇ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਆਪਣਾ ਸਤਿਕਾਰ ਭੇਟ ਕਰਨਾ, ਸ੍ਰੀ ਅਨੰਦਪੁਰ ਸਾਹਿਬ ਜੀ ਦੀ ਸੋਚ ਦਾ ਸੁਨੇਹਾ ਸਮੁੱਚੇ ਸੰਸਾਰ ਵਿੱਚ ਪਹੁੰਚਾਉਣ ਵਾਸਤੇ ਕੀਤਾ ਗਿਆ ਇੱਕ ਸ਼ਲਾਘਾਯੋਗ ਉਪਰਾਲਾ ਹੈ ।

ਅੱਜ ਸਹੀ ਅਰਥਾਂ ਵਿੱਚ ਅਗਰ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਚਰਨਾਂ ਵਿੱਚ ਆਪਾਂ ਆਪਣਾ ਮੱਥਾ ਟੇਕ ਰਹੇ ਹਾਂ ਤਾਂ ਸਾਡਾ ਫਰਜ਼ ਬਣਦਾ ਹੈ ਕਿ ਆਪਣੇ ਨਿੱਜ ਸੁਆਰਥ ਨੂੰ ਛੱਡਦੇ ਹੋਏ ਆਪਣਾ ਸਭ ਕੁਝ ਦੂਸਰਿਆਂ ਦੇ ਭਲੇ ਦੀ ਖਾਤਰ ਕੁਰਬਾਨ ਕਰ ਦਈਏ। ਇਹੀ ਸੱਚੇ ਪਾਤਸ਼ਾਹ ਜੀ ਦੁਆਰਾ ਦਰਸਾਇਆ ਰਸਤਾ ਹੈ।

ਸਪੀਕਰ ਸਾਹਿਬ, ਤੁਸੀਂ ਇਸ ਇਤਿਹਾਸਿਕ ਮੌਕੇ ਦੇ ਉੱਤੇ ਮੈਨੂੰ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ, ਆਪ ਜੀ ਦਾ ਬਹੁਤ ਬਹੁਤ ਧੰਨਵਾਦ ਹੈ। ਅਖੀਰ ਵਿੱਚ ਮੇਰੀ ਇਹੀ ਅਰਦਾਸ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਕੁਰਬਾਨੀ ਸਾਡੇ ਲਈ ਸਦਾ ਪ੍ਰੇਰਨਾ ਸਰੋਤ ਬਣੀ ਰਹੇ ਅਤੇ ਆਪਾਂ ਸਭ ਆਪਣੇ ਧਰਮ ਤੇ ਅਡੋਲਤਾ ਨਾਲ ਪਹਿਰਾ ਦੇ ਸਕੀਏ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ।।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ)** : ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਨ 'ਤੇ ਉਨ੍ਹਾਂ ਨੂੰ ਅਕੀਦਤ ਭੇਂਟ ਕਰਦਿਆਂ ਉਨ੍ਹਾਂ ਦੀ ਵਿਲੱਖਣ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂ ਜ਼ਿਹਨ ਦਾ ਹਿੱਸਾ ਬਣ ਕੇ ਜਿੱਥੇ ਧਰਮ ਤੇ ਸ਼ਹਾਦਤ ਆਪਣੇ ਸਹੀ ਅਰਥਾਂ ਵਿੱਚ ਰੂਪਮਾਨ ਹੁੰਦੇ ਹਨ ਤੇ ਉਤਸ਼ਾਹ ਮਿਲਦਾ ਹੈ, ਉੱਥੇ ਵੈਰਾਗ ਵੀ ਉਪਜਦਾ ਹੈ। ਉਨ੍ਹਾਂ ਦੀ ਸ਼ਹਾਦਤ ਕਿਸੇ ਇੱਕ ਖਿੱਤੇ ਜਾਂ ਇੱਕ ਮੁਲਕ 'ਤੇ ਹੀ ਅਸਰ ਅੰਦਾਜ਼ ਨਹੀਂ ਹੋਈ ਸਗੋਂ ਪੂਰੇ ਵਿਸ਼ਵ ਨੂੰ ਇੱਕ ਨਵੀਂ ਨਰੋਈ ਦਿਸ਼ਾ ਪ੍ਰਦਾਨ ਕਰ ਗਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿੱਖੀ ਦੇ ਮਾਨਵਵਾਦੀ ਤੇ ਵਿਸ਼ਵ ਵਿਆਪੀ ਫਲਸਫੇ ਵਿੱਚ ਇੱਕ ਹੋਰ ਗੌਰਵਮਈ ਪੰਨਾ ਜੋੜ ਦਿੱਤਾ ਸੀ। ਜਿੱਥੇ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਸਲੀ ਜਨੇਊ ਨੂੰ ਪਰਿਭਾਸ਼ਿਤ ਕਰਦਿਆਂ ਜਨੇਊ ਪਾਉਣ ਤੋਂ ਇਨਕਾਰ ਕੀਤਾ ਸੀ, ਉੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਬਰੀ ਜਨੇਊ ਲਹਾਉਣ ਵਾਲੇ ਜਾਬਰਾਂ ਨੂੰ ਲਲਕਾਰ ਕੇ ਨਾਬਰੀ ਦੀ ਦ੍ਰਿੜਤਾ ਨਾਲ ਪ੍ਰਗਟਾਵਾ ਕੀਤਾ ਸੀ।

ਉਨ੍ਹਾਂ ਦੀ ਸਤਿਕਾਰਯੋਗ ਤੇ ਮਾਣ-ਮੱਤੀ ਸ਼ਖ਼ਸੀਅਤ ਦਾ ਇੱਕ ਹੋਰ ਪਹਿਲੂ ਵੀ ਜਾਨਣ ਯੋਗ ਹੈ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪਹਿਲੇ ਗੁਰੂ ਸਨ, ਜਿਨ੍ਹਾਂ ਨੇ ਲੰਮੀਆਂ ਯਾਤਰਾਵਾਂ ਕਰਦਿਆਂ ਲੋਕਾਈ ਦੇ ਦੁੱਖਾਂ ਦਰਦਾਂ ਨੂੰ ਸਮਝਿਆ ਤੇ ਵੰਡਾਇਆ। ਗੁਰੂ ਸਾਹਿਬ ਮਨੁੱਖੀ ਅਧਿਕਾਰਾਂ ਦੇ ਵੱਡੇ ਕਦਰਦਾਨ ਸਨ। ਇਹ ਸੁੱਚੀ ਤੇ

ਪਵਿੱਤਰ ਸੋਚ ਹੀ ਉਨ੍ਹਾਂ ਦੀ ਸ਼ਹਾਦਤ ਦਾ ਸਬੱਬ ਬਣਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਕਿਸੇ ਨੂੰ ਡਰਾਉਣ ਅਤੇ ਨਾ ਕਿਸੇ ਤੋਂ ਡਰਨ ਦੇ ਫਲਸਫੇ ਨੂੰ ਵੀ ਸੁਦ੍ਰਿੜ ਕਰਵਾ ਗਏ।

ਗੁਰੂ ਜੀ ਦਾ ਸਮੁੱਚਾ ਜੀਵਨ ' ਨਾ ਕੋ ਬੈਰੀ ਨਾਹਿ ਬੇਗਾਨਾ' ਦੀ ਧਾਰਨਾ ਉੱਤੇ ਅਧਾਰਤ ਸੀ ਪਰ ਉਨ੍ਹਾਂ ਦੀ ਸ਼ਹਾਦਤ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਮਹਾਨ ਸੰਦੇਸ਼ ਵੀ ਦੇ ਗਈ। ਉਨ੍ਹਾਂ ਦੀ ਸ਼ਹਾਦਤ ਵਰਗੀ ਦੁਨੀਆ ਵਿੱਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਇਸੇ ਕਰਕੇ ਉਹਨਾਂ ਨੂੰ 'ਹਿੰਦ ਦੀ ਚਾਦਰ' ਆਖਿਆ ਗਿਆ ਹੈ। ਉਨ੍ਹਾਂ ਦੀ ਬਾਣੀ ਤੇ ਸ਼ਹੀਦੀ ਸਮੁੱਚੀ ਮਾਨਵਤਾ ਦੇ ਕਲਿਆਣ ਵਾਸਤੇ ਅੱਗੇ ਆਉਣ ਲਈ ਪ੍ਰੇਰਨਾ ਸਰੋਤ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਾਂਦਨੀ ਚੌਕ ਵਿੱਚ ਹੋਈ ਸ਼ਹੀਦੀ ਔਰੰਗਜ਼ੇਬ ਦੇ ਦੰਭ ਨੂੰ ਨੰਗਾ ਕਰਦੀ ਹੈ। ਇਸ ਲਈ ਉਨ੍ਹਾਂ ਦੀ ਸ਼ਹਾਦਤ ਅਜੋਕੇ ਦੰਭੀਆਂ ਤੋਂ ਚੌਕਸ ਰਹਿਣ ਦਾ ਵੀ ਸੁਨੇਹਾ ਦਿੰਦੀ ਹੈ।

ਮੈਂ ਇਸ ਇਤਿਹਾਸਕ ਮੌਕੇ 'ਤੇ ਜਿੱਥੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਸਿਰ ਝੁਕਾਉਂਦਾ ਹਾਂ, ਉੱਥੇ ਉਨ੍ਹਾਂ ਦੇ ਨਾਲ ਸ਼ਹੀਦੀਆਂ ਦਾ ਜਾਮ ਪੀਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ ਸਿਦਕ ਤੇ ਬਲੀਦਾਨ ਨੂੰ ਵੀ ਨਤਮਸਤਕ ਹੁੰਦਾ ਹਾਂ।

**ਡਾਕਟਰ ਚਰਨਜੀਤ ਸਿੰਘ (ਚਮਕੌਰ ਸਾਹਿਬ, ਐਸ.ਸੀ.)**: ਸਾਰੇ ਭਾਰਤ ਵਾਸੀਆਂ ਅਤੇ ਭਾਰਤ ਤੋਂ ਬਾਹਰ ਵਸਦੇ ਭਾਰਤੀਆਂ ਨੂੰ-

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫ਼ਤਹਿ ॥

ਸਾਥੀਉ, ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਇਸ ਲਹੂ ਭਿੱਜੀ,ਪਾਕ-ਪਵਿੱਤਰ ਧਰਤੀ, ਸ੍ਰੀ ਚਮਕੌਰ ਸਾਹਿਬ ਦਾ ਸੇਵਾਦਾਰ ਹੋਣ ਦੇ ਨਾਤੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350 ਸਾਲਾ ਸਮਾਗਮ ਉੱਤੇ ਮੈਂ ਉਨਾਂ ਦੀ ਮਹਾਨ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਕਰਦਾ ਹਾਂ । 24 ਨਵੰਬਰ ,1675 ਨੂੰ ਗੁਰੂ ਸਾਹਿਬ ਦੀ ਸ਼ਹਾਦਤ ਕੋਈ ਇਕ ਧਰਮ ਦੇ ਲੋਕਾਂ ਲਈ ਨਹੀਂ, ਬਲਕਿ ਸਮਸਤ ਲੋਕਾਈ ਲਈ ਸੀ । ਗੁਰੂ ਸਾਹਿਬ ਨੇ ਇਹ ਸ਼ਹਾਦਤ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਸਵੈ-ਮਾਣ ਨੂੰ ਕਾਇਮ ਰੱਖਣ ਲਈ ਦਿੱਤੀ, ਜੋ ਕਿ ਹਰ ਸਿੱਖ ਦੇ ਮਨ ਦਾ ਚਾਅ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਬਹੁਤ ਵੱਡੇ ਵਿਦਵਾਨ ਹੀ ਨਹੀਂ ਬਲਕਿ ਉਨਾਂ ਨੇ ਯੁੱਧ ਦੇ ਮੈਦਾਨ ਵਿੱਚ ਵੀ ਆਪਣੇ ਜੌਹਰ ਦਿਖਾਏ, ਜਿਸ ਕਾਰਨ ਉਨਾਂ ਨੂੰ ਇਹ ਨਾਮ-ਤੇਗ ਬਹਾਦਰ ਮਿਲਿਆ । ਗੁਰੂ ਸਾਹਿਬ ਨੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਭਾਰਤ ਵਿੱਚ ਕਈ ਯਾਤਰਾਵਾਂ ਕੀਤੀਆਂ । ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਾਂਤੀ, ਤਿਆਗ ਅਤੇ ਵਿਸ਼ਵਾਸ ਦੇ ਮੁਜੱਸਮੇ ਸਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦੇ ਹੋਏ, ਉਨਾਂ ਦੇ ਸਪੁੱਤਰ, ਦਸਮ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਹੇਤ ਸਰਬੰਸ ਵਾਰ ਦਿੱਤਾ ਅਤੇ ਖ਼ਾਲਸਾ ਪੰਥ ਸਾਜਿਆ।

ਜਿੱਥੇ ਅੱਜ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪ੍ਰਣਾਮ ਕਰ ਰਹੇ ਹਾਂ, ਉੱਥੇ ਹੀ ਅਸੀਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਵੀ ਕੋਟਿ ਕੋਟਿ ਪ੍ਰਣਾਮ ਕਰਦੇ ਹਾਂ, ਜਿਨ੍ਹਾਂ ਨੇ ਆਪਣੇ ਗੁਰੂ ਦੇ ਆਦੇਸ਼ਾਂ ਅਤੇ ਅਟੁੱਟ ਵਿਸ਼ਵਾਸ ਦਾ ਪ੍ਰਗਟਾਵਾ ਕਰਦੇ ਹੋਏ ਆਪਣਾ-ਆਪ ਕੁਰਬਾਨ ਕਰ ਦਿੱਤਾ।

ਮੇਰਾ ਹਲਕਾ, ਸ੍ਰੀ ਚਮਕੌਰ ਸਾਹਿਬ, ਸਿੱਖ ਇਤਿਹਾਸ ਵਿੱਚ ਇਕ ਮਹਾਨ ਸਥਾਨ ਰੱਖਦਾ ਹੈ, ਜਿੱਥੇ 1704 ਵਿੱਚ ਮੁਗਲਾਂ ਦੇ ਖਿਲਾਫ ਲਾਸਾਨੀ ਯੁੱਧ ਵਿੱਚ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ, ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਅਦਭੁੱਤ ਜੌਹਰ ਦਿਖਾਉਂਦੇ ਹੋਏ ਆਪਣਾ ਬਲੀਦਾਨ ਦੇ ਕੇ ਇੱਕ ਮਿਸਾਲ ਕਾਇਮ ਕੀਤੀ। ਸ੍ਰੀ ਚਮਕੌਰ ਸਾਹਿਬ ਦੀ ਧਰਤੀ ਦਾ ਕਣ-ਕਣ ਸਾਨੂੰ ਵੀਰਤਾ ਅਤੇ ਧਰਮ ਲਈ ਦਿੱਤੀਆਂ ਕੁਰਬਾਨੀਆਂ ਦੀ ਯਾਦ ਦਿਵਾਉਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਅਤੇ ਨਤਮਸਤਕ ਹੋਣ ਆਈਆਂ ਸੰਗਤਾਂ ਨੂੰ ਮੈਂ ਨਮਨ ਕਰਦਾ ਹਾਂ। ਆਉ, ਅਸੀਂ ਸਾਰੇ ਗੁਰੂ ਸਾਹਿਬਾਨ ਦੇ ਮੂਲ ਸਿਧਾਂਤਾਂ ਨੂੰ ਆਪਣੇ ਜੀਵਨ ਦਾ ਅੰਗ ਬਣਾਉਣ ਦਾ ਪ੍ਰਣ ਕਰੀਏ ਅਤੇ ਸਾਰੀ ਲੋਕਾਈ ਵਿੱਚ ਇਕਸਾਰਤਾ, ਬਰਾਬਰੀ ਅਤੇ ਧਾਰਮਿਕ ਆਜ਼ਾਦੀ ਦਾ ਸੁਨੇਹਾ ਦਈਏ।

ਸਿੱਖੀ ਦੇ ਮੂਲ ਸਿਧਾਂਤ: -ਕਿਰਤ ਕਰੋ-ਵੰਡ ਛਕੋ-ਨਾਮ ਜਪੋ ਅਤੇ -ਸਰਬੱਤ ਦਾ ਭਲਾ, ਇਹ ਅੱਜ ਵੀ ਸਾਰੇ ਸੰਸਾਰ ਦੇ ਚਾਨਣ-ਮੁਨਾਰੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫ਼ਤਹਿ।।

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)** : 'ਹਿੰਦ ਦੀ ਚਾਦਰ' ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ ਸੰਨ 1621 ਈਸਵੀ ਨੂੰ ਸ੍ਰੀ ਅੰਮ੍ਰਿਤਸਰ ਵਿੱਚ ਹੋਇਆ। ਆਪ ਜੀ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਪੁੱਤਰ ਸਨ। ਆਪ ਜੀ ਦੇ ਮਹਲ, ਮਾਤਾ ਗੁਜਰ ਕੌਰ ਜੀ ਸਨ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਜੀ ਦੇ ਸਪੁੱਤਰ ਸਨ, ਜਿਨ੍ਹਾਂ ਨੇ ਦੇਸ਼ ਕੌਮ ਲਈ ਆਪਣਾ ਸਾਰਾ ਪਰਿਵਾਰ ਵਾਰ ਦਿੱਤਾ।

ਦੁਨੀਆ ਦੇ ਇਤਿਹਾਸ ਵਿੱਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਵਿਲੱਖਣ ਹੈ। ਗੁਰੂ ਸਾਹਿਬ ਜੀ ਦੀ ਸ਼ਹੀਦੀ ਆਪਣੇ ਭਾਈਚਾਰੇ ਲਈ ਨਹੀਂ, ਬਲਕਿ ਦੂਸਰੇ ਧਰਮ ਦੀ ਡੁੱਬਦੀ ਬੇੜੀ ਤੇ ਮਾਨਵਤਾ ਨੂੰ ਬਚਾਉਣ ਲਈ ਹੋਈ ਸੀ। ਇਸ ਤਰ੍ਹਾਂ ਇਸ ਮਹਾਨ ਸ਼ਹਾਦਤ ਨੇ ਸਿਰਫ ਸਿੱਖ ਇਤਿਹਾਸ ਨੂੰ ਹੀ ਨਵਾਂ ਮੋੜ ਨਹੀਂ ਦਿੱਤਾ, ਸਗੋਂ ਪੂਰੇ ਵਿਸ਼ਵ ਦੇ ਲੋਕਾਂ ਵਿੱਚ ਹੱਕ, ਸੱਚ, ਇਨਸਾਫ ਅਤੇ ਧਰਮ ਲਈ ਕੁਰਬਾਨੀ ਦਾ ਜ਼ਜਬਾ ਵੀ ਪੈਦਾ ਕੀਤਾ ਅਤੇ ਸਿੱਖ ਧਰਮ ਵਿਚ ਦੂਜੇ ਧਰਮ ਦੀ ਰਾਖੀ ਲਈ ਸ਼ਹਾਦਤ ਦੇ ਕੇ ਸਮੁੱਚੀ ਮਨੁੱਖਤਾ ਪ੍ਰਤੀ ਆਪਣਾ ਨੈਤਿਕ ਫ਼ਰਜ਼ ਵੀ ਨਿਭਾਇਆ।

ਜਦੋਂ ਸਮੇਂ ਦੇ ਹਾਕਮ ਔਰੰਗਜ਼ੇਬ ਨੇ ਸਮੁੱਚੇ ਗੈਰ-ਇਸਲਾਮੀ ਲੋਕਾਂ ਨੂੰ ਮੁਸਲਮਾਨ ਬਣਾਉਣ ਲਈ ਲੋਕਾਂ 'ਤੇ ਅੱਤਿਆਚਾਰ ਕੀਤਾ ਤਾਂ ਲੋਕਾਈ ਕੁਰਲਾ ਉਠੀ। ਕਸ਼ਮੀਰ ਦੇ ਪੰਡਤਾਂ ਨੇ ਗੁਰੂ ਸਾਹਿਬ ਨੂੰ ਫਰਿਆਦ ਕੀਤੀ ਕਿ ਉਨ੍ਹਾਂ ਦੀ ਰੱਖਿਆ ਕੀਤੀ ਜਾਵੇ। ਔਰੰਗਜ਼ੇਬ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ, ਪਰ ਗੁਰੂ ਜੀ ਆਪ ਚੱਲ ਕੇ ਦਿੱਲੀ ਗਏ। ਉਥੇ ਗੁਰੂ ਜੀ ਨੂੰ ਤੇ ਉਨ੍ਹਾਂ ਦੇ ਨਾਲ ਕੁਝ ਸਿੱਖਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਗੁਰੂ ਸਾਹਿਬ ਨੂੰ ਡਰਾਉਣ ਲਈ ਪਹਿਲਾਂ ਗ੍ਰਿਫ਼ਤਾਰ ਕੀਤੇ ਸਿੰਘ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਗੁਰੂ ਸਾਹਿਬ ਜੀ ਦੇ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ: ਪਹਿਲੀ, ਕੋਈ ਕਰਾਮਾਤ ਦਿਖਾਉ, ਦੂਜੀ, ਇਸਲਾਮ ਧਰਮ ਕਬੂਲ ਕਰੋ ਤੇ ਤੀਜੀ, ਦੋਵਾਂ ਵਿੱਚੋਂ ਇੱਕ ਵੀ ਨਾ ਮੰਨਣ ਕਰਕੇ ਮੌਤ ਲਈ ਤਿਆਰ ਹੋ ਜਾਉ, ਪਰ ਗੁਰੂ ਸਾਹਿਬ ਨੇ ਧਰਮ ਲਈ ਸ਼ਹਾਦਤ ਦੇਣੀ ਠੀਕ ਸਮਝੀ।

ਅੱਜ ਤੱਕ ਕਿਸੇ ਵੀ ਧਰਮ ਦੇ ਪੈਗੰਬਰ ਵੱਲੋਂ ਦੁਨੀਆ ਦੇ ਇਤਿਹਾਸ ਵਿਚ ਇਹ ਮਿਸਾਲ ਦਿਖਾਈ ਨਹੀਂ ਦਿੰਦੀ ਕਿ ਕਿਸੇ ਦੂਸਰੇ ਧਰਮ ਲਈ ਕਿਸੇ ਨੇ ਆਪਣਾ-ਆਪ ਵਾਰਿਆ ਹੋਵੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸੰਨ 1675 ਈਸਵੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ। ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਸਾਹਿਬ ਜੀ ਦੇ ਧੜ ਦਾ ਸਸਕਾਰ ਆਪਣੇ ਘਰ ਵਿਚ ਕੀਤਾ ਜਿਥੇ ਅੱਜ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸਥਿਤ ਹੈ। ਭਾਈ ਜੈਤਾ ਜੀ ਸਿਪਾਹੀਆਂ ਤੋਂ ਅੱਖ ਬਚਾ ਕੇ ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚ ਗਏ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਸਤਿਕਾਰ ਪੂਰਵਕ ਪ੍ਰਾਪਤ ਕਰਦਿਆਂ ਭਾਈ ਜੈਤਾ ਜੀ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਦਾ ਖਿਤਾਬ ਦਿੱਤਾ।

ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਕੋਟਿਨ ਕੋਟਿ ਪ੍ਰਣਾਮ ਹੈ । ਅੱਜ ਸੰਸਾਰ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸਾਏ ਮਾਰਗ ਅਤੇ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਣ ਦੀ ਲੋੜ ਹੈ। ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲ ਕੇ ਹੀ ਦੁਨੀਆ ਵਿੱਚ ਸ਼ਾਂਤੀ ਕਾਇਮ ਕੀਤੀ ਜਾ ਸਕਦੀ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ)** : ਇਸ ਵਰ੍ਹੇ ਨਵੰਬਰ ਮਹੀਨੇ ਦੀ 24 ਤਾਰੀਖ਼ ਨੂੰ ਪੰਜਾਬ ਵਿਧਾਨ ਸਭਾ, ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾ ਰਹੀ ਹੈ। ਮੈਂ ਤੱਕਿਆ ਹੈ ਕਿ ਕਿਵੇਂ ਗੁਰੂ ਸਾਹਿਬ ਨਾਲ ਜੁੜਿਆ 'ਸ੍ਰਿਸ਼ਟ ਦੀ ਚਾਦਰ' ਵਾਲਾ ਲਕਬ ਪਹਿਲਾਂ 'ਧਰਮ ਦੀ ਚਾਦਰ' ਤੇ ਹੁਣ 'ਹਿੰਦ ਦੀ ਚਾਦਰ' ਵਿੱਚ ਤਬਦੀਲ ਹੋ ਗਿਆ ਹੈ। ਗੁਰੂ ਸਾਹਿਬ ਨੂੰ ਚੇਤੇ ਕਰਨ ਦੇ ਤੌਰ-ਤਰੀਕਿਆਂ ਵਿਚ ਵਾਪਰੀ ਇਹ ਤਬਦੀਲੀ ਇਸ ਗੱਲ ਦੀ ਗਵਾਹ ਹੈ ਕਿ ਗੁਰੂ ਸਾਹਿਬ ਦੀ ਵਿਰਾਸਤ ਨੂੰ ਕਿਵੇਂ ਇੱਕ ਬਹੁਗਿਣਤੀ ਧਾਰਮਿਕ ਫਿਰਕੇ ਨੇ ਆਪਣੇ ਕੌਮੀ ਹਿੱਤਾਂ ਮੁਤਾਬਕ ਢਾਲਣ ਦੀ ਵਿਉਂਤਬੰਦੀ ਕੀਤੀ ਹੋਈ ਹੈ। ਹਾਲਾਂਕਿ ਗੁਰੂ ਸਾਹਿਬ ਦਾ ਜੀਵਨ ਤੇ ਸ਼ਹਾਦਤ ਕਿਸੇ ਖ਼ਾਸ ਧਾਰਮਿਕ ਸਮੂਹ ਜਾਂ ਕੌਮੀਅਤ ਤੱਕ ਸੀਮਤ ਨਾ ਹੋ ਕੇ ਸਮੁੱਚੀ ਮਨੁੱਖਤਾ ਲਈ ਚਾਨਣ ਮੁਨਾਰਾ ਸੀ।

ਗੁਰੂ ਸਾਹਿਬ ਦੇ ਸਮਕਾਲੀ ਚੰਦਰ ਸੇਨ ਸੈਨਾਪਤੀ ਆਪਣੀ ਲਿਖਤ 'ਸ੍ਰੀ ਗੁਰੂ ਸੋਭਾ' ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ੍ਰਿਸ਼ਟ ਦੀ ਚਾਦਰ ਕਹਿੰਦਿਆਂ ਲਿਖਦੇ ਹਨ - " ਪ੍ਰਗਟ ਭਏ ਗੁਰੂ ਤੇਗ ਬਹਾਦਰ, ਸਗਲ ਸ੍ਰਿਸਟ ਪੈ ਢਾਪੀ ਚਾਦਰ''।

ਬੇਸ਼ੱਕ ਗੁਰੂ ਸਾਹਿਬ ਦਾ ਸੀਸ ਕਲਮ ਕਰਨ ਦਾ ਹੁਕਮ ਔਰੰਗਜ਼ੇਬ ਨੇ ਦਿੱਤਾ ਸੀ, ਪਰ ਗੁਰੂ ਸਾਹਿਬ ਦੀ ਸ਼ਹਾਦਤ ਹਰ ਕਿਸਮ ਦੇ ਅਨਿਆਂ ਦੀ ਮੁਖ਼ਾਲਫ਼ਤ ਸੀ। ਇਹ ਸ਼ਹਾਦਤ, ਲੋਕਾਈ 'ਤੇ ਜ਼ਬਰਨ ਰਾਜਸ਼ਾਹੀ ਵਾਲਾ ਧਰਮ ਥੋਪਣ ਦੀ ਬਾਦਸ਼ਾਹ ਦੀ ਇੱਛਾ ਪ੍ਰਤੀ ਨਾਬਰੀ ਦਾ ਇਜ਼ਹਾਰ ਸੀ। ਇਹ ਤਾਂ ਮਹਿਜ਼ ਇਤਫ਼ਾਕ ਸੀ ਕਿ ਰਿਆਇਆ ਕਸ਼ਮੀਰੀ ਪੰਡਤ ਸੀ ਅਤੇ ਉਸ 'ਤੇ ਥੋਪਿਆ ਜਾਣ ਵਾਲਾ ਧਰਮ ਇਸਲਾਮ। ਸਾਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਗੁਰੂ ਸਾਹਿਬ ਦਾ ਮਕਸਦ ਮਹਿਜ਼ ਇਕ ਧਾਰਮਿਕ ਸਮੂਹ ਤੋਂ ਦੂਜੇ ਨੂੰ ਬਚਾਉਣਾ ਨਹੀਂ ਸੀ; ਸਗੋਂ ਹਰ ਕਿਸਮ ਦੇ ਅਨਿਆਂ ਤੇ ਬੇਇਨਸਾਫ਼ੀ ਦਾ ਵਿਰੋਧ ਕਰਨਾ ਸੀ।

ਇਸ ਮੁਕੱਦਸ ਦਿਹਾੜੇ 'ਤੇ ਗੁਰੂ ਸਾਹਿਬ ਦਾ ਸਾਥ ਦੇਣ ਵਾਲੇ ਸਿੱਖਾਂ - ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਵੀ ਅਕੀਦਤ ਦੇ ਫੁੱਲ ਭੇਂਟ ਕਰਨੇ ਬਣਦੇ ਹਨ: ਜਿਨ੍ਹਾਂ ਨੂੰ ਬੜੀ ਬੇਰਿਹਮੀ ਨਾਲ ਆਰਿਆਂ ਨਾਲ ਚੀਰ ਕੇ, ਅੱਗ ਵਿਚ ਸਾੜ ਕੇ ਤੇ ਖੌਲਦੇ ਪਾਣੀਆਂ ਵਿਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਬਾਵਜੂਦ ਇਸ ਦੇ ਗੁਰੂ ਦੇ ਇਹ ਸਿੱਖ 'ਮਿਠਾ ਲਗੈ ਤੇਰਾ ਭਾਣਾ' ਦਾ ਜਾਪ ਕਰਦਿਆਂ ਸ਼ਹੀਦੀ ਜਾਮੇ ਪੀ ਗਏ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈ ਕੇ ਬਾਕੀ ਗੁਰੂ ਸਾਹਿਬਾਨਾਂ ਤੱਕ ਸਭ ਨੇ ਸਾਨੂੰ 'ਸਰਬਤ ਦੇ ਭਲੇ' ਦਾ ਪਾਠ ਪੜ੍ਹਾਇਆ। ਦਸੇ ਗੁਰੂ ਸਾਹਿਬਾਨ ਇਸ ਗੱਲ ਤੋਂ ਪੂਰੀ ਤਰ੍ਹਾਂ ਚੇਤੰਨ ਸਨ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਹੋ ਰਹੀ ਬੇਇਨਸਾਫ਼ੀ ਦਰਅਸਲ ਸਮੁੱਚੀ ਮਨੁੱਖਤਾ ਨਾਲ ਵਿਸਾਹਘਾਤ ਹੈ। ਸਿੱਖੀ ਉਹ ਨਿਰਾਲਾ ਪੰਥ ਹੈ ਜਿਹੜਾ ਆਪਣੇ ਪੈਰੋਕਾਰਾਂ ਨੂੰ ਹਰ ਕਿਸਮ ਦੇ ਅਨਿਆਂ ਤੇ ਬੇਇਨਸਾਫ਼ੀ ਦੇ ਵਿਰੁੱਧ ਅਤੇ ਸਮਾਜ ਦੀ ਕਿਸੇ ਵੀ ਮਜ਼ਲੂਮ ਧਿਰ ਦੇ ਪੱਖ ਵਿਚ ਖੜ੍ਹੇ ਹੋਣ ਲਈ ਪਰਪੱਕ ਕਰਦਾ ਹੈ। ਇਸੇ ਲਈ ਤਾਂ ਅਸੀ ਆਪਣੀ ਅਰਦਾਸ ਵਿਚ ਨਿੱਤ-ਦਿਨ ਚਿਤਾਰਦੇ ਹਾਂ – "ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ।"

ਬੇਸ਼ੱਕ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਅਨੂਠੀ ਵਿਲੱਖਣਤਾ ਹੈ, ਪਰ ਉਨ੍ਹਾਂ ਦਾ ਸਮੁੱਚਾ ਜੀਵਨ ਵੀ ਸਾਡੇ ਲਈ ਕਿਸੇ ਵੱਡੇ ਪ੍ਰੇਰਣਾ-ਸ੍ਰੋਤ ਤੋਂ ਘੱਟ ਨਹੀਂ ਹੈ। ਉਨ੍ਹਾਂ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਅਧਿਐਨ ਤੇ ਧਿਆਨ ਵਿਚ ਬਿਤਾਇਆ। ਗੁਰੂ ਸਾਹਿਬ ਗੁਰਗੱਦੀ ਦੇ ਕਈ ਆਪੂੰ ਬਣ ਬੈਠੇ ਦਾਅਵੇਦਾਰਾਂ ਸਾਹਵੇਂ ਸ਼ਾਂਤ-ਚਿੱਤ ਤੇ ਅਡੋਲ ਰਹੇ। ਉਨ੍ਹਾਂ ਅੰਦਰ ਭਾਣਾ ਮੰਨਣ ਦਾ ਸਿਦਕ ਅਤੇ ਹਰ ਤਰ੍ਹਾਂ ਦੇ ਵਿਰੋਧ ਨੂੰ ਖਿੜੇ ਮੱਥੇ ਸਵੀਕਾਰਨ ਦਾ ਸਿਰੜ ਵੀ ਉਨ੍ਹਾਂ ਦੀ ਜੀਵਨ-ਜਾਚ ਦੀ ਮਿਸਾਲ ਹੈ। ਗੁਰੂ ਨਾਨਕ ਪਾਤਸ਼ਾਹ ਦੇ ਸੁਨੇਹੇ ਨੂੰ ਦੀਨ ਦੁਨੀਆ ਤੱਕ ਪਹੁੰਚਾਉਣ ਖਾਤਰ ਉਨ੍ਹਾਂ ਨਾ ਸਿਰਫ਼ ਪੂਰਬ ਦੀ ਯਾਤਰਾ ਕੀਤੀ ਬਲਕਿ ਮੰਜੀ ਪ੍ਰਥਾ ਨੂੰ ਵਿਸਥਾਰਿਆ, ਸਿੱਖੀ ਦੇ ਬੂਟੇ ਨੂੰ ਪੰਜਾਬ ਤੋਂ ਬਾਹਰ ਫੈਲਾਇਆ ਅਤੇ ਆਪਸ ਵਿਚ ਇਕ-ਦੂਜੇ ਦੇ ਦੁਸ਼ਮਣ ਬਣ ਬੈਠੇ ਪਹਾੜੀ ਰਾਜਿਆਂ ਵਿਚਕਾਰ ਸੁਲਾਹ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ। ਇਸ ਤੋਂ ਇਲਾਵਾ ਹੁਣ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਜਾਣੇ ਜਾਂਦੇ

ਸ਼ਹਿਰ 'ਚੱਕ ਨਾਨਕੀ' ਦੀ ਤਾਮੀਰ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ 116 ਸਲੋਕ ਸਾਨੂੰ ਗੁਰੂ ਸਾਹਿਬ ਦੇ ਜੀਵਨ ਦਰਸ਼ਨ ਦੀ ਵਿਸ਼ਾਲਤਾ ਤੋਂ ਜਾਣੂੰ ਕਰਵਾਉਂਦੇ ਹਨ।

ਨਿੱਤ-ਦਿਨ ਧੜੇਬੰਦੀ ਵੱਲ ਵਧ ਰਹੇ ਅਜੋਕੇ ਸੰਸਾਰ ਅੰਦਰ ਜਦੋਂ ਸ਼ਨਾਖਤ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ ਅਤੇ ਤਾਨਾਸ਼ਾਹੀ ਦਾ ਬੋਲਬਾਲਾ ਦਿਨੋਂ-ਦਿਨ ਵਧਦਾ ਜਾ ਰਿਹਾ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਦੁੱਤੀ ਜੀਵਨ ਤੇ ਕਿਸੇ ਹੋਰ ਭਾਈਚਾਰੇ ਲਈ ਦਿੱਤੀ ਲਾਸਾਨੀ ਸ਼ਹਾਦਤ, ਸਾਨੂੰ ਭਾਵਪੂਰਤ ਦਿਆਲਤਾ ਦਾ ਸੁਨੇਹਾ ਤੇ ਸੇਧ ਦਿੰਦੇ ਹਨ। ਮੇਰੀ ਬੇਨਤੀ ਹੈ ਕਿ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ 350ਵਾਂ ਸ਼ਹੀਦੀ ਦਿਹਾੜਾ ਬੇਹੱਦ ਸੰਜੀਦਗੀ ਤੇ ਗੰਭੀਰਤਾ ਨਾਲ ਮਨਾਉਣਾ ਚਾਹੀਦਾ ਹੈ ਅਤੇ ਇਸ ਮੌਕੇ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀ ਗੁਰੂ ਸਾਹਿਬ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿਚ ਢਾਲਾਂਗੇ। ਇਹੋ ਗੁਰੂ ਸਾਹਿਬ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ।

**ਸਰਦਾਰ ਸਰਵਨ ਸਿੰਘ ਧੁੰਨ (ਖੇਮਕਰਨ)** : ਸਤਿਕਾਰਯੋਗ ਸਪੀਕਰ ਸਾਹਿਬ, ਮੁੱਖ ਮੰਤਰੀ ਪੰਜਾਬ ਅਤੇ ਮੇਰੇ ਸਾਥੀ ਮੰਤਰੀ ਅਤੇ ਵਿਧਾਇਕ ਸਾਹਿਬਾਨ ਜੀ ਦਾ ਅੱਜ ਮਹਾਨ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਮਹਾਨ ਸਿੱਖਾਂ ਦੀ 350 ਸਾਲਾ ਸ਼ਤਾਬਦੀ ਸਮੇਂ ਮੌਕਾ ਦੇਣ ਲਈ ਧੰਨਵਾਦ ।

ਜਗਤ ਗੁਰੂ ਸਤਿਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ ਸਿੱਖ ਧਰਮ ਦੁਨੀਆ ਵਿੱਚ ਅਮੀਰ ਪ੍ਰੰਪਰਾਵਾਂ ਅਤੇ ਸਰਬੱਤ ਦੇ ਭਲੇ ਦਾ ਪ੍ਰਤੀਕ ਹੈ ਸਾਡਾ ਇਤਿਹਾਸ ਸੇਵਾ, ਸਿਮਰਨ ਸਰਬੱਤ ਦੇ ਭਲੇ ਅਤੇ ਕੁਰਬਾਨੀਆਂ ਨਾਲ ਭਰਿਆ ਹੈ। ਭਾਰਤ ਬਹੁ ਧਰਮੀ, ਬਹੁ ਭਾਸ਼ਾਈ ਅਤੇ ਵੱਖ-ਵੱਖ ਸਭਿਆਚਾਰਕ ਵਿਰਸੇ ਵਾਲਾ ਦੇਸ਼ ਹੈ । ਸਮੁੱਚਾ ਮਨੁੱਖੀ ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਪੂਰ ਹੈ ਜਿੱਥੇ ਲੋਕਾਂ ਦੇ ਰਹਿਬਰਾਂ ਨੇ ਆਪਣੇ ਭਾਈਚਾਰੇ, ਕੌਮ ਜਾਂ ਵਿਚਾਰਧਾਰਾ ਲਈ ਜਾਨਾਂ ਵਾਰੀਆਂ ਹਨ ਅਤੇ ਆਪਣੇ ਹਿੱਤਾਂ ਤੋਂ ਉੱਪਰ ਨੈਤਿਕ ਕਾਬਲੀਅਤ ਦਾ ਪ੍ਰਗਟਾਵਾ ਕੀਤਾ, ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਜਿਆਂ ਦੇ ਵਿਸ਼ਵਾਸ ਤੇ ਧਾਰਮਿਕ ਹੱਕਾਂ ਦੀ ਰੱਖਿਆ ਲਈ ਆਪਣੀ ਕੁਰਬਾਨੀ ਦੇ ਕੇ ਜਿਸ ਨੈਤਿਕ-ਰੂਹਾਨੀ ਬੁਲੰਦੀ ਨੂੰ ਛੋਹਿਆ, ਉਹ ਦੁਨੀਆ ਦੇ ਇਤਿਹਾਸ ਦੀ ਵਿਲੱਖਣ ਮਿਸਾਲ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਨੁੱਖੀ ਅਧਿਕਾਰਾਂ ਦੀ ਬ੍ਰਹਿਮੰਡੀ ਵਿਚਾਰਧਾਰਾ ਦੇ ਮੋਢੀਆਂ 'ਚੋਂ ਗਿਣਿਆ ਜਾ ਸਕਦਾ ਹੈ।

ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਨਵੰਬਰ, 1675 (ਮੱਘਰ 1732) ਵਿੱਚ ਦਿੱਤੀ ਗਈ ਅਦੁੱਤੀ ਸ਼ਹਾਦਤ ਨੂੰ ਭਾਰਤੀ ਮੱਧਕਾਲੀ ਇਤਿਹਾਸ 'ਚ ਨਿਵੇਕਲਾ ਸਥਾਨ ਹਾਸਲ ਹੈ। ਜਿਸ ਦੀ ਮਿਸਾਲ ਦੁਨੀਆ ਵਿੱਚ ਕਿਧਰੇ ਨਹੀ ਮਿਲਦੀ। ਉਨ੍ਹਾਂ ਵਲੋਂ ਆਪਣੇ ਤਿੰਨ ਸਿੱਖਾਂ ਦੇ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਣੇ ਦਿੱਲੀ ਵਿੱਚ ਨਵੰਬਰ, 1675 ਨੂੰ ਦਿੱਤੀ ਗਈ ਕੁਰਬਾਨੀ ਨੂੰ ਸਿੱਖਾਂ ਦੇ ਨਾਲ-ਨਾਲ ਪੂਰੀ ਮਾਨਵਤਾ ਅਦਬ ਤੇ ਸਤਿਕਾਰ ਨਾਲ ਯਾਦ ਕਰਦੀ ਹੈ। ਸਮੇਂ ਦੀ ਮੁਗ਼ਲ ਹਕੂਮਤ ਵੱਲੋਂ ਜਬਰੀ ਧਰਮ ਪਰਿਵਰਤਨ ਲਈ ਕੀਤੇ ਜਾਂਦੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਗੁਰੂ ਜੀ ਦੇ ਜੀਵਨ, ਦਰਸ਼ਨ ਅਤੇ ਸ਼ਹੀਦੀ ਪ੍ਰਾਪਤ ਕਰਨ ਦੇ ਮੰਤਵ ਪਿਛਲੇ ਅਸਲ ਤੇ ਉਚੇਚੇ ਅਰਥਾਂ ਬਾਰੇ ਅਜੇ ਤਕ ਸਹੀ ਅਧਿਐਨ ਨਹੀਂ ਕੀਤਾ ਗਿਆ,ਪਿਛਲੇ ਕੁਝ ਦਹਾਕਿਆਂ ਤੋਂ ਮਨੁੱਖੀ ਹੱਕਾਂ ਬਾਰੇ ਹੋ ਰਹੇ ਅੰਦੋਲਨਾਂ ਦੇ ਉਭਾਰ ਨਾਲ ਹੁਣ ਸਾਨੂੰ ਗੁਰੂ ਜੀ ਦੀ ਮਹਾਨ ਸ਼ਹੀਦੀ ਦੇ ਉੱਚ ਮਾਨਵੀ ਅਧਿਕਾਰਾਂ ਦੇ ਅਰਥਾਂ ਦੀ ਖੋਜ ਕਰਨ ਦਾ ਮੌਕਾ ਮਿਲ ਰਿਹਾ ਹੈ। ਅੱਜ ਜਦੋਂ ਅਸੀਂ ਸ੍ਰੀ ਗੁਰੂ ਤੇਗ

ਬਹਾਦਰ ਜੀ ਦੀ ਦੀ 350ਵਾਂ ਸ਼ਹੀਦੀ ਦਿਹਾੜੀ ਮਨਾਉਣ ਜਾ ਰਹੇ ਹਾਂ ਤਾਂ ਇਹ ਲੋੜ ਹੋਰ ਵੀ ਪ੍ਰਬਲ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਦੇ ਜੀਵਨ, ਸਿਧਾਂਤ ਤੇ ਸ਼ਹਾਦਤ ਨੂੰ ਸਮੁੱਚੀ ਮਨੁੱਖਤਾ ਦੇ ਸਾਹਮਣੇ ਨਵੀਆਂ ਅੰਤਰ-ਦ੍ਰਿਸ਼ਟੀਆਂ ਤੋਂ ਰੱਖੀਏ। ਮੌਜੂਦਾ ਸਮੇਂ ਵਿੱਚ ਮਨੁੱਖੀ ਹੱਕਾਂ ਦੇ ਰਖਵਾਲੇ ਅਖਵਾਉਣ ਵਾਲੇ ਆਪਣੇ ਭਾਈਚਾਰੇ, ਆਪਣੀ ਕੌਮ, ਵਿਚਾਰਧਾਰਾ ਅਤੇ ਫਿਰਕੂ ਲੋਕਾਂ ਦੇ ਹੱਥ ਠੋਕੇ ਬਣ ਕੇ ਰਹਿ ਜਾਂਦੇ ਹਨ। ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਇਸ ਸੋਚ ਤਹਿਤ ਕਿਸੇ ਦੂਜੇ ਵਿਸ਼ਵਾਸਾਂ ਦੇ ਧਾਰਨੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਅਣਗੌਲਿਆ ਕਰ ਦਿੱਤਾ ਜਾਂਦਾ ਹੈ ਜਾਂ ਦੂਜਿਆਂ ਦੇ ਮਨੁੱਖੀ ਹੱਕਾਂ ਦੀ ਰਾਖੀ ਦਾ ਵਿਰੋਧ ਹੋਣ ਲੱਗ ਪੈਂਦਾ ਹੈ,ਜਿਸ ਨਾਲ ਅਸੀਂ ਅਸਲ ਸਿਧਾਂਤ ਤੋਂ ਥਿੜਕ ਜਾਂਦੇ ਹਾਂ। ਜਦਕਿ ਹਰੇਕ ਵਿਅਕਤੀ ਭਾਵੇਂ ਉਹ ਕਿਸੇ ਵੀ ਧਰਮ ਜਾਂ ਜਾਤ ਨਾਲ ਸਬੰਧਤ ਹੋਵੇ, ਦੇ ਮਨੁੱਖੀ ਅਧਿਕਾਰਾਂ ਦੀ ਬਿਨਾਂ ਕਿਸੇ ਭੇਦ-ਭਾਵ ਦੇ ਕਦਰ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਦੀ ਵਿਚਾਰਧਾਰਾ ਭਾਵੇਂ ਕੋਈ ਵੀ ਹੋਵੇ । ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਇਸੇ ਅੰਤਰੀਵੀ ਸੋਚ ਨੂੰ ਤਾਕਤ ਬਖ਼ਸ਼ਦੀ ਹੈ ਅਤੇ ਨਾਲ ਹੀ ਮਨੁੱਖੀ ਹੱਕਾਂ ਦੀ ਸਰਵ ਵਿਆਪਕ ਧਾਰਨਾ ਨੂੰ ਬਲ ਦਿੰਦੀ ਹੈ। ਗੁਰੂ ਸਾਹਿਬ ਦਾ ਫ਼ਲਸਫ਼ਾ ਅਤੇ ਗੁਰਬਾਣੀ ਵੀ ਭੈਅ ਅਤੇ ਹਿੰਸਾ ਦੇ ਵਰਤਾਰੇ ਵਿਚੋਂ ਉਭਰ ਕੇ ਨਿਰਭਉ ਬਣਨ ਦੀ ਪ੍ਰੇਰਨਾ ਦਿੰਦੀ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਬੇਸ਼ੱਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇ ਕੇ ਸਮੇਂ ਦੀ ਜਾਬਰ ਤੇ ਜ਼ਾਲਮ ਹਕੂਮਤ ਦੇ ਪਾਪ ਦਾ ਠੀਕਰਾ ਚੁਰਾਹੇ 'ਚ ਭੰਨਿਆ ਸੀ।

ਠੀਕਰ ਫੋਰਿ ਦਿਲੀਸ ਸਿਰ ਪ੍ਰਭਪੁਰ ਕੀਯਾ ਪਯਾਨ । ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ।

ਪਰ ਸਾਡੀ ਧਾਰਨਾ ਹੈ ਕਿ ਜੇਕਰ ਕਸ਼ਮੀਰੀ ਪੰਡਿਤਾਂ ਦੀ ਥਾਂ 'ਤੇ ਕੋਈ ਮੁਸਲਮਾਨ ਜਾਂ ਹੋਰ ਧਰਮ ਦੇ ਲੋਕ ਵੀ ਹੁੰਦੇ ਤਾਂ ਗੁਰੂ ਜੀ ਨੇ ਉਸ ਸਮੇਂ ਵੀ ਕੁਰਬਾਨੀ ਕਰਨ ਤੋਂ ਪਿੱਛੇ ਨਹੀਂ ਸੀ ਹਟਣਾ, ਉਨ੍ਹਾਂ ਦੀ ਸ਼ਹਾਦਤ ਪਿੱਛੇ ਜੋ ਸੰਕਲਪ ਸੀ, ਉਹ ਕਿਸੇ ਧਰਮ ਵਿਸ਼ੇਸ਼ ਤੱਕ ਸੀਮਤ ਨਹੀਂ ਸੀ। ਜਿਵੇਂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਬਰੀ ਜੰਞੂ ਪਾਉਣ ਦਾ ਵਿਰੋਧ ਕੀਤਾ ਪਰੰਤੂ ਜਦ ਜਬਰੀ ਜੰਞੂ ਲਾਹੁਣ ਦੇ ਸਮੇਂ ਦੇ ਹਾਕਮਾਂ ਵੱਲੋਂ ਯਤਨ ਕੀਤੇ ਗਏ ਤਾਂ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਜੰਞੂ ਦੀ ਰਾਖੀ ਕੀਤੀ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ।। ਕੀਨੋ ਬਡੋ ਕਲੂ ਮਹਿ ਸਾਕਾ।।

ਇਹੀ ਤੱਥ ਉਨ੍ਹਾਂ ਦੀ ਸ਼ਹਾਦਤ ਨੂੰ ਵੱਧ ਮਹਾਨ ਅਤੇ ਵਿਸ਼ਵ ਵਿਆਪੀ ਬਣਾਉਂਦਾ ਹੈ। ਇਸੇ ਨਜ਼ਰੀਏ ਤੋਂ ਦਿੱਲੀ ਦੇ ਇਤਿਹਾਸਕ ਚਾਂਦਨੀ ਚੌਕ, ਜਿਸ ਥਾਂ 'ਤੇ ਮਹਾਨ ਗੁਰੂ ਜੀ ਦਾ ਸੀਸ ਕੱਟਿਆ ਗਿਆ ਸੀ, ਉਸ ਸਥਾਨ 'ਤੇ ਸਥਿਤ ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਵਿਸ਼ਵ ਵਿਆਪੀ ਮਨੁੱਖੀ ਅਧਿਕਾਰ ਲਹਿਰ ਦੇ ਤੀਰਥ ਅਸਥਾਨ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਇਹ ਕਦਮ ਮਹਾਨ ਗੁਰੂ ਜੀ ਦੀ ਗ਼ੈਰ-ਸੰਪਰਦਾਇਕ ਤੇ ਬ੍ਰਹਿਮੰਡੀ ਮਾਨਵੀ ਹੱਕਾਂ ਵਾਲੇ ਦ੍ਰਿਸ਼ਟੀਕੋਣ ਨੂੰ ਮਾਨਤਾ ਤੇ ਅਕੀਦਤ ਦੇਣ ਵੱਲ ਚੁੱਕਿਆ ਅਤਿਅੰਤ ਢੁਕਵਾਂ ਕਦਮ ਹੋਵੇਗਾ। ਉਨ੍ਹਾਂ ਦੇ ਨਾਲ ਨਾਲ ਮਹਾਨ ਸਿੱਖ ਸ਼ਹੀਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ,ਭਾਈ ਦਿਆਲਾ ਜੀ ਅਤੇ ਸਤਿਗੁਰੂ ਜੀ ਦੇ ਸੀਸ ਨੂੰ ਅਦਬ ਸਹਿਤ ਲੈ ਕੇ ਆਉਣ ਅਤੇ ਉਨ੍ਹਾਂ ਦੇ ਸਰੀਰ ਦਾ ਆਪਣਾ ਘਰ ਉਜਾੜ ਕੇ ਅੰਤਿਮ ਸਸਕਾਰ ਕਰਨ

ਵਾਲੇ ਸਿੱਖਾਂ ਭਾਈ ਜੈਤਾ ਜੀ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਢੁਕਵੀਆਂ ਯਾਦਗਰਾਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਥੀ ਸ਼ਹੀਦ ਸਿੱਖਾਂ ਦੀ ਕੁਰਬਾਨੀ ਦੇ ਇਤਿਹਾਸ ਨੂੰ ਸਕੂਲਾਂ ਕਾਲਜਾਂ ਦੇ ਸਿਲੇਬਸ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਅਖੀਰ ਵਿੱਚ ਮੈਂ ਪੰਜਾਬ ਸਰਕਾਰ ਵੱਲੋਂ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਇਜਲਾਸ ਬੁਲਾ ਕੇ ਉਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਨੂੰ ਯਾਦ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਸਮੁੱਚੀ ਮਾਨਵਤਾ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਸਿੱਖਾਂ ਵੱਲੋਂ ਸ਼ਹਾਦਤ ਦੇ ਕੇ ਦਰਸਾਏ ਮਾਰਗ ਤੇ ਚੱਲਣ ਦੀ ਅਪੀਲ ਕਰਦਾ ਹਾਂ ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ):** ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੩੫੦ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਰਾਹੀਂ ਨਮਨ।

ਇਤਿਹਾਸ ਵਿੱਚ ਕੁਝ ਪਲ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਯਾਦ ਕਰ ਕੇ ਸਮਾਂ ਰੁਕ ਜਿਹਾ ਜਾਂਦਾ ਹੈ । ਉਹ ਪਲ, ਜਿੱਥੇ ਧਰਤੀ ਤਾਂ ਕੰਬਦੀ ਹੈ ਪਰ ਸੱਚ ਅਡੋਲ ਖੜ੍ਹਾ ਰਹਿੰਦਾ ਹੈ। ਉਹ ਪਲ, ਜਦੋਂ ਕੁੱਲ ਮਨੁੱਖਤਾ ਝੁਕ ਜਾਂਦੀ ਹੈ, ਪਰ ਇੱਕ ਮਹਾਨ ਆਤਮਾ ਸਥਿਰ ਰਹਿੰਦੀ ਹੈ, ਉਹ ਆਤਮਾ ਸੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਿਨ੍ਹਾਂ ਦਾ ਪ੍ਰਕਾਸ਼ 1 ਅਪ੍ਰੈਲ, 1621 ਨੂੰ ਹੋਇਆ।

ਉਹ ਸ਼ਾਂਤੀ ਦੇ ਸਰੂਪ ਹਨ । ਉਨ੍ਹਾਂ ਦੀ ਨਿਗਾਹ ਅੰਦਰ ਇੱਕ ਅਜਿਹਾ ਆਕਾਸ਼ ਸੀ ਜਿੱਥੇ ਡਰ ਦੀ ਕੋਈ ਪਰਛਾਈ ਨਹੀ ਸੀ। ਉਹ ਗਹਿਰੇ ਜਲ ਵਾਂਗ ਸੰਤੁਲਿਤ ਸਨ, ਬਾਹਰੋਂ ਨਿਰਵਿਕਾਰ ਤੇ ਅੰਦਰੋਂ ਅਸੀਮ ਉਨ੍ਹਾਂ ਦੀ ਬਾਣੀ ਉਹ ਆਤਮਿਕ ਆਵਾਜ਼ ਹੈ ਜੋ ਅਜੇ ਵੀ ਸਮੇਂ ਦੀਆਂ ਹੱਦਾਂ ਚੀਰ ਕੇ ਸਾਨੂੰ ਪੁਕਾਰਦੀ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਜਦੋਂ ਸੰਸਾਰ ਵਿੱਚ ਡਰ ਦਾ ਹਨੇਰਾ ਪਸਰਿਆ ਹੋਇਆ ਸੀ, ਉਹ ਚਾਨਣ ਬਣ ਕੇ ਆਏ। ਜਦੋਂ ਨਫ਼ਰਤ ਦਾ ਬੋਲਬਾਲਾ ਸੀ, ਉਨ੍ਹਾਂ ਨੇ ਪ੍ਰੇਮ ਭਾਵਨਾ ਨਾਲ ਜਵਾਬ ਦਿੱਤਾ। ਜਦੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦੇਸ਼ ਭਰ ਦੇ ਅੰਦਰ ਆਮ ਲੋਕਾਂ ਨੂੰ ਜ਼ਬਰਦਸਤੀ ਇਸਲਾਮ ਧਰਮ ਅਪਣਾਉਣ ਲਈ ਜਬਰ ਜ਼ੁਲਮ ਕੀਤਾ ਤਾਂ ਕਸ਼ਮੀਰੀ ਪੰਡਿਤ ਕੁਰਲਾ ਰਹੇ ਸਨ ਕਿ "ਸਾਡੇ ਧਰਮ ਦੀ ਰੱਖਿਆ ਕਰੋ" ਉਨ੍ਹਾਂ ਦੇ ਹੰਝੂਆਂ ਵਿੱਚ ਗੁਰੂ ਜੀ ਨੇ ਮਨੁੱਖਤਾ ਦੀ ਆਵਾਜ਼ ਸੁਣੀ। ਗੁਰੂ ਜੀ ਨੇ ਨਾ ਤਾਂ ਇਹ ਪੁੱਛਿਆ ਕਿ ਤੁਸੀਂ ਕਿਹੜੀ ਜਾਤ ਦੇ ਹੋ ਅਤੇ ਨਾ ਹੀ ਇਹ ਪੁੱਛਿਆ ਕਿ ਕਿਹੜਾ ਧਰਮ ਰੱਖਦੇ ਹੋ । ਉਹ ਸਿਰਫ਼ ਇਹ ਜਾਣਦੇ ਸਨ ਕਿ ਰੱਬ ਦੀ ਸਭ ਤੋਂ ਵੱਡੀ ਇਬਾਦਤ ਕਿਸੇ ਹੋਰ ਦੀ ਸੁਤੰਤਰਤਾ ਦੀ ਰੱਖਿਆ ਕਰਨਾ ਹੈ। ਇਸ ਬਾਰੇ ਭਾਈ ਰਤਨ ਸਿੰਘ ਭੰਗੂ ਜੀ 'ਸ੍ਰੀ ਗੁਰੂ ਪੰਥ ਪ੍ਰਕਾਸ਼' ਵਿਚ ਲਿਖਦੇ ਹਨ;

ਬਾਂਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ॥

ਗੁਰ ਤੇਗ ਬਹਾਦਰ ਬੋਲਿਆ ਧਰ ਪਯੈ ਧਰਮ ਨ ਤੋੜੀਐ ॥

ਸ੍ਰੀ ਦਸਮ ਗ੍ਰੰਥ 'ਚ 'ਬਚਿੱਤਰ ਨਾਟਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਵਰਨਣ ਕੀਤਾ ਗਿਆ ਹੈ:-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ।। ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤੀ ਜਿਨਿ ਕਰੀ।। ਸੀਸੁ ਦੀਆ ਪਰ ਸੀ ਨ ਉਚਰੀ। 13
ਧਰਮ ਹੇਤ ਸਾਕਾ ਜਿਨਿ ਕੀਆ।। ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ।ਪ੍ਰਭ ਲੋਗਨ ਕਹ ਆਵਤ ਲਾਜਾ।। 14 ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਸੰਸਾਰ ਦਾ ਆਧਾਰ ਤਾਂ ਹਿੱਲਿਆ ਪਰ ਸੱਚ ਦਾ ਥੰਮ੍ਹ ਮਜ਼ਬੂਤ ਹੋ ਗਿਆ। ਉਹ ਦਿੱਲੀ ਵੱਲ ਤੁਰੇ - ਸ਼ਹੀਦੀ ਵੱਲ ਨਹੀਂ, ਅਮਰਤਾ ਵੱਲ। ਕੈਦਖਾਨਿਆਂ ਦੀਆਂ ਜੰਜ਼ੀਰਾਂ ਨੇ ਸਿਰਫ਼ ਉਨ੍ਹਾਂ ਦੇ ਸਰੀਰ ਨੂੰ ਰੋਕਿਆ, ਉਨ੍ਹਾਂ ਦੀ ਆਤਮਾ ਤਾਂ ਪਹਿਲਾਂ ਹੀ ਅਕਾਲ ਪੁਰਖ ਵਿੱਚ ਲੀਨ ਹੋ ਚੁੱਕੀ ਸੀ। ਉਨ੍ਹਾਂ ਦੀਆਂ ਅੱਖਾਂ ਵਿੱਚ ਅਡੋਲਤਾ ਸੀ, ਉਹੀ ਅਡੋਲਤਾ ਜੋ ਸ੍ਰਿਸ਼ਟੀ ਦੇ ਮੂਲ ਵਿੱਚ ਹੈ। ਜਦੋਂ ਉਨ੍ਹਾਂ ਦੇ ਸਾਥੀ ਭਾਈ ਮਤੀ ਦਾਸ ਜੀ ਆਰੇ ਨਾਲ ਚੀਰੇ ਗਏ, ਭਾਈ ਸਤੀ ਦਾਸ ਜੀ ਨੂੰ ਜਿਊਂਦੇ ਰੂੰ ਨਾਲ ਲਪੇਟ ਕੇ ਜਲਾਇਆ ਗਿਆ। ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਨਾਲ ਭਰੇ ਵੱਡੇ ਕੜਾਹੇ ਵਿੱਚ ਡੁਬੋ ਕੇ ਸਿੱਧਾ ਖੜ੍ਹਾ ਕੀਤਾ ਗਿਆ ਤਾਂ ਗੁਰੂ ਜੀ ਦੇ ਚਿਹਰੇ 'ਤੇ ਕੇਵਲ ਚੁੱਪ ਸੀ। ਉਹ ਚੁੱਪ ਜੋ ਅਕਾਲ ਦੀ ਆਵਾਜ਼ ਹੈ ਅਤੇ ਫਿਰ ਆਇਆ ਉਹ ਦਿਨ- 24 ਨਵੰਬਰ, 1675, ਚਾਂਦਨੀ ਚੌਕ ਦੀ ਧਰਤੀ ਕੰਬ ਗਈ। ਹਵਾ ਠਹਿਰ ਜਿਹੀ ਗਈ ਤੇ ਆਕਾਸ਼ ਭੁੱਬਾਂ ਮਾਰ ਮਾਰ ਰੋ ਪਿਆ। ਜਦ ਤਲਵਾਰ ਚਮਕੀ, ਗੁਰੂ ਜੀ ਦੇ ਚਿਹਰੇ 'ਤੇ ਇੱਕ ਅਮਰ ਮੁਸਕਰਾਹਟ ਸੀ ਜੋ ਮੌਤ ਨੂੰ ਵੀ ਹਰਾ ਗਈ। ਤਲਵਾਰ ਦੇ ਵਾਰ ਨਾਲ ਗੁਰੂ ਜੀ ਦਾ ਸੀਸ ਧਰਤੀ ’ਤੇ ਆ ਪਿਆ। ਖ਼ੂਨ ਦਿੱਲੀ ਦੀ ਬੰਜਰ ਧਰਤ ਵਿੱਚ ਜਾਨ ਫੂਕ ਰਿਹਾ ਸੀ ਕਿਉਂਕਿ ਉਸ ਖ਼ੂਨ ਦੀ ਹਰ ਬੂੰਦ 'ਚ ਅਕਾਲ ਦਾ ਜਾਪ ਸੀ। ਉਹ ਬੰਜਰ ਮਿੱਟੀ ਅਜੇ ਵੀ ਸੱਚ ਦਾ ਗੀਤ ਗਾਉਂਦੀ ਹੈ।

ਪਰ ਇਤਿਹਾਸ ਇੱਥੇ ਹੀ ਖਤਮ ਨਹੀਂ ਹੁੰਦਾ, ਇੱਥੇ ਇੱਕ ਨਵਾਂ ਚਾਨਣ ਭਾਈ ਜੈਤਾ ਜੀ ਦੇ ਰੂਪ ਵਿੱਚ ਜਨਮ ਲੈਂਦਾ ਹੈ, ਉਹ ਜਾਣਦੇ ਸਨ ਕਿ ਇਹ ਸੀਸ ਕਿਸੇ ਇਕ ਮਨੁੱਖ ਦਾ ਨਹੀਂ, ਇਹ ਪੂਰਨ ਸੰਸਾਰ ਦਾ ਵਿਵੇਕ ਹੈ। ਇਸ ਦੁਰਗਮ ਕਾਰਜ ਲਈ ਭਾਈ ਜੈਤਾ ਜੀ ਅਤੇ ਉਨ੍ਹਾਂ ਦੇ ਪਿਤਾ ਭਾਈ ਸਦਾ ਨੰਦ ਜੀ ਨੇ ਖੁਦ ਦੀ ਕੁਰਬਾਨੀ ਬਦਲੇ ਜ਼ਿੰਮੇਵਾਰੀ ਲਈ, ਉਸ ਸਮੇਂ ਕਿਸੇ ਵੀ ਸਧਾਰਨ ਵਿਅਕਤੀ ਦੀ ਗੁਰੂ ਜੀ ਦਾ ਪਾਵਨ ਸੀਸ ਉਠਾਉਣ ਦੀ ਹਿੰਮਤ ਨਹੀਂ ਸੀ ਕਿਉਂਕਿ ਦਿੱਲੀ ਵਿੱਚ ਔਰੰਗਜ਼ੇਬ ਦੀ ਹਕੂਮਤ ਵੱਲੋਂ ਬਹੁਤ ਡਰ ਦਾ ਮਾਹੌਲ ਪੈਦਾ ਕੀਤਾ ਗਿਆ ਸੀ। ਭਾਈ ਜੈਤਾ ਜੀ ਇਸ ਮੌਕੇ ਅਡੋਲ ਰਹੇ ਅਤੇ ਮੁਗਲ ਫੌਜ ਨੂੰ ਭੁਲੇਖਾ ਪਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਨੂੰ ਆਪਣੇ ਪਿਤਾ ਭਾਈ ਸਦਾ ਨੰਦ ਜੀ ਦੇ ਸੀਸ ਨਾਲ ਵਟਾ ਕੇ ਚਾਂਦਨੀ ਚੌਂਕ ਦਿੱਲੀ ਤੋਂ ਮਾਖੋਵਾਲ (ਸ੍ਰੀ ਅਨੰਦਪੁਰ ਸਾਹਿਬ) ਵੱਲ ਰਵਾਨਾ ਹੋ ਗਏ ।

ਪੂਰਨ ਰਸਤੇ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਆਪਣੇ ਸੀਨੇ ਨਾਲ ਲਗਾਈ ਰੱਖਿਆ। ਰਾਤਾਂ ਦੇ ਹਨੇਰੇ ਵਿੱਚ ਉਨ੍ਹਾਂ ਦੀਆਂ ਅੱਖਾਂ ਵਿਚ ਸਿਰਫ਼ ਗੁਰੂ ਦਾ ਚਾਨਣ ਸੀ। ਜਿਵੇਂ ਗੁਰੂ ਦਾ ਸੀਸ ਉਹਨਾਂ ਦੇ ਹਿਰਦੇ ਵਿੱਚ ਧੜਕ ਰਿਹਾ ਹੋਵੇ । ਉਨ੍ਹਾਂ ਨੂੰ ਹਰ ਕਦਮ ’ਤੇ ਖਤਰਾ ਸੀ, ਹਰ ਸਾਹ 'ਤੇ ਜਾਨ ਦਾ ਜੋਖਮ ਸੀ। ਪਰ ਭਾਈ ਜੈਤਾ ਜੀ ਦੀ ਰੂਹ ਨਿਡਰ ਸੀ ਕਿਉਂਕਿ ਉਹ ਜਾਣਦੇ ਸਨ, "ਮੇਰਾ ਗੁਰੂ ਮੇਰੇ ਨਾਲ ਹੈ।" ਉਨ੍ਹਾਂ ਦੇ ਪੈਰ ਮਿੱਟੀ 'ਤੇ ਨਹੀਂ, ਧਰਮ ਦੇ ਰਸਤੇ 'ਤੇ ਤੁਰ ਰਹੇ ਸਨ। ਉਹ ਸੇਵਾ ਨਹੀਂ ਕਰ ਰਹੇ ਸਨ, ਉਹ ਆਤਮਾ ਦੀ ਅਰਦਾਸ ਕਰ ਰਹੇ ਸਨ। ਜਦ ਉਹ ਸ੍ਰੀ

ਅਨੰਦਪੁਰ ਸਾਹਿਬ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਆਪਣੇ ਹੱਥਾਂ ਵਿੱਚ ਫੜਿਆ। ਪੁੱਤਰ ਨੇ ਪਿਤਾ ਦੇ ਸੀਸ ਨੂੰ ਨਮਸਕਾਰ ਕੀਤੀ, ਤੇ ਮਨੁੱਖਤਾ ਨੇ ਓਸੇ ਪਲ ਆਪਣਾ ਸਭ ਤੋਂ ਉੱਚਾ ਸਲਾਮ ਦਿੱਤਾ। ਉਸ ਵੇਲੇ ਭਾਈ ਜੈਤਾ ਜੀ ਦੀਆਂ ਅੱਖਾਂ ਵਿੱਚ ਹੰਝੂ ਨਹੀਂ ਸਨ, ਅੱਗ ਸੀ ਸੱਚ ਦੀ ਅੱਗ, ਜੋ ਅਗਾਂਹ ਚੱਲ ਕੇ ਖਾਲਸਾ ਬਣ ਕੇ ਦੁਨੀਆ ਨੂੰ ਰੋਸ਼ਨ ਕਰੇਗੀ। ਗੁਰੂ ਗੋਬਿੰਦ ਰਾਏ ਜੀ ਭਾਈ ਜੈਤਾ ਜੀ ਦੀ ਬੇਮਿਸਾਲ ਕੁਰਬਾਨੀ ਅਤੇ ਸੇਵਾ ਭਾਵ ਨੂੰ ਦੇਖ ਕੇ ਉਨ੍ਹਾਂ ਨੂੰ ਆਪਣੇ ਗੱਲ ਨਾਲ ਲਾ ਕੇ "ਰੰਘਰੇਟੇ ਗੁਰੂ ਕੇ ਬੇਟੇ" ਦੇ ਵਰ ਨਾਲ ਨਿਵਾਜ਼ਦੇ ਹਨ।

ਭਾਈ ਜੈਤਾ ਜੀ ਦੀ ਇਹ ਯਾਤਰਾ ਗੁਰੂ ਨਾਲ ਪਿਆਰ ਸਿਰਫ਼ ਭਾਵ ਨਹੀਂ, ਬਲਕਿ ਪ੍ਰਾਣਾਂ ਦੀ ਭੇਟ ਹੈ। ਗੁਰੂ ਦੀ ਸੇਵਾ ਸ਼ਬਦਾਂ ਨਾਲ ਨਹੀਂ, ਸਿਰ ਦੀ ਬਾਜ਼ੀ ਨਾਲ ਕੀਤੀ ਜਾਂਦੀ ਹੈ। ਉਹ ਇੱਕ ਪੁਲ ਹਨ ਜੋ ਕਿ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਨਾਲ ਜੋੜਦਾ ਹੈ। ਉਨ੍ਹਾਂ ਦਾ ਨਾਮ ਹਰ ਸਿੱਖ ਦੇ ਦਿਲ ਦੀ ਧੜਕਣ ਹੈ, ਜੋ ਕਹਿੰਦੀ ਹੈ ‘‘ਗੁਰੂ ਦੀ ਰਾਹ 'ਤੇ ਮੌਤ ਵੀ ਜੀਵਨ ਹੈ।" ਧਰਮ ਦਾ ਮਤਲਬ ਕੇਵਲ ਪ੍ਰਾਰਥਨਾ ਨਹੀਂ ਪਰ ਕਿਸੇ ਹੋਰ ਦੀ ਪ੍ਰਾਰਥਨਾ ਦੀ ਰੱਖਿਆ ਕਰਨੀ ਵੀ ਹੈ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਜਦੋਂ ਸਰੀਰ ਮਿਟ ਜਾਵੇ, ਪਰ ਸੱਚ ਨਾ ਮਿਟੇ, ਇਹੀ ਵਿਸ਼ਵਾਸ ਹੈ। ਉਹ "ਹਿੰਦ ਦੀ ਚਾਦਰ ਸਿਰਫ਼ ਸਨਮਾਨ ਨਹੀਂ, ਮਨੁੱਖਤਾ ਦੀ ਢਾਲ ਹਨ।’’ਉਹ ਸਾਨੂੰ ਅੰਦਰੋਂ ਮਜ਼ਬੂਤ ਕਰਦੇ ਹਨ, ਸਾਨੂੰ ਦੱਸਦੇ ਹਨ ਕਿ ਸੱਚ ਦੀ ਰਾਹ ਤੇ ਤੁਰਨਾ ਸਭ ਤੋਂ ਵੱਡੀ ਬਹਾਦਰੀ ਹੈ।

ਅੱਜ ਵੀ ਜਦੋਂ ਕੋਈ ਮਾਂ ਆਪਣੇ ਬੱਚੇ ਨੂੰ ਸਚਾਈ ਸਿਖਾਉਂਦੀ ਹੈ, ਜਦੋਂ ਕੋਈ ਮਨੁੱਖ ਕਿਸੇ ਹੋਰ ਦੀ ਰੱਖਿਆ ਲਈ ਖੜ੍ਹਾ ਹੁੰਦਾ ਹੈ, ਜਦੋਂ ਕੋਈ ਨਿਰਬਲ ਦੀ ਆਵਾਜ਼ ਬਣਦਾ ਹੈ, ਉੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਜਿਉਂਦੇ ਹਨ। ਉਨ੍ਹਾਂ ਦੀ ਸ਼ਹੀਦੀ ਕੋਈ ਇਤਿਹਾਸਕ ਘਟਨਾ ਨਹੀਂ, ਉਹ ਮਨੁੱਖੀ ਅੰਤਰ-ਆਤਮਾ ਦਾ ਨਿਰਮਾਣ ਹੈ। ਉਨ੍ਹਾਂ ਦੀ ਜ਼ਿੰਦਗੀ ਇੱਕ ਪ੍ਰਾਰਥਨਾ ਸੀ ਅਤੇ ਉਨ੍ਹਾਂ ਦੀ ਸ਼ਹੀਦੀ ਉਸ ਪ੍ਰਾਰਥਨਾ ਦਾ ਉੱਤਰ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈਣ ਨਾਲ ਹੀ ਮਨ ਸ਼ਾਂਤ ਹੋ ਜਾਂਦਾ ਹੈ। ਉਹ ਨਾਮ ਸੁਣਦਿਆਂ ਅੱਖਾਂ ਵਿੱਚੋਂ ਹੰਝੂ ਨਹੀਂ, ਅਮ੍ਰਿਤ ਝਲਕਦਾ ਹੈ। ਉਹ ਹੰਝੂ ਜੋ ਦਰਦ ਦੇ ਨਹੀਂ, ਸਤਿਕਾਰ ਦੇ ਹੁੰਦੇ ਹਨ। ਉਹ ਹੰਝੂ ਜੋ ਦੱਸਦੇ ਹਨ ਕਿ ਮਨੁੱਖਤਾ ਅਜੇ ਵੀ ਜਿਉਂਦੀ ਹੈ ਕਿਉਂਕਿ ਇੱਕ ਗੁਰੂ ਨੇ ਕਦੇ ਆਪਣਾ ਸੀਸ ਦੇ ਕੇ ਸਾਡੀ ਰੂਹ ਗੰਧਲੀ ਹੋਣੋਂ ਬਚਾਈ ਸੀ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਤੁਸੀਂ ਸਿਰਫ਼ ਸਾਡੇ ਇਤਿਹਾਸ ਨਹੀਂ, ਸਾਡਾ ਅਸਤਿਤਵ ਹੋ। ਜਦ ਤੱਕ ਸਾਹ ਹੈ, ਜਦ ਤੱਕ ਸੱਚ ਹੈ, ਤੁਹਾਡੀ ਜੋਤ ਕਦੇ ਨਹੀਂ ਮਿਟੇਗੀ ਤੇ ਜਦ ਤੱਕ ਇਹ ਜੋਤ ਜਗਦੀ ਰਹੇਗੀ, ਭਾਈ ਜੈਤਾ ਜੀ ਦਾ ਉਹ ਪਵਿੱਤਰ ਸਫਰ ਹਰ ਰੂਹ ਵਿੱਚ ਗੂੰਜੇਗਾ ਕਿਉਂਕਿ ਉਨ੍ਹਾਂ ਨੇ ਗੁਰੂ ਦਾ ਸੀਸ ਨਹੀਂ - ਗੁਰੂ ਦੀ ਜੋਤ ਸੀਨੇ ਲਾਈ ਸੀ ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ)** : ਪ੍ਰਗਟ ਭਏ ਸ੍ਰੀ ਗੁਰੂ ਤੇਗ ਬਹਾਦਰ ਸਗਲ ਸ੍ਰਿਸਟ ਪੈ ਢਾਪੀ ਚਾਦਰ।

ਤਿਆਗ, ਵੈਰਾਗ ਅਤੇ ਅਨੁਰਾਗ ਦੀ ਮੂਰਤ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਪਾਵਨ 350 ਸਾਲਾ ਸ਼ਹੀਦੀ ਗੁਰਪੁਰਬ ਮਿਤੀ 25 ਨਵੰਬਰ, 2025 ਨੂੰ ਸਾਰੀ ਦੁਨੀਆ ਵਿੱਚ ਪੂਰੀ ਸ਼ਰਧਾ ਅਤੇ ਸਤਿਕਾਰ

ਨਾਲ ਮਨਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਗੁਰੂ ਸਾਹਿਬ ਜੀ ਦੇ ਪਿਆਰੇ ਸਿੱਖ ਧੰਨ ਧੰਨ ਭਾਈ ਮਤੀ ਦਾਸ ਜੀ, ਧੰਨ ਧੰਨ ਭਾਈ ਸਤੀ ਦਾਸ ਜੀ, ਧੰਨ ਧੰਨ ਭਾਈ ਦਿਆਲਾ ਜੀ ਦਾ 350 ਸਾਲਾ ਸ਼ਹੀਦੀ ਦਿਵਸ ਵੀ ਮਨਾਇਆ ਜਾ ਰਿਹਾ ਹੈ । ਹਿੰਦੁਸਤਾਨ ਦੀ ਪੱਤ ਬਚਾਉਣ ਲਈ, ਹਿੰਦੁਸਤਾਨ ਦੀ ਆਵਾਮ ਦੀ ਰੱਖਿਆ ਕਰਨ ਲਈ ਇਹ ਸ਼ਹੀਦੀਆਂ ਬਹੁਤ ਹੀ ਅਹਿਮ ਹਨ ।

ਦੁਨੀਆ ਦਾ ਇਤਿਹਾਸ ਦੇਖ ਲਈਏ, ਕੇਵਲ ਤੇ ਕੇਵਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਅਜਿਹੇ ਗੁਰੂ ਹੋਏ ਹਨ ਜਿਨ੍ਹਾਂ ਨੇ ਦੂਜਿਆਂ ਦੀ ਖਾਤਰ ਆਪਣੀ ਸ਼ਹੀਦੀ ਦਿੱਤੀ ਅਤੇ ਸੀਸ ਦਾ ਸਸਕਾਰ ਕਿਤੇ ਹੋਰ ਹੋਇਆ ਤੇ ਧੜ ਦਾ ਸਸਕਾਰ ਕਿਤੇ ਹੋਰ ਹੋਇਆ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਸ਼ਹੀਦੀ ਦਾ ਇੱਕ ਪਹਿਲੂ ਇਹ ਵੀ ਸਾਹਮਣੇ ਆਉਂਦਾ ਹੈ ਕਿ ਸ਼ਹੀਦੀ ਦੇਣ ਵਾਸਤੇ ਖੁਦ ਦਿੱਲੀ ਚੱਲ ਕੇ ਗਏ । ਇਹ ਦਰਸਾ ਦਿੱਤਾ ਕਿ ਸ਼ਰਨ ਆਏ ਦੀ ਲਾਜ ਰੱਖਣ ਲਈ, ਸ਼ਰਨ ਆਏ ਦੀ ਬਾਂਹ ਫੜ੍ਹਨ ਲਈ ਜੇ ਕਿਤੇ ਆਪਣੇ ਸਰੀਰ ਦੀ ਵੀ ਕੁਰਬਾਨੀ ਦੇਣੀ ਪਵੇ ਤੇ ਕੋਈ ਵੱਡੀ ਗੱਲ ਨਹੀਂ ।

ਬਾਂਹਿ ਜਿਨਾ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ।
ਗੁਰ ਤੇਗ ਬਹਾਦਰ ਬੋਲਿਆ ਧਰ ਪਯੈ ਧਰਮ ਨ ਤੋੜੀਐ ।

ਜਿਸ ਦੀ ਬਾਂਹ ਫੜ੍ਹ ਲਈ, ਉਸ ਦੀ ਰਾਖੀ ਆਪਣੇ ਸਰੀਰ ਦੇ ਅਖੀਰਲੇ ਸਵਾਸ ਤੱਕ ਕਰਨੀ ਹੈ । ਇਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫ਼ਲਸਫ਼ਾ ਹੈ । ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਆਪਣੀ ਪਾਵਨ ਬਾਣੀ ਵਿੱਚ ਇਹ ਲਿਖ ਦਿੱਤਾ ਕਿ ਮੇਰੇ ਪਿਤਾ ਧੰਨ ਧੰਨ  ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਪਰਉਪਕਾਰਤਾ ਦੀ ਹੱਦ ਕਰ ਦਿੱਤੀ ਤੇ ਉਨ੍ਹਾਂ ਦੀ ਇਸ ਪਰਉਪਕਾਰਤਾ ਕਰਨ ਭਾਵੇਂ ਇਸ ਜਗਤ ਵਿੱਚ ਸੋਕ ਪੈਦਾ ਹੋ ਗਿਆ ਪਰ ਅਕਾਲ ਪੁਰਖ ਦੇ ਘਰ ਗੁਰੂ ਸਾਹਿਬ ਦੀ ਜੈ ਜੈਕਾਰ ਹੋਈ।

ਠੀਕਰਿ ਫੋਰਿ ਦਿਲੀਸ ਸਿਰ ਪ੍ਰਭਪੁਰ ਕੀਯਾ ਪਯਾਨ ।
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਜ ਦੇ ਜੀਵਨ ਦਾ ਇੱਕ ਪਹਿਲੂ ਇਹ ਸਾਹਮਣੇ ਆਉਂਦਾ ਹੈ ਕਿ ਗੁਰੂ ਸਾਹਿਬ ਕਿਸੇ ਦੂਜੇ ਦਾ ਦਰਦ ਨਹੀਂ ਸਨ ਦੇਖ ਸਕਦੇ । ਚਾਰ ਸਾਲ ਦੀ ਬਾਲ ਅਵਸਥਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਅਤੇ ਵੱਡੇ ਭਰਾਤਾ ਬਾਬਾ ਗੁਰਦਿੱਤਾ ਜੀ ਦਾ ਵਿਆਹ ਸੀ। ਬਰਾਤ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਬਜ਼ਾਰਾਂ ਵਿੱਚੋਂ ਲੰਘ ਰਹੀ ਸੀ । ਧੰਨ ਧੰਨ  ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਮਾਤਾ ਧੰਨ ਧੰਨ ਮਾਤਾ ਨਾਨਕੀ ਜੀ ਨੇ ਬਹੁਤ ਸੁੰਦਰ ਪੋਸ਼ਾਕ ਵਿਆਹ ਵਾਸਤੇ ਸਿਲਾ ਕੇ ਦਿੱਤੀ ਤੇ ਇਹ ਪੋਸ਼ਾਕ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਪਹਿਨੀ ਹੋਈ ਸੀ । ਬਰਾਤ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਬਜ਼ਾਰਾਂ ਵਿੱਚੋਂ

ਲੰਘਦਿਆਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਦੇਖਿਆ ਕਿ ਇੱਕ ਬੱਚਾ ਜਿਸ ਦੇ ਤਨ ਤੇ ਕੋਈ ਕੱਪੜਾ ਨਹੀਂ ਤੇ ਗੁਰੂ ਸਾਹਿਬ ਜੀ ਦੀ ਚਾਰ ਸਾਲ ਦੀ ਬਾਲ ਅਵਸਥਾ ਦੀ ਉਮਰ ਤੇ ਮਨ ਪਸੀਜ ਗਿਆ । ਉਸ ਬੱਚੇ ਨੂੰ ਪੁੱਛਿਆ ਕਿ ਤੇਰੇ ਤਨ ਤੇ ਕੋਈ ਕੱਪੜਾ ਨਹੀਂ । ਬੱਚਾ ਕਹਿਣ ਲੱਗਾ ਕਿ ਇੰਨੀ ਸਮਰੱਥਾ ਨਹੀਂ ਕਿ ਮੇਰੇ ਮਾਤਾ ਪਿਤਾ ਮੈਨੂੰ ਬਸਤਰ ਲੈ ਕੇ ਦੇਣ । ਇੰਨਾ ਨਿਰਮਲ ਹਿਰਦਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ, ਆਪਣੇ ਤਨ ਤੋਂ ਸੁੰਦਰ ਪੋਸ਼ਾਕ ਉਤਾਰੀ ਤੇ ਉਸ ਬੱਚੇ ਨੂੰ ਦੇ ਦਿੱਤੀ । ਇੱਕ ਚਾਰ ਸਾਲ ਦੀ ਉਮਰ ਵਿੱਚ ਕਿਸੇ ਦਾ ਤਨ ਨੰਗਾ ਦੇਖਿਆ ਤੇ ਆਪਣੀ ਪੋਸ਼ਾਕ ਉਤਾਰ ਕੇ ਉਸ ਬੱਚੇ ਦਾ ਤਨ ਕੱਜ ਦਿੱਤਾ ਤੇ ਜਦੋਂ ਹਿੰਦੁਸਤਾਨ ਦੀ ਪੱਤ ਖਤਰੇ ਵਿੱਚ ਪਈ ਤੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਪਣਾ ਸਰੀਰ ਦੇ ਕੇ ਹਿੰਦੁਸਤਾਨ ਦੀ ਪੱਤ ਕੱਜ ਲਈ। ਐਸੇ ਦੀਨ ਦਿਆਲ ਪਿਤਾ, ਐਸੇ ਕਿਰਪਾਲੂ ਪਿਤਾ, ਐਸੇ ਕੋਮਲ ਹਿਰਦੇ ਦੇ ਪਿਤਾ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪਾਵਨ ਸ਼ਹੀਦੀ ਗੁਰਪੁਰਬ ਦੀ 350 ਸਾਲਾ ਸ਼ਤਾਬਦੀ ਮਨਾਈ ਜਾ ਰਹੀ ਹੈ ਤੇ ਨਾਲ ਨਾਲ ਗੁਰੂ ਸਾਹਿਬ ਦੇ ਪਿਆਰੇ ਗੁਰਸਿੱਖਾਂ ਜਿਨ੍ਹਾਂ ਨੇ ਆਪਣੇ ਪਿਤਾ ਗੁਰੂ ਵਾਸਤੇ ਮਹਾਨ ਸ਼ਹੀਦੀਆਂ ਦਿੱਤੀਆਂ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦਿੱਤਾ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਲਪੇਟ ਕੇ ਅਗਨ ਭੇਟ ਕਰ ਦਿੱਤਾ ਗਿਆ, ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ ਗਿਆ। ਦਿੱਲੀ ਦਾ ਚਾਂਦਨੀ ਚੌਂਕ ਇਹ ਸਾਰੇ ਸ਼ਹੀਦੀ ਸਾਕਿਆਂ ਦੀ ਅੱਜ ਵੀ ਗਵਾਹੀ ਭਰ ਰਿਹਾ ਹੈ।

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਇਸ ਸ਼ਹੀਦੀ ਗੁਰਪੁਰਬ ਸ਼ਤਾਬਦੀ ਦੇ ਨਾਲ ਨਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਵੀ 350 ਸਾਲਾ ਪਾਵਨ ਗੁਰਿਆਈ ਗੁਰਪੁਰਬ ਵੀ 23 ਨਵੰਬਰ, 2025 ਨੂੰ ਮਨਾਇਆ ਗਿਆ ਹੈ।

ਆਉ ਇਨ੍ਹਾਂ ਸਾਰੀਆਂ ਸ਼ਤਾਬਦੀਆਂ ਤੇ ਅਜਿਹੇ ਮਹਾਨ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਪਿਆਰੇ ਗੁਰਸਿੱਖਾਂ ਦੇ ਚਰਨਾਂ ਵਿੱਚ ਆਪਣਾ ਸੀਸ ਨਿਵਾਈਏ ਤੇ ਉਨ੍ਹਾਂ ਦੇ ਚਰਨਾਂ ਵਿੱਚ ਨਤਮਸਤਕ ਹੁੰਦਿਆਂ ਅਰਦਾਸ ਕਰੀਏ ਕਿ ਹੇ ਕਿਰਪਾਲੂ ਪਿਤਾ, ਕਿਰਪਾ ਕਰਨੀ ਸਾਡੇ ਸਿਰ ਤੇ ਵੀ ਮਿਹਰ ਭਰਿਆ ਹੱਥ ਰੱਖ ਕੇ ਸਾਨੂੰ ਇਹ ਜੀਵਨ ਜਿਊਣ ਦੀ ਸੋਝੀ ਬਖਸ਼ਸ਼ ਕਰਨਾ ਤਾਂ ਕਿ ਸਾਡਾ ਇਸ ਦੁਨੀਆਂ ਤੇ ਆਇਆ ਹੋਇਆ ਸਫਲਾ ਹੋ ਸਕੇ ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ) :** " ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ॥'

ਸ੍ਰੀ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ"।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ 01 ਅਪ੍ਰੈਲ 1621 ਈਸਵੀ ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ, ਪਿਤਾ ਹਰਗੋਬਿੰਦ ਜੀ ਦੇ ਪੰਜ ਪੁੱਤਰਾਂ ਵਿੱਚੋਂ ਆਪ ਸਭ ਤੋਂ ਛੋਟੇ ਸਨ, ਡਾਕਟਰ ਤਰਲੋਚਨ ਸਿੰਘ ਦੇ ਕਥਨ ਅਨੁਸਾਰ, " ਉਨ੍ਹਾਂ ਨੇ ਕਈ ਭਾਸ਼ਾਵਾਂ ਇਤਿਹਾਸ ਅਤੇ ਗਣਿਤ ਤੋਂ ਇਲਾਵਾ ਤਰਕ ਸ਼ਸਤਰ, ਤੱਤ ਗਿਆਨ, ਦਰਸ਼ਨ ਸ਼ਸਤਰ ਭਗਵਤ ਗੀਤਾ, ਰਮਾਇਣ, ਮਹਾਂਭਾਰਤ, ਕੁਰਾਨ ਅਤੇ ਸੂਫੀ ਮੱਤ ਦੀਆਂ ਪੁਸਤਕਾਂ ਦਾ ਵੀ ਗਿਆਨ ਪ੍ਰਾਪਤ ਕਰ ਲਿਆ ਸੀ। ਉਨ੍ਹਾਂ ਨੇ ਘੋੜ ਸਵਾਰੀ ਕਰਨ ਅਤੇ ਸ਼ਸਤਰੀ ਵਿੱਦਿਆ ਵੀ ਪ੍ਰਾਪਤ ਕੀਤੀ।"

ਕਰਤਾਰਪੁਰ ਦੀ ਜੰਗ ਵਿੱਚ ਅਜਿਹੀ ਤੇਗ ਚਲਾਈ, ਗੁਰੂ ਹਰਗੋਬਿੰਦ ਜੀ ਨੇ ਤਿਆਗ ਮੱਲ ਦਾ ਨਾਮ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ । ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰੂ ਹਰਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਬਾਅਦ ਮਾਤਾ ਨਾਨਕੀ ਅਤੇ ਆਪਣੀ ਧਰਮ ਪਤਨੀ ਗੁਜਰੀ ਸਮੇਤ ਬਾਬਾ ਬਕਾਲਾ ਆ ਕੇ ਰਹਿਣ ਲੱਗ ਪਏ । ਬਾਬਾ ਬਕਾਲਾ ਆਪ ਜੀ ਦਾ ਨਾਨਕਾ ਪਿੰਡ ਸੀ ਆਪ ਲਗਾਤਾਰ ਨਾਮ ਬਾਣੀ ਅਤੇ ਤਪੱਸਿਆ ਵਿੱਚ ਜੁੜੇ ਰਹਿੰਦੇ ਤੇ ਆਪ ਵੈਰਾਗ ਦੀ ਮੂਰਤ ਬਣ ਰਹੇ ਸਨ। ਜਦ ਵੀ ਕੋਈ ਉਪਦੇਸ਼ ਮੰਗਦਾ ਆਪ ਇਹੋ ਕਹਿੰਦੇ:

ਘਾਲਿ ਖਾਇ ਕਿਛੁ ਹਥਹੁ ਦੇਇ ।।
ਨਾਨਕ ਰਾਹੁ ਪਛਾਣਹਿ ਸੇਇ।।

ਜਦੋਂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਦੇਖ ਲਿਆ ਕਿ ਸਿੱਖਾਂ ਦੀ ਅਗਵਾਈ ਕੌਣ ਕਰ ਸਕਦਾ ਤਾਂ ਉਹ ਜਾਣਦੇ ਸਨ ਕਿ ਰਾਮਰਾਏ ਅਤੇ ਧੀਰਮਲ ਦੇ ਝਗੜੇ ਅਤੇ ਲਾਲਚ ਕਾਰਨ ਉਹ ਅਗਵਾਈ ਕਰਨ ਦੇ ਯੋਗ ਨਹੀਂ ਜਿਸ ਕਾਰਨ ਗੁਰੂ ਜੀ ਨੇ ਆਖਰੀ ਸਮੇਂ ਅਗਲੇ ਗੁਰੂ 'ਬਾਬਾ ਬਕਾਲਾ ਵਿੱਚ ਕਿਹਾ। ਮੱਖਣ ਸ਼ਾਹ ਲੁਬਾਣਾ ਨੇ 22 ਗੱਦੀ ਉੱਪਰ ਬੈਠੇ ਝੂਠੇ ਗੁਰੂਆਂ ਦਾ ਪਰਦਾਫਾਸ ਕਰਕੇ ਸੱਚੇ ਗੁਰੂ ਨੂੰ ਲੱਭਿਆ ਅਤੇ ਹੋਕਾ ਦਿੱਤਾ:

"ਗੁਰੂ ਲਾਧੋ ਰੇ, ਗੁਰੂ ਲਾਧੋ ਰੇ"

ਗੁਰੂ ਜੀ ਨੇ ਲੋਕਾਂ ਨੂੰ ਕਰਮ ਕਾਂਡਾਂ ਵਿੱਚੋਂ ਬਾਹਰ ਕੱਢਣ ਲਈ ਯਾਤਰਾਵਾਂ ਸ਼ੁਰੂ ਕੀਤੀਆਂ ਜਿਸ ਵਾਰੇ ਬੀ.ਐਸ. ਅਨੰਦ ਲਿਖਦਾ ਹੈ, "ਗੁਰੂ ਸਾਹਿਬ ਦੀ ਯਾਤਰਾ ਮਾਰੂਥਲ ਵਿੱਚ ਅਚਾਨਕ ਫੁੱਟ ਪੈਣ ਵਾਲੇ ਤਾਜੇ ਪਾਣੀ ਦੇ ਚਸ਼ਮੇ ਦੀ ਤਰ੍ਹਾਂ ਸੀ ।"

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰੀ ਅੰਮ੍ਰਿਤਸਰ ਗਏ, ਉਥੋਂ ਦਾ ਪ੍ਰਬੰਧ ਹਰਿ ਜੀ ਕੋਲ ਸੀ, ਉਸਨੂੰ ਡਰ ਪੈ ਗਿਆ ਕਿ ਕਿਤੇ ਤੇਗ ਬਹਾਦਰ ਇੱਥੇ ਹੀ ਨਾ ਟਿਕ ਜਾਵੇ ਇਸ ਕਾਰਨ ਦਰਬਾਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਪਰ ਸ੍ਰੀ ਅੰਮ੍ਰਿਤਸਰ ਸਾਰੀ ਸੰਗਤ ਗੁਰੂ ਦੇ ਦਰਸ਼ਨ ਕਰਨ ਲਈ ਹੁੰਮ-ਹੁੰਮਾ ਕੇ ਪਹੁੰਚੀ, ਉਥੋਂ ਦੀਆਂ ਬੀਬੀਆਂ ਨੇ ਗੁਰੂ ਜੀ ਦੀ ਰੱਜ ਕੇ ਸੇਵਾ ਕੀਤੀ। ਗੁਰੂ ਜੀ ਨੇ ਖੁਸ਼ ਹੋ ਕੇ ਪੂਰੀ ਦੁਨੀਆ ਦੀਆਂ ਔਰਤਾਂ ਨੂੰ ਅਸ਼ੀਰਵਾਦ ਦਿੱਤਾ,

"ਮਾਈਆ ਰੱਬ ਰਜਾਈਆਂ ਭਗਤੀ ਲਾਈਆਂ''

ਉਸ ਤੋਂ ਬਾਅਦ ਗੁਰੂ ਜੀ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਤਰਨ ਤਾਰਨ ਸਾਹਿਬ ਆਦਿ ਹੁੰਦੇ ਹੋਏ ਸ੍ਰੀ ਕੀਰਤਪੁਰ ਅਤੇ ਬਿਲਾਸਪੁਰ ਪਹੁੰਚੇ। ਗੁਰੂ ਜੀ ਇੱਕ ਇਕਾਂਤ ਥਾਂ ’ਤੇ ਰਹਿਣਾ ਚਾਹੁੰਦੇ ਸਨ। ਇਸ ਕਾਰਨ ਉਨ੍ਹਾਂ ਨੇ ਸ੍ਰੀ ਕੀਰਤਪੁਰ ਦੇ ਨੇੜੇ ਮਾਖੋਵਾਲ ਪਿੰਡ ਦੀ ਚੋਣ ਕੀਤੀ।

ਉਧਰ ਔਰੰਗਜ਼ੇਬ ਦਾ ਤੁਅੱਸਬ ਕਈ ਪੱਕਿਆਂ ਧਰਮੀਆਂ ਨੂੰ ਡੁਲਾ ਰਿਹਾ ਸੀ। ਉਹ ਇਸਲਾਮ ਦਾ ਰਾਖਾ ਬਣ ਮੁਸਲਮਾਨਾਂ ਨੂੰ ਆਪਣੇ ਵੱਲ ਕਰਨਾ ਚਾਹੁੰਦਾ ਸੀ। ਇਸ ਲਈ ਉਸਨੇ ਨਵੇਂ ਮੰਦਰ ਨਾ ਬਣਾਉਣ, ਪੁਰਾਣਿਆਂ ਦੀ ਮੁਰੰਮਤ ਨਾ ਕਰਨ, ਉੜੀਸਾ ਤੇ ਬਿਹਾਰ ਵਿੱਚ ਮੰਦਰ ਗਿਰਾਉਣ ਦਾ ਹੁਕਮ ਦੇ ਦਿੱਤਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਮਾਲਵਾ ਤੇ ਬਾਂਗਰ ਦੇ ਇਲਾਕੇ ਵਿੱਚ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਬੜੇ ਜ਼ੋਰ ਸ਼ੋਰ ਨਾਲ ਪ੍ਰਚਾਰ ਕਰ ਰਹੇ ਸਨ, ਕਿਉਂਕਿ ਬਾਂਗਰ ਵਿੱਚ ਕਾਲ ਪੈਣ ਕਾਰਨ ਲੋਕ ਵਹਿਮਾ ਭਰਮਾਂ ਵਿੱਚ ਫਸੇ ਹੋਏ ਸੀ। ਤੰਬਾਕੂ ਅਤੇ ਸਿਗਰਟ ਵੀ ਵੱਡੀ ਮਾਤਰਾ ਵਿੱਚ ਲੋਕ ਵਰਤਦੇ ਸੀ। ਗੁਰੂ ਜੀ ਨੇ ਬਹਾਦਰਗੜ੍ਹ ਦੇ ਨੇੜੇ ਸੈਫਦੀਨ ਨਾਲ ਮਿਲ ਕੇ ਲੋਕਾਂ ਨੂੰ ਚੰਗੇ ਰਸਤੇ ਦਿਖਾਉਣ ਲਈ ਜ਼ੋਰਦਾਰ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਪਰ ਔਰੰਗਜ਼ੇਬ ਕੋਲ ਕਈ ਲੋਕਾਂ ਨੇ ਗੁਰੂ ਜੀ ਤੇ ਸੈਫਦੀਨ ਦੀ ਦੋਸਤੀ ਨੂੰ ਭਵਿੱਖ ਦਾ ਖਤਰਾ ਸਮਝਦੇ ਹੋਏ ਵਧਾ ਚੜ੍ਹਾ ਕੇ ਰਿਪੋਰਟ ਪੇਸ਼ ਕੀਤੀ। ਔਰੰਗਜ਼ੇਬ ਨੇ ਇਨ੍ਹਾਂ ਰਿਪੋਰਟਾਂ ਨੂੰ ਸੱਚ ਮੰਨ ਕੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਚਾੜ ਦਿੱਤਾ। ਪਰ ਰਾਜਪੂਤ ਰਾਜਾ ਰਾਮ ਸਿੰਘ ਔਰੰਗਜ਼ੇਬ ਦੇ ਜ਼ੁਲਮ ਤੋਂ ਬਚਾਉਣ ਖਾਤਰ ਗੁਰੂ ਜੀ ਨੂੰ ਪੂਰਬ ਦੀ ਚੜ੍ਹਾਈ ਸਮੇਂ ਆਪਣੇ ਨਾਲ ਲੈ ਗਿਆ ਗੁਰੂ ਜੀ ਰਸਤੇ ਵਿੱਚ ਲੋਕਾਂ ਨੂੰ ਕਰਮਕਾਂਡਾਂ ਤੋਂ ਜਾਣੂੰ ਕਰਵਾਉਂਦੇ ਬਿਹਾਰ ਤੱਕ ਪਹੁੰਚ ਗਏ। ਉਨ੍ਹਾਂ ਆਪਣੀ ਧਰਮ ਪਤਨੀ ਮਾਤਾ ਗੁਜਰੀ ਜੀ ਨੂੰ ਪਟਨਾ ਹੀ ਛੱਡ ਦਿੱਤਾ ਅੱਗੋਂ ਆਪ ਰਾਜਾ ਰਾਮ ਸਿੰਘ ਨਾਲ ਮੁਹਿੰਮ ਦਾ ਹਿੱਸਾ ਬਣੇ ਰਹੇ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਢਾਕਾ ਵਿਖੇ ਸਨ ਤਾਂ ਉੱਥੇ ਹੀ ਬਾਲ ਗੋਬਿੰਦ ਰਾਏ ਜੀ ਦੇ ਜਨਮ ਦੀ ਖ਼ਬਰ ਕਲਿਆਣ ਚੰਦ ਨੇ ਗੁਰੂ ਜੀ ਨੂੰ ਜਾ ਕੇ ਦਿੱਤੀ। ਅਸਾਮ ਦੀ ਮੁਹਿੰਮ ਨੂੰ ਵਿੱਚੇ ਛੱਡ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਧਾ ਪੰਜਾਬ ਪਹੁੰਚ ਗਏ, ਕਿਉਂਕਿ ਵਿੱਚ ਵਿੱਚ ਗੁਰੂ ਜੀ ਕੋਲ ਔਰੰਗਜ਼ੇਬ ਦੇ ਜ਼ੁਲਮ ਦੀਆਂ ਖਬਰਾਂ ਪਹੁੰਚ ਰਹੀਆਂ ਸਨ। ਕਸ਼ਮੀਰੀ ਪੰਡਿਤਾਂ ਨੂੰ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਅਨੰਦਪੁਰ ਸਾਹਿਬ ਪਹੁੰਚਣ ਦੀ ਖਬਰ ਮਿਲੀ ਉਹ ਆਪਣੀ ਫਰਿਆਦ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਪਹੁੰਚ ਗਏ। ਗੁਰੂ ਜੀ ਨੇ ਪਟਨਾ ਸਾਹਿਬ ਤੋਂ ਉਸ ਸਮੇਂ ਤੱਕ ਮਾਤਾ ਗੁਜਰੀ ਤੇ ਬਾਲ ਗੋਬਿੰਦ ਰਾਏ ਜੀ ਨੂੰ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦ ਲਿਆ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤ ਕਿਰਪਾ ਰਾਮ ਨੂੰ ਆਖ ਦਿੱਤਾ, ਕਿਸੇ ਵੱਡੀ ਕੁਰਬਾਨੀ ਦੀ ਲੋੜ ਹੈ। ਉਸ ਸਮੇਂ ਬਾਲ ਗੋਬਿੰਦ ਨੇ ਹੱਸ ਕੇ ਗੁਰੂ ਜੀ ਨੂੰ ਦਿੱਲੀ ਜਾਣ ਦੀ ਆਗਿਆ ਦੇ ਦਿੱਤੀ -

"ਤਬ ਸਤਿਗੁਰ ਇਵ ਮਨ ਠਹਿਰਾਈ।

ਬਿਨ ਸਿਰ ਦੀਏ ਜਗਤ ਦੁਖ ਪਾਈ। "

ਗੁਰੂ ਜੀ 11 ਨਵੰਬਰ, 1675 ਨੂੰ ਚਾਂਦਨੀ ਚੌਂਕ ਦਿੱਲੀ ਵਿੱਚ ਭਾਈ ਦਿਆਲਾ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਸਮੇਤ ਸ਼ਹੀਦ ਕਰ ਦਿੱਤਾ ਗਿਆ। ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਨੇ ਠੀਕ ਕਿਹਾ ਹੈ, " ਔਰਗੰਜੇਬ ਸਿੱਖਾਂ ਨੂੰ ਇੱਕ ਕੌਮ ਵਜੋਂ ਵੱਧਣ ਫੁੱਲਣ ਤੋਂ ਰੋਕਣਾ ਚਾਹੁੰਦਾ ਸੀ। ਅਜਿਹੀ ਨੀਤੀ ਉਸ ਦੇ ਬਾਬੇ ਜਹਾਂਗੀਰ ਨੇ ਸ਼ੁਰੂ ਕਰ ਦਿੱਤੀ ਸੀ।"

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।। ਕੀਨੋ ਬਡੋ ਕਲੂ ਮਹਿ ਸਾਕਾ।।

ਆਪ ਨੇ ਬਾਣੀ ਦੀ ਰਚਨਾ ਵੀ ਕੀਤੀ ਗੁਰੂ ਜੀ ਦੇ 59 ਪਦੇ ਅਤੇ 57 ਸਲੋਕ, 1706 ਵਿੱਚ ਸ੍ਰੀ ਦਮਦਮਾ ਸਾਹਿਬ ਵਿਖੇ ਆਦਿ ਗ੍ਰੰਥ ਵਿੱਚ ਸ਼ਾਮਿਲ ਕੀਤੇ ਗਏ।

ਗੁਰੂ ਗੋਬਿੰਦ ਸਿੰਘ ਜੀ ' ਬਚਿੱਤਰ ਨਾਟਕ' ਵਿੱਚ ਸਪੱਸ਼ਟ ਲਿਖਿਆ ਹੈ, " ਮੇਰੇ ਪਿਤਾ ਜੀ ਨੇ ਤਿਲਕ ਅਤੇ ਜੰਞੂ ਦੀ ਰਾਖੀ ਲਈ ਬਲੀਦਾਨ ਦਿੱਤਾ। "

‘‘ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੁਭਵ ਕੀਤਾ ਜਾਣ ਲੱਗਾ ਕਿ ਸਿੱਖਾਂ ਦਾ ਸੁਦ੍ਰਿੜ ਸੰਗਠਨ ਬਹੁਤ ਜ਼ਰੂਰੀ ਹੈ।"

**ਸਰਦਾਰ ਕੁਲਵੰਤ ਸਿੰਘ (ਐਸ.ਏ.ਐਸ.ਨਗਰ)** : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਭਾਸ਼ਣ ਲਈ ਮੌਕਾ ਦੇਣ ਲਈ ਧੰਨਵਾਦ ਜੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ, ਬਾਣੀ ਅਤੇ ਲਾਸਾਨੀ ਕੁਰਬਾਨੀ ਮਨੁੱਖਤਾ ਲਈ ਇੱਕ ਮਹਾਨ ਪ੍ਰੇਰਣਾ ਸ੍ਰੋਤ ਹੈ। ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਵਜੋਂ ਇਸ ਲਈ ਯਾਦ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਨਾ ਸਿਰਫ਼ ਸਿੱਖ ਧਰਮ, ਸਗੋਂ ਸਮੁੱਚੇ ਮਨੁੱਖੀ ਹੱਕ ਅਤੇ ਧਾਰਮਿਕ ਅਜ਼ਾਦੀ ਦੀ ਰਾਖੀ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ ਅਤੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ ਅਤੇ ਅਸਾਮ ਤੱਕ ਦਾ ਸਫ਼ਰ ਕਰਦੇ ਹੋਏ ਲੋਕਾਂ ਨੂੰ ਸੱਚ ਦਾ ਮਾਰਗ ਦਿਖਾਇਆ ਅਤੇ ਏਕਤਾ ਦਾ ਸੰਦੇਸ਼ ਦਿੱਤਾ।

ਉਨ੍ਹਾਂ ਦੀ ਕੁਰਬਾਨੀ ਸਾਨੂੰ ਨਿਰਭੈਤਾ, ਸੰਤੁਲਨ ਅਤੇ ਪ੍ਰਮਾਤਮਾ ਨਾਲ ਜੁੜਨ ਦਾ ਉਪਦੇਸ਼ ਦਿੰਦੀ ਹੈ। ਉਨ੍ਹਾਂ ਦੀ ਕੁਰਬਾਨੀ ਸਾਨੂੰ ਸਿਖਾਉਂਦੀ ਹੈ ਕਿ ਧਰਮ ਸਿਰਫ਼ ਆਪਣੇ ਲਈ ਹੀ ਨਹੀਂ, ਬਲਕਿ ਸਮੁੱਚੀ ਮਾਨਵਤਾ ਦੇ ਹੱਕਾਂ ਅਤੇ ਅਜ਼ਾਦੀ ਲਈ ਲੜਨਾ ਹੈ। ਨਿਡਰਤਾ ਅਤੇ ਦ੍ਰਿੜਤਾ ਦੀ ਮਿਸਾਲ ਬਣਦੇ ਹੋਏ ਉਨ੍ਹਾਂ ਨੇ ਜ਼ਾਲਮ ਮੁਗਲ ਹਾਕਮ ਔਰੰਗਜ਼ੇਬ ਦੇ ਸਾਹਮਣੇ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਅਡੋਲ ਰਹੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਸਵੈ-ਮਾਣ ਅਤੇ ਸਿਦਕ ਦੇ ਪ੍ਰੇਰਣਾ ਸ੍ਰੋਤ ਹਨ ਕਿਉਂਕਿ ਉਨ੍ਹਾਂ ਨੇ ਜ਼ਾਲਮ ਮੁਗਲ ਹਾਕਮ ਔਰੰਗਜ਼ੇਬ ਦੇ ਤਸੀਹੇ ਸਹਿਣ ਕੀਤੇ ਪਰ ਆਪਣੇ ਸਿਧਾਂਤਾ ਅਤੇ ਵਿਸ਼ਵਾਸ਼ ਨੂੰ ਨਹੀਂ ਛੱਡਿਆ ਜੋ ਸਾਨੂੰ ਸਵੈ-ਮਾਣ ਨਾਲ ਜਿਊਣ ਅਤੇ ਆਪਣੇ ਅਸੂਲਾਂ ਤੇ ਦ੍ਰਿੜ ਰਹਿਣ ਲਈ ਪ੍ਰੇਰਿਤ ਕਰਦਾ ਹੈ। ਗੁਰੂ ਜੀ ਮੋਹ ਮਾਇਆ ਤੋਂ ਨਿਰਲੇਪਤ ਰਹਿੰਦੇ ਸਨ ਅਤੇ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕ ਭਲਾਈ ਅਤੇ ਪ੍ਰਮਾਤਮਾ ਦੇ ਸਿਮਰਨ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਵੱਲੋਂ ਸਮਾਨਤਾ ਅਤੇ ਨਿਆਂ ਦਾ ਸੰਦੇਸ਼ ਦਿੰਦੇ ਹੋਏ ਜਾਤ ਪਾਤ ਦੇ ਭੇਦ-ਭਾਵ ਅਤੇ ਵਹਿਮਾਂ-ਭਰਮਾਂ ਵਿਰੁੱਧ ਅਵਾਜ਼ ਚੁੱਕੀ ਗਈ ਅਤੇ ਸਾਰਿਆਂ ਲਈ ਇੱਕ ਸਮਾਨਤਾ ਦਾ ਸੰਦੇਸ਼ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਹਰ ਇੱਕ ਮਨੁੱਖ ਲਈ ਪ੍ਰੇਰਣਾ ਸ੍ਰੋਤ ਹੈ ਕਿਉਂਕਿ ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸਾਨੂੰ ਸਵਾਰਥ ਨੂੰ ਛੱਡ ਕੇ ਮਾਨਵਤਾ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਮਨੁੱਖੀ ਜੀਵਨ ਨੂੰ ਨਿਡਰਤਾ ਅਤੇ ਦ੍ਰਿੜਤਾ ਨਾਲ ਜਿਊਣਾ ਚਾਹੀਦਾ ਹੈ, ਜਾਤ ਪਾਤ ਦੇ ਭੇਦ-ਭਾਵ ਅਤੇ ਵਹਿਮਾਂ ਭਰਮਾਂ ਵਿਰੁੱਧ ਅਵਾਜ਼ ਉਠਾਉਣੀ ਚਾਹੀਦੀ ਹੈ ਅਤੇ ਦੁਨੀਆਵੀ ਅਤੇ ਭੂਗੋਲਿਕ ਚੀਜ਼ਾਂ ਦਾ ਤਿਆਗ ਕਰਕੇ ਆਪਣਾ ਜੀਵਨ ਲੋਕ ਭਲਾਈ ਅਤੇ ਪ੍ਰਮਾਤਮਾ ਦੇ ਸਿਮਰਨ ਲਈ ਸਮਰਪਤ ਕਰਨਾ ਚਾਹੀਦਾ ਹੈ।

ਮੈਂ ਸਮਝਦਾ ਹਾਂ ਕਿ ਅੱਜ ਦੇ ਅਜੋਕੇ ਯੁੱਗ ਵਿੱਚ ਜਿੱਥੇ ਲੋਕ ਧਰਮ, ਜਾਤ, ਰੰਗ ਭੇਦ ਭਾਵ ਦੇ ਅਧਾਰ ਤੇ ਵੰਡੇ ਹੋਏ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰੇਰਿਤ ਹੋ ਕੇ ਇਨ੍ਹਾਂ ਅਤੇ ਹੋਰ ਬੁਰਾਈਆਂ ਤੋਂ ਬਾਹਰ ਆਉਣਾ ਚਾਹੀਦਾ ਹੈ ਅਤੇ ਆਪਸੀ ਭਾਈਚਾਰਾ ਬਣਾ ਕੇ ਲੋੜ ਪੈਣ ਤੇ ਬਿਨਾ ਭੇਦ-ਭਾਵ ਤੇ ਇੱਕ ਦੂਜੇ ਦੇ ਕੰਮ ਆਉਣਾ ਚਾਹੀਦਾ ਹੈ।

**ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਡਾਕਟਰ ਬਲਜੀਤ ਕੌਰ)** : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਜੀ, ਤਿਆਗ ਦੇ ਪ੍ਰਤੀਕ, ਤਿਆਗ ਮੱਲ। ਲੋੜਵੰਦਾਂ ਨੂੰ ਆਪਣੇ ਕੱਪੜੇ ਤੱਕ ਉਤਾਰ ਕੇ ਦੇ ਦੇਣੇ। ਗਰੀਬਾਂ ਦੇ ਹੱਕ ਵਿੱਚ ਖੜ੍ਹੇ ਹੋਣਾ। 14 ਸਾਲ ਦੀ ਉਮਰ ਦੇ ਵਿੱਚ ਮੁਗਲਾਂ ਵਿਰੁੱਧ ਜੋ ਆਪਣੀ ਤੇਗ ਚਲਾਈ ਤਾਂ ਗੁਰੂ ਸਾਹਿਬਾਨ ਦੀ ਪਹਿਚਾਣ ਤੇਗ ਦੇ ਧਨੀ ਵਜੋਂ ਬਣੀ ਅਤੇ ਉਨ੍ਹਾਂ ਦਾ ਨਾਮ ਤੇਗ ਬਹਾਦਰ ਹੋ ਗਿਆ। ਗੁਰੂ ਸਾਹਿਬ ਦੀ ਪਹਿਚਾਣ ਬਚਪਨ ਤੋਂ ਹੀ ਵਿਲੱਖਣ ਸੀ ਅਤੇ ਉਨ੍ਹਾਂ ਦੀ ਸ਼ਹਾਦਤ ਵੀ ਪੂਰੀ ਦੁਨੀਆ ਤੇ ਇਕ ਵਿਲੱਖਣ ਸ਼ਹਾਦਤ ਵਜੋਂ ਜਾਣੀ ਜਾਂਦੀ ਹੈ। ਗੁਰੂ ਜੀ ਦੀਆਂ ਸਿੱਖਿਆਵਾਂ, ਸੰਦੇਸ਼ ਲੋਕਾਂ ਨੂੰ ਜਾਗਰੂਕ ਕਰਦੇ ਸਨ ਕਿ ਅਨਿਆਂ ਵਿਰੁੱਧ ਲੜੋ ਅਤੇ ਸਵੈ-ਮਾਣ ਨੂੰ ਸਦਾ ਬੁਲੰਦ ਰੱਖੋ। ਉਨ੍ਹਾਂ ਦੇ ਇਹ ਸੰਦੇਸ਼ ਮੁਗਲ ਸ਼ਾਸਕ ਔਰੰਗਜ਼ੇਬ ਦੀਆਂ ਅੱਖਾਂ ਵਿੱਚ ਚੁੱਭਦੇ ਸਨ, ਜਿਸਨੇ ਪੂਰੇ ਦੇਸ਼ ਵਿੱਚ ਤਰਥੱਲੀ ਮਚਾਈ ਹੋਈ ਸੀ, ਉਸਨੇ ਕਸ਼ਮੀਰੀ ਪੰਡਿਤਾਂ ਨੂੰ ਵੀ ਘੇਰ ਲਿਆ। ਜੋ ਆਪਣੇ ਬਚਾਅ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਪਹੁੰਚੇ। ਬਾਬੇ ਨਾਨਕ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਅਜਿਹੇ ਗੁਰੂ ਹੋਏ, ਜਿਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਲੰਮੀਆਂ ਯਾਤਰਾਵਾਂ ਕੀਤੀਆਂ। ਤੇਗ ਦੇ ਧਨੀ ਗੁਰੂ ਸਾਹਿਬ ਜੇ ਚਾਹੁੰਦੇ ਤਾਂ ਔਰੰਗਜ਼ੇਬ ਨਾਲ ਜੰਗ ਛੇੜ ਸਕਦੇ ਸੀ। ਸਿੱਖ ਧਰਮ ਦਾ ਪ੍ਰਚਾਰ ਕਰਨ ਵਾਲੇ ਗੁਰੂ ਨੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹਾਦਤ ਦੇ ਦਿੱਤੀ। ਇਸ ਸ਼ਹਾਦਤ ਨੇ ਪੂਰੀ ਦੁਨੀਆਂ 'ਤੇ ਸੁਨੇਹਾ ਦਿੱਤਾ ਕਿ ਧਾਰਮਿਕ ਸੁਤੰਤਰਤਾ ਸਾਡਾ ਹੱਕ ਹੈ। ਜਿਸ ਸੈਕੁਲਰਿਜ਼ਮ ਦੀ ਗੱਲ ਭਾਰਤ ਦੇ ਸੰਵਿਧਾਨ ਵਿੱਚ ਲਿਖੀ ਗਈ, ਉਸ ਗੱਲ ਦਾ ਸੁਨੇਹਾ ਸਦੀਆਂ ਪਹਿਲਾਂ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੇ ਦਿੱਤਾ ਕਿ ਹਰ ਧਰਮ ਦਾ ਸਨਮਾਨ ਬਰਾਬਰ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਸ਼ਹਾਦਤ ਨੇ ਨਿਮਾਣਿਆਂ, ਨਿਤਾਣਿਆਂ ਵਿੱਚ ਵੀ ਜ਼ੁਲਮ ਖਿਲਾਫ ਖੜ੍ਹੇ ਹੋਣ ਲਈ ਜੋਸ਼ ਅਤੇ ਜਜ਼ਬਾ ਪੈਦਾ ਕੀਤਾ।

ਗੁਰੂ ਸਾਹਿਬ ਨੂੰ ਜਦੋਂ ਧਰਮ ਪਰਿਵਰਤਨ ਲਈ ਕਿਹਾ ਗਿਆ ਤਾਂ ਗੁਰੂ ਸਾਹਿਬ ਦਾ ਔਰੰਗਜ਼ੇਬ ਨੂੰ ਜਵਾਬ ਸੀ ਕਿ ਗੁਲਦਸਤਾ ਕਦੇ ਵੀ ਇਕ ਰੰਗ ਦੇ ਫੁੱਲਾਂ ਨਾਲ ਸੋਹਣਾ ਨਹੀਂ ਲੱਗਦਾ।

ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਧਰਤੀ, ਪੰਜਾਬ ਦੀ ਧਰਤੀ ਅੱਜ ਵੀ ਗਵਾਹੀ ਭਰਦੀ ਹੈ ਕਿ ਇਸ ਗੁਲਦਸਤੇ ਵਿੱਚ ਹਰ ਰੰਗ ਦੇ ਫੁੱਲ ਹਨ। ਅੱਜ ਵੀ ਪਿੰਡ ਵਿੱਚ ਬਣੀ ਗੁੱਗੇ ਪੀਰ ਦੀ ਸਮਾਧ ਉੱਪਰ ਹਿੰਦੂ ਵੀ ਸਿਰ ਝੁਕਾਉਂਦੇ ਹਨ ਅਤੇ ਸਿੱਖ ਵੀ ਸਿਰ ਝੁਕਾਉਂਦੇ ਹਨ। ਨੈਣਾਂ ਦੇਵੀ ਨੂੰ ਜਾਂਦੇ ਜੱਥੇ ਵਿੱਚ ਹਿੰਦੂਆਂ ਨਾਲ ਦਸਤਾਰਾਂ ਵਾਲੇ ਮੁੰਡੇ ਵੀ ਬਰਾਬਰ ਹੁੰਦੇ ਹਨ। ਸਾਕਾ ਨੀਲਾ ਤਾਰਾ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਣ ਵਾਲਿਆਂ ਸਿੱਖਾਂ ਨਾਲੋਂ ਵੱਧ ਗਿਣਤੀ ਹਿੰਦੂਆਂ ਦੀ ਰਹੀ। ਵੱਖ-ਵੱਖ ਰੰਗਾਂ ਦੇ ਫੁੱਲਾਂ ਨਾਲ ਸਜੇ ਹੋਏ ਇਸ ਗੁਲਦਸਤੇ ਨੂੰ ਕੋਈ ਵੀ ਕਿਸੇ ਇਕ ਰੰਗ ਨੀਲੇ ਚਿੱਟੇ ਜਾਂ ਭਗਵੇਂ ਵਿੱਚ ਨਹੀਂ ਰੰਗ ਸਕਦਾ। ਮਾਨਵਤਾ ਤੋਂ ਉਪਰ ਕੋਈ ਧਰਮ ਨਹੀਂ। ਗੁਰੂ ਸਾਹਿਬ ਦੀ ਵਿਲੱਖਣ ਸ਼ਹਾਦਤ ਦਾ ਇਹ ਸੁਨੇਹਾ ਦੁਨੀਆ ਦੇ ਹਰ ਕੋਨੇ ਵਿੱਚ ਪਹੁੰਚਿਆ ਸੀ ਅਤੇ ਪਹੁੰਚਦਾ ਰਹੇਗਾ।

ਸ਼ਹਾਦਤ ਦੇ 350ਵੇਂ ਸਾਲ ਤੇ ਆਉ ਇਹ ਪ੍ਰਣ ਕਰੀਏ ਕਿ ਮਾਨਵਤਾ ਲਈ ਦਿੱਤੀ ਸ਼ਹਾਦਤ ਦੇ ਅਰਥ ਅਸੀਂ ਆਪਣੇ ਬੱਚਿਆਂ ਤੱਕ ਪੁੱਜਦੇ ਕਰਨ ਲਈ ਵਚਨਬੱਧ ਹੋਵਾਂਗੇ।

**ਡਾਕਟਰ ਵਿਜੈ ਸਿੰਗਲਾ (ਮਾਨਸਾ)** : ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਜਿਨ੍ਹਾਂ ਨੂੰ ਇਸ ਕਾਇਨਾਤ ਦਾ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਡਾ ਰੱਖਵਾਲਾ ਅਤੇ ਹਿੰਦ ਦੀ ਚਾਦਰ ਕਿਹਾ ਗਿਆ ਹੈ, ਜਿਨ੍ਹਾਂ ਦੀ ਅਦੁੱਤੀ ਕੁਰਬਾਨੀ ਸਾਰੀ ਸ੍ਰਿਸ਼ਟੀ ਨੂੰ ਪ੍ਰੇਰਣਾ ਦਿੰਦੀ ਹੈ। ਅੱਜ ਉਨ੍ਹਾ ਦੇ ਸ਼ਹੀਦੀ ਦਿਵਸ ਤੇ ਭਾਵੇਂ ਅਸੀਂ ਕਲਯੁਗ ਦੇ ਪ੍ਰਾਣੀ ਉਨ੍ਹਾਂ ਦੀ ਉਸਤਤ ਕਰਨ ਦੇ ਯੋਗ ਨਹੀਂ ਪਰ ਫਿਰ ਵੀ ਮੈਂ ਧੰਨਵਾਦੀ ਹਾਂ ਮਾਨਯੋਗ ਸਪੀਕਰ ਸਾਹਿਬ ਦਾ ਜਿਨ੍ਹਾਂ ਨੇ ਮੈਨੂੰ ਆਪਣੇ ਮਨ ਦੇ ਭਾਵ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ।

<u>ਬਹਾਦਰ ਯੋਧੇ</u> : ਸੰਨ 1635 ਈ ਵਿੱਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਮੁਗਲ ਫੌਜ ਦੇ ਜਰਨੈਲ ਪੈਂਦੇ ਖਾਂ ਨਾਲ ਕਰਤਾਰਪੁਰ ਵਿਖੇ ਹੋਏ ਘਮਸਾਣ ਯੁੱਧ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਛੋਟੀ ਉਮਰੇ ਬਹਾਦਰੀ ਦੇ ਜੌਹਰ ਦਿਖਾਏ ਇਸ ਲੜਾਈ ਵਿੱਚ ਮੁਗਲ ਫੌਜਾਂ ਦੀ ਕਰਾਰੀ ਹਾਰ ਹੋਈ ਇਸ ਉਪਰੰਤ ਗੁਰੂ ਜੀ ਤੇਗ ਮੱਲ (ਪਹਿਲਾ ਨਾਂ) ਤੋਂ ਤੇਗ ਬਹਾਦਰ (ਤੇਗ ਦੇ ਧਨੀ) ਬਣੇ।

<u>ਖਿਮਾਂ ਦੇ ਦਾਤਾ ਅਤੇ ਦਇਆ ਦੇ ਸਾਗਰ:</u> ਗੁਰੂ ਸਾਹਿਬ ਜਦੋਂ ਬਾਬਾ ਬਕਾਲੇ ਆ ਕੇ ਪ੍ਰਭੂ-ਭਗਤੀ ਅਤੇ ਸਿਮਰਨ ਵਿੱਚ ਲੀਨ ਰਹਿਣ ਲੱਗ ਪਏ ਤਦੋਂ 1664 ਈ. ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਜੋਤੀ-ਜੋਤ ਸਮਾਉਣ ਸਮੇਂ "ਬਾਬਾ ਗਰਾਮ ਬਕਾਲੇ" ਕਹਿ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਹੋਣ ਦਾ ਸੰਕੇਤ ਦੇ ਦਿੱਤਾ। ਫਿਰ ਧੀਰ ਮੱਲ ਆਦਿ ਸੋਢੀ ਵੰਸ਼ ਦੇ 22 ਲੋਕ ਗਲਤ ਤਰੀਕੇ ਨਾਲ ਬਾਬਾ ਬਕਾਲੇ ਗੁਰੂ ਹੋਣ ਦੀਆਂ ਗੱਦੀਆਂ ਲਾ ਬੈਠੇ। ਗੁਰੂ ਘਰ ਦੇ ਸਿੱਖ ਮੱਖਣ ਸ਼ਾਹ ਲੁਬਾਣਾ, ਜਿਸ ਦਾ ਡੁੱਬਦਾ ਜਹਾਜ਼ ਗੁਰੂ ਘਰ ਦੀ ਕਿਰਪਾ ਨਾਲ ਪਾਰ ਲੱਗਿਆ ਸੀ, ਉਹ ਆਪਣੀ ਭੇਟਾ ਲੈ ਕੇ ਬਕਾਲੇ ਪੁੱਜਿਆ। ਭੇਟਾ ਦੇਣ ਸਮੇਂ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਚਨ ਸੁਣ ਕੇ ਉਨ੍ਹਾਂ ਨੂੰ ਪਰਖ ਲਿਆ ਅਤੇ ਬਣਦੀ ਭੇਟ ਦਿੱਤੀ ਅਤੇ "ਗੁਰੂ ਲਾਧੋ ਰੇ!" ਦਾ ਉੱਚਾ ਹੋਕਾ ਲਾਇਆ। ਇਸ 'ਤੇ ਹੋਰ ਸੰਗਤਾਂ ਵੱਲੋਂ ਵੀ ਗੁਰੂ ਜੀ ਨੂੰ ਭੇਟਾਂ ਦਿੱਤੀਆਂ ਗਈਆਂ। ਧੀਰ ਮੱਲ ਨੇ ਆਪਣੇ ਮਸੰਦਾਂ ਰਾਹੀਂ ਗੁਰੂ ਸਾਹਿਬ ਦੀ ਭੇਟਾ ਲੁੱਟ ਲਈ ਅਤੇ ਸੀਹਾ ਮਸੰਦ ਨੇ ਗੁਰੂ ਜੀ ਤੇ ਗੋਲੀ ਵੀ ਚਲਾ ਦਿੱਤੀ। ਪਤਾ ਲੱਗਣ 'ਤੇ ਮੱਖਣ ਸ਼ਾਹ ਲੁਬਾਣਾ ਨੇ ਸੀਹਾ ਮਸੰਦ ਨੂੰ ਬੰਨ੍ਹ ਕੇ ਗੁਰੂ ਸਾਹਿਬ ਅੱਗੇ ਲੁੱਟੀ ਭੇਟ ਸਮੇਤ ਪੇਸ਼ ਕੀਤਾ। ਗੁਰੂ ਸਾਹਿਬ ਨੇ ਉਸ ਪਾਪੀ ਮਸੰਦ ਨੂੰ ਮਾਫ ਕਰਦੇ ਹੋਏ ਭੇਟਾਂ ਵੀ ਉਨ੍ਹਾਂ ਨੂੰ ਵਾਪਸ ਦੇ ਦਿੱਤੀਆਂ। ਇਸ ਘਟਨਾ ਤੋਂ ਗੁਰੂ ਸਾਹਿਬ ਦੇ ਖਿਮਾ ਦੇ ਦਾਤਾ ਅਤੇ ਦਇਆ ਦੇ ਸਾਗਰ ਹੋਣ ਦਾ ਪਤਾ ਲੱਗਦਾ ਹੈ।

<u>ਉੱਚ ਜੀਵਨ ਦੀ ਜਾਂਚ:</u>

ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨਿ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

<u>ਅਦੁੱਤੀ ਸ਼ਹਾਦਤ:</u> ਅਨੰਦਪੁਰ ਸਾਹਿਬ ਤੋਂ ਗੁਰੂ ਸਾਹਿਬ ਜੀ ਨੇ ਸੰਨ 1675 ਈ. ਵਿੱਚ ਸ਼ਹਾਦਤ ਦੇਣ ਲਈ ਆਪਣੇ ਸਿੱਖਾਂ ਸਮੇਤ ਦਿੱਲੀ ਵੱਲ ਚਾਲੇ ਪਾਏ। ਪਰੰਤੂ ਸੂਬਾ ਸਰਹਿੰਦ ਵੱਲੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਅਤਿ ਦੇ ਤਸੀਹੇ ਦਿੱਤੇ ਗਏ। ਇਨ੍ਹਾਂ ਦੇ ਅਡੋਲ ਰਹਿਣ 'ਤੇ ਇਨ੍ਹਾਂ ਨੂੰ ਦਿੱਲੀ ਭੇਜਿਆ ਗਿਆ। ਜਿੱਥੇ ਇਨ੍ਹਾਂ ਨੂੰ ਅਕਹਿ ਤਸੀਹੇ, ਲੋਭ-ਲਾਲਚਾਂ ਦੇ

ਕੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ, ਪਰ ਇਹ ਅਡੋਲ ਰਹੇ। ਫਿਰ ਇਨ੍ਹਾਂ ਦੇ ਸਾਹਮਣੇ ਇਨ੍ਹਾਂ ਦੇ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਅਤਿ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਫਿਰ ਵੀ ਇਹ ਅਡੋਲ ਰਹੇ। ਅੰਤ ਵਿੱਚ ਇਨ੍ਹਾਂ ਨੂੰ ਮੁਗਲ ਹਕੂਮਤ ਵੱਲੋਂ 24 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦ ਕਰ ਦਿੱਤਾ ਗਿਆ।

ਠੀਕਰ ਫੋਰਿ ਦਿਲੀਸ ਸਿਰ ਪ੍ਰਭਪੁਰ  ਕਿਯਾ ਪਯਾਨ।
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ।

ਧਰਮ ਹੇਤਿ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥

**ਸ੍ਰੀ ਜੰਗੀ ਲਾਲ ਮਹਾਜਨ (ਮੁਕੇਰੀਆਂ)** : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਭਾਸ਼ਣ

ਜੀ ਆਇਆਂ ਨੂੰ! ਪਿਆਰੀ ਸਾਧ ਸੰਗਤ ਜੀ, ਸਤਿ ਸ੍ਰੀ ਅਕਾਲ।

ਅੱਜ ਅਸੀਂ ਉਸ ਮਹਾਨ, ਦਾਨਿਸ਼ ਮੰਦ, ਪਰਮ ਤਪੱਸਵੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਅਤੇ ਦੁਨੀਆਂ ਦੇ ਇਤਿਹਾਸ ਦੀ ਇਕ ਵਿਲੱਖਣ ਸ਼ਹਾਦਤ ਨੂੰ ਯਾਦ ਕਰਨ ਲਈ ਜੁੜੇ ਹਾਂ, ਉਹ ਸ਼ਹਾਦਤ ਜੋ ਅੱਜ ਤੋਂ 350 ਸਾਲ ਪਹਿਲਾਂ ਦਿੱਲੀ ਦੇ ਚਾਂਦਨੀ ਚੌਕ 'ਚ ਧਰਮ ਨੂੰ ਬਚਾਉਣ ਦੀ ਖ਼ਾਤਿਰ ਦਿਤੀ ਗਈ ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਇੱਕ ਅਜਿਹੀ ਮਹਾਨ ਸ਼ਖਸੀਅਤ, ਜਿਨ੍ਹਾਂ ਦਾ ਕੱਟੜ ਅਤੇ ਜਾਲਿਮਾਨਾਂ ਮੁਗ਼ਲ ਤਾਕਤਾਂ ਨੇ ਸ਼ੀਸ ਲੈ ਲਿਆ ਸੀ ਪਰ ਉਹ ਉਸ ਪਾਕ ਅਤੇ ਰੱਬੀ ਸੀਸ ਨੂੰ ਝੁਕਾ ਨਹੀਂ ਸਕੇ ਸਨ । ਜਿਨ੍ਹਾਂ ਦੇ ਪ੍ਰਾਣ ਲਏ ਗਏ ਪਰ ਉਨ੍ਹਾਂ ਦਾ ਸਿਦਕ ਨਹੀਂ ਡੁਲਾਇਆ ਜਾ ਸਕਿਆ । ਜਿਨ੍ਹਾਂ ਨੇ ਧਰਮ ਦੀ ਖਾਤਿਰ, ਨਿਆਂ ਦੀ ਖਾਤਿਰ ਅਤੇ ਮਨੁੱਖ ਦੀ ਆਜ਼ਾਦੀ ਦੀ ਖਾਤਿਰ ਆਪਣਾ ਸੀਸ ਵਾਰ ਦਿਤਾ ਪਰ ਧਰਮ ਨਹੀਂ ਛੱਡਿਆ। ਇਹ ਕੋਈ ਸਾਧਾਰਣ ਸ਼ਹਾਦਤ ਨਹੀਂ ਸੀ, ਸਗੋਂ ਇਹ ਇਤਿਹਾਸ ਦਾ ਉਹ ਨਿਰਣਾਇਕ ਮੋੜ ਸੀ ਜਿਸ ਨੇ ਦੱਸ ਦਿੱਤਾ ਕਿ ਅਨਿਆਂ ਦੇ ਸਾਹਮਣੇ ਡਟ ਕੇ ਖੜ੍ਹੇ ਹੋਣ ਦਾ ਨਾਂ ਹੀ ਸੱਚਾ ਧਰਮ ਹੈ।

ਉਨ੍ਹਾਂ ਦੀ ਇਹ ਸ਼ਹਾਦਤ ਕਿਸੇ ਇਕ ਵਰਗ ਦੀ ਰੱਖਿਆ ਲਈ ਨਹੀਂ ਸੀ, ਸਗੋਂ ਸਾਰੀ ਮਨੁੱਖਤਾ ਦੇ ਲਈ ਧਾਰਮਿਕ ਅਜ਼ਾਦੀ ਦੇ ਮੂਲ ਮੰਤਰ ਨੂੰ ਸਦੀਵੀ ਤੌਰ ਤੇ ਸਥਾਪਿਤ ਕਰਨ ਲਈ ਸੀ। "ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥" ਇਹ ਸਤਿਕਾਰ, ਇਹ ਸਿਦਕ, ਅਤੇ ਇਹ ਬਲਿਦਾਨ ਹੀ ਤਾਂ ਸਾਡੇ ਲਈ ਸਦੀਵੀ ਪ੍ਰੇਰਣਾ ਦਾ ਸਰੋਤ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਸਮੇਂ ਜੀਵਦੇ ਸਨ ਜਦੋਂ ਜ਼ੁਲਮ ਅਤੇ ਜਬਰ ਦਾ ਦੌਰ ਸੀ ਪਰ ਗੁਰੂ ਜੀ ਨੇ ਡਰ ਅਤੇ ਅਨਿਆਏ ਅੱਗੇ ਸਿਰ ਝੁਕਾਉਣਾ ਕਬੂਲ ਨਹੀਂ ਕੀਤਾ। ਉਲਟ, ਉਨ੍ਹਾਂ ਨੇ ਆਪਣੀ ਜਾਨ ਮਨੁੱਖਤਾ ਦੀ ਆਜ਼ਾਦੀ ਅਤੇ ਧਰਮ ਦੀ ਰੱਖਿਆ ਲਈ ਵਰਤੀ। ਗੁਰੂ ਜੀ ਨੇ ਆਪਣਾ ਸੀਸ ਵਾਰ ਦਿੱਤਾ ਤਾਂ ਕਿ ਹਿੰਦੂਆਂ ਦੇ ਤਿਲਕ ਅਤੇ ਜੰਞੂ ਬਣੇ ਰਹਿਣ ਭਾਵ ਹਿੰਦੂ ਧਰਮ ਸੁਰੱਖਿਅਤ ਰਹੇ। ਕਲਯੁੱਗ 'ਚ ਅਜਿਹੀ ਸ਼ਹਾਦਤ ਦੀ ਮਿਸਾਲ ਦੁਨੀਆ

ਭਰ ਵਿੱਚ ਹੋਰ ਕਿੱਧਰੇ ਨਹੀ ਮਿਲਦੀ, ਜਿਹੜੀ ਧਰਮ ਦੀ ਰੱਖਿਆ ਲਈ ਦਿੱਤੀ ਗਈ ਹੋਵੇ । ਉਨ੍ਹਾਂ ਦੀ ਸ਼ਹਾਦਤ ਕਿਸੇ ਇੱਕ ਕੌਮ ਜਾਂ ਧਰਮ ਲਈ ਨਹੀਂ ਸੀ – ਇਹ ਸਾਰੀ ਮਨੁੱਖਤਾ ਲਈ ਸੀ। ਉਹ ਸੱਚਾਈ ਅਤੇ ਇਨਸਾਫ ਦੇ ਪ੍ਰਤੀਕ ਸਨ।

ਜਦੋਂ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਦੇ ਹਾਂ, ਅਸੀਂ ਨਿਸਵਾਰਥ ਭਾਵਨਾ ਨੂੰ ਯਾਦ ਕਰਦੇ ਹਾਂ। ਅਸੀਂ ਸੇਵਾ ਅਤੇ ਸੰਤੋਖ ਦੇ ਸੱਚੇ ਮਤਲਬ ਨੂੰ ਸਮਝਦੇ ਹਾਂ। ਗੁਰੂ ਜੀ ਨੇ ਸਿਖਾਇਆ ਕਿ ਅਸਲ ਸਾਹਸ ਤਾਕਤ ਵਿੱਚ ਨਹੀਂ, ਇਨਸਾਫ ਲਈ ਅਡਿੱਗ ਰਹਿਣ ਵਿੱਚ ਹੈ - ਬਿਨਾਂ ਘ੍ਰਿਣਾ ਅਤੇ ਬਦਲੇ ਦੀ ਭਾਵਨਾ ਰੱਖੇ। ਉਨ੍ਹਾਂ ਦੀ ਜੀਵਨ ਕਥਾ ਸਾਨੂੰ ਸਦਾ ਇਹ ਪ੍ਰੇਰਨਾ ਦਿੰਦੀ ਰਹੇਗੀ ਕਿ ਸੱਚ ਤੇ ਦਇਆ ਦੇ ਰਾਹ 'ਤੇ ਠੀਕ ਰਹਿਣਾ ਕਿੰਨਾ ਮਹੱਤਵਪੂਰਨ ਹੈ।

'ਗੁਰੂ' ਦਾ ਅਰਥ ਹੈ 'ਸਿੱਖਿਆ ਦੇਣ ਵਾਲਾ' ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਜੀਵਨ ਕਥਾ ਰਾਹੀਂ ਅੱਜ ਵੀ ਸਾਨੂੰ ਸਿਖਾ ਰਹੇ ਹਨ ਕਿ ਵਿਸ਼ਵਾਸ ਦਾ ਅਸਲੀ ਅਰਥ ਹੈ ਕਿਰਿਆ, ਕਰਮ ਅਤੇ ਸੇਵਾ ਨਾਲ ਜੋੜਨਾ। ਸਮਾਜ ਵਿਚ ਇਨਸਾਫ ਅਤੇ ਸਮਾਨਤਾ ਦਾ ਨਿਰਮਾਣ ਸਾਡੀ ਸਾਂਝੀ ਜਿੰਮੇਵਾਰੀ ਹੈ। ਸਿਰਫ ਆਧਿਆਤਮਿਕ ਹੀ ਨਹੀਂ, ਸਾਡੇ ਰਾਜਨੀਤਕ ਤੇ ਸਮਾਜਿਕ ਜੀਵਨ ਲਈ ਵੀ ਗੁਰੂ ਜੀ ਦੀ ਸਿੱਖਿਆ ਸਦਾ ਦਿਸ਼ਾ ਦਿੰਦੀ ਹੈ।

ਜਨ ਪ੍ਰਤਿਨਿਧੀ ਹੋਣ ਦੇ ਨਾਤੇ ਸਾਡਾ ਫਰਜ਼ ਹੈ ਕਿ ਗੁਰੂ ਜੀ ਦੇ ਉਪਦੇਸ਼ਾਂ ਨੂੰ ਆਪਣੇ ਕਰਮਾਂ ਵਿੱਚ ਲਿਆਈਏ - ਕਮਜ਼ੋਰ ਦਾ ਸਾਥ ਦੇਈਏ, ਸੱਚਾਈ ਦਾ ਪਾਸਾ ਲਈਏ ਅਤੇ ਹਰ ਨਾਗਰਿਕ ਦੀ ਇੱਜ਼ਤ ਬਰਕਰਾਰ ਰੱਖੀਏ। ਇਸ ਯੁੱਗ ਵਿੱਚ, ਜਿੱਥੇ ਕਈ ਵਾਰ ਵੰਡਾਂ ਅਤੇ ਤਕਰਾਰਾਂ ਨੇ ਮਨੁੱਖਤਾ ਨੂੰ ਕਮਜ਼ੋਰ ਕੀਤਾ ਹੈ, ਉਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਿਸਾਲ ਰੋਸ਼ਨੀ ਦਾ ਚਾਨਣ ਬਣ ਕੇ ਸਾਡੇ ਸਾਹਮਣੇ ਖਲੋਤੀ ਹੈ। ਉਨ੍ਹਾਂ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਡਰ ਤੋਂ ਉੱਪਰ ਚੜ੍ਹ ਕੇ ਸਹਿਯੋਗ ਅਤੇ ਏਕਤਾ ਦਾ ਰਾਹ ਅਪਣਾਉਣਾ ਚਾਹੀਦਾ ਹੈ।

ਗੁਰੂ ਜੀ ਦੀ ਸ਼ਹਾਦਤ ਨੇ ਸਾਡੇ ਦੇਸ਼ ਵਿਚ ਨਵੀਂ ਜਾਗਰਤੀ ਜਨਮ ਦਿੱਤੀ। ਉਹ ਚਾਨਣ ਜੋ ਉਨ੍ਹਾਂ ਨੇ ਤਿੰਨ ਸਦੀ ਪਹਿਲਾਂ ਜਲਾਇਆ, ਉਹੀ ਚਾਨਣ ਅੱਗੇ ਕਈ ਲੜਾਈਆਂ ਅਤੇ ਆਜ਼ਾਦੀ ਦੇ ਅੰਦੋਲਨਾਂ ਦਾ ਆਧਾਰ ਬਣਿਆ। ਉਨ੍ਹਾਂ ਦਾ ਜੀਵਨ ਸਨਮਾਨ, ਹੌਸਲੇ ਅਤੇ ਆਜ਼ਾਦੀ ਦਾ ਪ੍ਰਤੀਕ ਬਣ ਗਿਆ।

ਅੱਜ ਇਸ ਪਵਿੱਤਰ ਮੌਕੇ 'ਤੇ, ਆਉ ਅਸੀਂ ਇਹ ਪ੍ਰਣ ਕਰੀਏ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਜਗਮਗਾਉਂਦੇ ਰਹਾਂਗੇ। ਸੱਚ, ਦਇਆ ਤੇ ਹਿੰਮਤ ਨਾਲ ਭਰੀ ਜ਼ਿੰਦਗੀ ਜੀਵਾਂਗੇ। ਇਨਸਾਫ ਲਈ ਲੜਨਾ, ਕਮਜ਼ੋਰ ਦੀ ਮਦਦ ਕਰਨਾ ਅਤੇ ਸੱਚ ਦੀ ਰੱਖਿਆ ਕਰਨੀ ਹੀ ਗੁਰੂ ਜੀ ਦੀ ਸੱਚੀ ਯਾਦਗਾਰ ਹੈ।

ਅਸੀਂ ਇਹ ਅਰਦਾਸ ਕਰੀਏ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਸ਼ੀਰਵਾਦ ਸਾਡੇ ਉੱਤੇ ਸਦੀਵੀ ਬਣੇ ਰਹਿਣ, ਉਨ੍ਹਾਂ ਦਾ ਚਾਨਣ ਸਾਨੂੰ ਏਕਤਾ, ਸ਼ਾਂਤੀ ਅਤੇ ਨੇਕੀ ਦੇ ਰਾਹ ਤੇ ਚਲਦਾ ਰੱਖੇ ਅਤੇ ਅਸੀਂ ਸਾਰੇ ਉਨ੍ਹਾਂ ਦੇ ਇਸ ਅਮਰ ਸੁਨੇਹੇ ਨੂੰ ਜੀਵਨ ਦਾ ਨਿਯਮ ਬਣਾਈਏ - ਧਰਮ ਦੀ ਰੱਖਿਆ ਲਈ ਆਪਣਾ ਸਿਰ ਵੀ ਕੁਰਬਾਨ ਕਰਨਾ ਪਵੇ ਤਾਂ ਵੀ ਪਿੱਛੇ ਨਾ ਹਟੀਏ।

**ਸ੍ਰੀ ਹਾਕਮ ਸਿੰਘ ਠੇਕੇਦਾਰ (ਰਾਏਕੋਟ, ਐਸ.ਸੀ.)** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਵਸ ਦੇ ਇਸ ਪਵਿੱਤਰ ਮੌਕੇ 'ਤੇ ਅਸੀਂ ਸਭ ਹੀ ਸਤਿਕਾਰ ਨਾਲ ਉਨ੍ਹਾਂ ਦੇ ਅਮਰ ਬਲੀਦਾਨ ਨੂੰ ਯਾਦ ਕਰਨ ਲਈ ਇਕੱਠੇ ਹੋਏ ਹਾਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿਰਫ ਸਿੱਖ ਧਰਮ ਦੇ ਨੌਵੇਂ ਗੁਰੂ ਹੀ ਨਹੀਂ ਸਗੋਂ ਪੂਰੇ ਭਾਰਤ ਦੇ ਸਭ ਤੋਂ ਅਨੋਖੇ ਧਾਰਮਿਕ ਆਦਰਸ਼ਾਂ ਦੇ ਰੱਖਿਆਕਾਰ ਸਨ। ਉਨ੍ਹਾਂ ਨੇ ਸੱਚ, ਇਨਸਾਫ ਅਤੇ ਧਾਰਮਿਕ ਆਜ਼ਾਦੀ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ। ਜਿਸ ਸਮੇਂ ਭਾਰਤ ਵਿੱਚ ਔਰੰਗਜੇਬ ਦੀ ਤਾਨਾਸ਼ਾਹੀ ਚੱਲ ਰਹੀ ਸੀ, ਲੋਕਾਂ 'ਤੇ ਜ਼ਬਰਦਸਤੀ ਧਰਮ ਪਰਿਵਰਤਨ ਥੋਪਿਆ ਜਾ ਰਿਹਾ ਸੀ, ਉਸ ਵੇਲੇ ਕਸ਼ਮੀਰ ਦੇ ਪੰਡਤਾਂ ਨੇ ਗੁਰੂ ਸਾਹਿਬ ਜੀ ਕੋਲ ਆ ਕੇ ਆਪਣੀ ਪੀੜ ਦੱਸੀ। ਜਿਸ ਤੇ ਕੋਲ ਖੜ੍ਹੇ ਬਾਲ ਗੋਬਿੰਦ ਰਾਏ ਜੀ ਨੇ ਕਿਹਾ ਕਿ ਕਿਸੇ ਵੀ ਧਰਮ ਦੀ ਰੱਖਿਆ ਕਰਨ ਲਈ ਬਲੀਦਾਨ ਦੇਣਾ ਅਤੀ ਜ਼ਰੂਰੀ ਹੈ। ਬਾਲ ਗੋਬਿੰਦ ਰਾਏ ਦੇ ਉਕਤ ਲਫ਼ਜ਼ ਪੂਰੀ ਮਨੁੱਖਤਾ ਦੀ ਆਵਾਜ਼ ਬਣ ਗਏ। ਗੁਰੂ ਜੀ ਨੇ ਆਪਣੀ ਸ਼ਹਾਦਤ ਨਾਲ ਸਾਨੂੰ ਇਹ ਸਿੱਖਿਆ ਦਿੱਤੀ ਕਿ ਧਾਰਮਿਕ ਆਜ਼ਾਦੀ ਹਰ ਇਨਸਾਨ ਦਾ ਮੌਲਿਕ ਅਧਿਕਾਰ ਹੈ। ਕਿਸੇ ਵੀ ਧਰਮ ਦਾ ਅਸਲੀ ਮਤਲਬ ਦੂਜੇ ਧਰਮ ਦਾ ਅਪਮਾਨ ਨਹੀਂ, ਸਗੋਂ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਹੁੰਦਾ ਹੈ। ਗੁਰੂ ਜੀ ਦੀ ਇਹ ਕੁਰਬਾਨੀ ਸਿਰਫ ਸਿੱਖ ਧਰਮ ਲਈ ਨਹੀਂ ਸੀ ਸਗੋਂ ਇਹ ਸਾਰੀ ਮਨੁੱਖਤਾ ਲਈ ਸੀ ਤਾਂ ਜੋ ਹਰ ਮਨੁੱਖ ਨੂੰ ਆਪਣੇ ਵਿਸ਼ਵਾਸ ਅਨੁਸਾਰ ਜਿਊਣ ਦਾ ਹੱਕ ਮਿਲੇ। ਚਾਂਦਨੀ ਚੌਂਕ 'ਚ ਗੁਰੂ ਜੀ ਦਾ ਸ਼ਹੀਦੀ ਸੀਸ ਅੱਜ ਵੀ ਮਨੁੱਖਤਾ ਦੀ ਇਤਿਹਾਸਿਕ ਗਵਾਹੀ ਦਿੰਦਾ ਹੈ। ਜਿੱਥੇ ਗੁਰੂ ਜੀ ਦਾ ਸੀਸ ਕੱਟਿਆ ਗਿਆ ਸੀ, ਉਥੇ ਅੱਜ ਗੁਰਦੁਆਰਾ ਸੀਸ ਗੰਜ ਸਾਹਿਬ ਸਾਨੂੰ ਉਸ ਮਹਾਨ ਘੜੀ ਦੀ ਯਾਦ ਦਿਵਾਉਦਾ ਹੈ । ਭਾਈ ਜੈਤਾ ਜੀ (ਭਾਈ ਜੀਵਨ ਸਿੰਘ ਜੀ) ਨੇ ਗੁਰੂ ਜੀ ਦਾ ਸੀਸ ਚੁੱਕ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਾਇਆ, ਜਿੱਥੇ ਗੁਰਦੁਆਰਾ ਸੀਸ ਗੰਜ ਅਸਥਾਨ ਬਣਾਇਆ ਗਿਆ ਹੈ। ਇਹ ਦੋਵੇਂ ਸਥਾਨ ਅੱਜ ਵੀ ਹਿੰਮਤ, ਸੱਚ ਤੇ ਸਮਰਪਣ ਦੇ ਪ੍ਰਤੀਕ ਹਨ। ਅੱਜ ਦੇ ਸਮੇਂ ਵਿੱਚ ਜਦੋਂ ਦੁਨੀਆ ਵੰਡਾਂ, ਧਾਰਮਿਕ ਤਣਾਵਾਂ ਅਤੇ ਸਵਾਰਥ ਦੇ ਚੱਕਰਾਂ ਵਿੱਚ ਫਸ ਰਹੀ ਹੈ, ਓਸ ਸਮੇ ਸਾਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੰਦੇਸ਼ ਦੀ ਬਹੁਤ ਜ਼ਿਆਦਾ ਲੋੜ ਹੈ। ਸਾਨੂੰ ਨਿਡਰ ਹੋ ਕੇ ਸੱਚ ਦਾ ਸਾਥ ਦੇਣਾ ਅਤੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ। ਗੁਰੂ ਜੀ ਦੀ ਬਾਣੀ `ਚ ਸਾਫ ਲਿਖਿਆ ਹੈ ਕਿ:

"ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥"

ਇਸ ਦਾ ਅਰਥ ਹੈ ਜੋ ਪ੍ਰੇਮ, ਸੱਚ ਅਤੇ ਅਸਲੀ ਜੀਵਨ ਦਾ ਰਸਤਾ ਚੁਣਦਾ ਹੈ, ਉਸ ਨੂੰ ਆਪਣਾ ਸਿਰ ਤਲੀ 'ਤੇ ਰੱਖਣ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਆਉ, ਅਸੀਂ ਅੱਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਤੇ ਇਹ ਪ੍ਰਣ ਕਰੀਏ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਿਖਾਏ ਰਸਤੇ 'ਤੇ ਚੱਲਦੇ ਹੋਏ ਅਸੀਂ ਨਫਰਤ ਦੀ ਬਜਾਏ ਪਿਆਰ ਵੰਡਾਂਗੇ, ਅਹੰਕਾਰ ਦੀ ਬਜਾਏ ਸੇਵਾ ਕਰਾਂਗੇ ਤੇ ਧਰਮ ਦੇ ਨਾਮ 'ਤੇ ਕਿਸੇ ਨਾਲ ਅਨਿਆਇ ਨਹੀਂ ਹੋਣ ਦੇਵਾਂਗੇ। ਇਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਅਸਲੀ ਸ਼ਰਧਾਂਜਲੀ ਹੋਵੇਗੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

**ਸਰਦਾਰ ਜੀਵਨ ਸਿੰਘ ਸੰਗੋਵਾਲ (ਗਿੱਲ, ਐਸ.ਸੀ.)**: ਪ੍ਰਗਟ ਭਏ ਗੁਰ ਤੇਗ ਬਹਾਦਰ।। ਸਗਲ ਸ੍ਰਿਸਟ ਪੈ ਢਾਪੀ ਚਾਦਰ।।

ਸਤਿਕਾਰਯੋਗ ਸਪੀਕਰ ਸਾਹਿਬ ਅਤੇ ਮੇਰੇ ਸਾਥੀਉ ਬੁਲਾਉ ਜੀ ਫਤਹਿ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਜੂਨ, 1658 ਈਸਵੀ ਨੂੰ ਮੋਇਨ ਦੀਨ ਮੁਹੰਮਦ ਔਰੰਗਜ਼ੇਬ ਦਿੱਲੀ ਦੇ ਤਖਤ ਤੇ ਬੈਠਿਆ। ਜਨੂਨੀ, ਨਿਰਦਈ, ਜਾਲਮ, ਅੱਤਿਆਚਾਰੀ ਸੋਚ ਦਾ ਮਾਲਕ ਔਰੰਗਾ ਸਾਰੇ ਭਾਰਤ ਨੂੰ ਮਜ਼ਹਬੀ ਹਰੇ ਹੈਦਰੀ ਰੰਗ ਵਿੱਚ ਰੰਗਣ ਦੀ ਸੋਚ ਰੱਖਦਾ ਸੀ। 25 ਮਈ, 1675 ਨੂੰ ਕਿਰਪਾ ਰਾਮ ਪੰਡਿਤ ਆਪਣੇ ਨਾਲ 16 ਪੰਡਤਾਂ ਦਾ ਜੱਥਾ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ। ਪੰਡਿਤ ਕਿਰਪਾ ਰਾਮ ਜੀ ਨੇ ਆਪਣੀ ਹੋਂਦ, ਆਪਣੀ ਦਿਖ, ਆਪਣੀ ਪਹਿਚਾਣ, ਆਪਣੇ ਧਰਮ ਤੇ ਬਣੀ ਬਿਪਤਾ ਨੌਵੇਂ ਨਾਨਕ ਜੀ ਨਾਲ ਸਾਂਝੀ ਕੀਤੀ। ਬਾਲ ਗੋਬਿੰਦ ਰਾਏ ਜੀ ਦੇ ਕਹਿਣ ਤੇ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਨੇ ਪੰਡਿਤ ਜੀ ਨੂੰ ਕਿਹਾ ਕਿ ਤੁਸੀਂ ਸ਼ਾਹੇ-ਹਿੰਦ ਨੂੰ ਇੱਕ ਮੇਜਰਨਾਮਾ ਲਿਖ ਕੇ ਘੱਲ ਦਿਉ ਕਿ ਸਾਡਾ ਮੁਖੀ ਸ੍ਰੀ ਗੁਰੂ ਤੇਗ ਬਹਾਦਰ ਹੈ। ਜੇ ਹਕੂਮਤ ਉਨ੍ਹਾਂ ਨੂੰ ਮੋਮਨ ਕਰ ਲਏ ਤਾਂ ਅਸੀਂ ਬਿਨਾਂ ਹੀਲ-ਹੁੱਜਤ ਧਰਮ ਪਰਿਵਰਤਨ ਕਰ ਲਵਾਂਗੇ। 20 ਜੁਲਾਈ, 1675 ਨੂੰ ਗੁਰੂ ਸਾਹਿਬ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਉਦੈ ਜੀ, ਭਾਈ ਗੁਰਦਿੱਤਾ ਜੀ, ਭਾਈ ਜੈਤਾ ਜੀ ਨਾਲ ਦਿੱਲੀ ਨੂੰ ਰਵਾਨਾ ਹੋਏ। 15 ਸਤੰਬਰ, 1675 ਨੂੰ ਪਾਤਸ਼ਾਹ ਜੀ ਨੇ ਆਗਰੇ ਤੋਂ ਆਪਣੀ ਗ੍ਰਿਫਤਾਰੀ ਦਿੱਤੀ। ਔਰੰਗਜ਼ੇਬ ਨਾਲ ਮੁਲਾਕਾਤ ਸਮੇਂ ਔਰੰਗੇ ਵੱਲੋਂ ਆਪ ਜੀ ਨੂੰ ਧਰਮ ਪਰਿਵਰਤਨ ਕਰਨ ਤੇ ਬਹੁਤ ਸਾਰੀਆਂ ਸੁੱਖ-ਸਹੂਲਤਾਂ ਤੇ ਲਾਲਚ ਦਿੱਤੇ ਗਏ, ਪਾਤਸ਼ਾਹ ਜੀ ਨੇ ਜੁੱਤੀ ਦੀ ਨੋਕ ਨਾਲ ਠੁਕਰਾ ਦਿੱਤੇ। ਸਖਤ ਰੁਖ ਅਖਤਿਆਰ ਕਰਦਿਆਂ ਔਰੰਗਜ਼ੇਬ ਨੇ ਕਿਹਾ, ਤੁਹਾਡੇ ਕੋਲ ਦੋ ਰਸਤੇ ਹਨ ਜਾਂ ਤਾਂ ਮੋਮਨ ਹੋ ਜਾਉ ਜਾਂ ਕਰਾਮਾਤ ਦਿਖਾਉ ਨਹੀਂ ਤਾਂ ਮੌਤ ਦੇ ਘਾਟ ਉਤਾਰ ਦਿੱਤੇ ਜਾਉਗੇ। ਪਾਤਸ਼ਾਹ ਨੇ ਕਿਹਾ, ਔਰੰਗਜ਼ੇਬ! ਕਿਸੇ ਡਰ ਜਾਂ ਲਾਲਚ ਕਰਕੇ ਧਰਮ ਬਦਲ ਲੈਣਾ ਗੁਰੂ ਨਾਨਕ ਦੇ ਘਰ ਦਾ ਸਿਧਾਂਤ ਨਹੀਂ। ਜਾਨ ਬਚਾਉਣ ਲਈ ਨਾਟਕ ਖੇਡਣੇ, ਇਹ ਸਾਡਾ ਅਸੂਲ ਨਹੀਂ। ਜਿਹੜੀ ਮੌਤ ਦਾ ਤੂੰ ਸਾਨੂੰ ਡਰ ਦਿੰਦਾ ਹੈ, ਇਸ ਨੂੰ ਅਸੀਂ ਹਮੇਸ਼ਾ ਯਾਦ ਰੱਖਦੇ ਹਾਂ। ਤੂੰ ਜੋ ਚਾਹੇ ਜਿਵੇਂ ਚਾਹੇ ਕਰ ਸਕਦਾ ਹੈ ਪਰ ਅਸੀਂ ਆਪਣੇ ਸਿਧਾਂਤ ਤੋਂ ਡੋਲਾਂਗੇ ਨਹੀਂ ਅਤੇ ਤੈਨੂੰ ਇਨ੍ਹਾਂ ਨਿਰਦੋਸ਼ ਹਿੰਦੂਆਂ ਉੱਪਰ ਜ਼ੁਲਮ ਕਰਨ ਦੀ ਇਜਾਜ਼ਤ ਕਦੇ ਵੀ ਨਹੀਂ ਦੇਵਾਂਗੇ। 11 ਨਵੰਬਰ, 1675 ਦਿਨ ਵੀਰਵਾਰ, ਦਿੱਲੀ ਦੇ ਚਾਂਦਨੀ ਚੌਕ ਵਿੱਚ ਸਮਾਣੇ ਦੇ ਰਹਿਣ ਵਾਲੇ ਜਲਾਦ ਜਲਾਲੁਦੀਨ ਦੀ ਤਲਵਾਰ ਚੱਲੀ ਅਤੇ ਮੇਰੀ ਸੱਚੀ ਸਰਕਾਰ ਨੇ ਧਰਮ ਦੀ ਖਾਤਰ ਆਪਣਾ ਬਲੀਦਾਨ ਦੇ ਦਿੱਤਾ। ਇਸ 350 ਸਾਲਾ ਸ਼ਹਾਦਤ ਦਿਵਸ ਉਪਰ ਸਾਡੀ ਸਤਿਗੁਰਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਇਹ ਹੋਏਗੀ ਕਿ ਅਸੀਂ ਜਾਤਾਂ, ਧਰਮਾਂ, ਨਸਲਾਂ ਦੀ ਨਫਰਤ ਤੋਂ ਉੱਪਰ ਉੱਠ ਉਸ ਇੱਕ ਅਕਾਲ ਦੇ ਪੁਜਾਰੀ ਬਣੀਏ ਅਤੇ ਸਮੁੱਚੀ ਮਨੁੱਖਤਾ ਅਤੇ ਇਨਸਾਨੀਅਤ ਨੂੰ ਪਿਆਰ ਕਰੀਏ। ਹੋਈਆਂ ਗਲਤੀਆਂ ਦੀ ਖਿਮਾ, ਸਾਰਿਆਂ ਦਾ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

**ਸ੍ਰੀਮਤੀ ਨੀਨਾ ਮਿੱਤਲ (ਰਾਜਪੁਰਾ)**: ਮਾਣਯੋਗ ਸਪੀਕਰ ਸਾਹਿਬ ਜੀ, ਅੱਜ ਪੰਜਾਬ ਦੀ ਵਿਧਾਨ ਸਭਾ ਦੇ ਪਵਿੱਤਰ ਮੰਚ 'ਤੇ ਖੜ੍ਹੇ ਹੋ ਕੇ ਮੈਨੂੰ ਦਿਲੋਂ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਸਭ ਮਿਲ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਮਰ ਸ਼ਹਾਦਤ ਦੇ 350 ਸਾਲਾਂ ਦੇ ਸਮਾਗਮਾਂ ਤਹਿਤ ਉਸ ਮਹਾਨ ਆਤਮਾ ਨੂੰ ਨਮਨ ਕਰ ਰਹੇ ਹਾਂ ਜਿਨ੍ਹਾਂ ਨੇ ਧਰਮ, ਮਨੁੱਖਤਾ ਅਤੇ ਸੱਚ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ ਪਰ ਧਰਮ ਦਾ ਸਿਰ ਝੁਕਣ ਨਹੀਂ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਤਿਆਗ, ਸਮਰਪਣ ਅਤੇ ਆਤਮਿਕ ਅਡਿੱਗਤਾ ਦਾ ਇਕ ਜੀਵੰਤ ਦਰਸ਼ਨ ਹੈ। ਗੁਰੂ ਜੀ ਦਾ ਜਨਮ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ, ਉਹ ਘਰ ਜਿੱਥੇ ਮੀਰੀ ਤੇ ਪੀਰੀ ਦਾ ਮਿਸ਼ਰਣ ਸੀ। ਬਚਪਨ ਤੋਂ ਹੀ ਗੁਰੂ ਜੀ ਨੇ ਧਿਆਨ ਅਤੇ ਅੰਦਰੂਨੀ ਸ਼ਾਂਤੀ ਨੂੰ ਆਪਣਾ ਜੀਵਨ ਮੰਤਰ ਬਣਾਇਆ। ਜਦ ਸਮਾਜ ਵਿੱਚ ਡਰ, ਅਨਿਆਂ ਅਤੇ ਧਾਰਮਿਕ ਜ਼ੁਲਮ ਦਾ ਬੋਲਬਾਲਾ ਸੀ, ਉਸ ਵੇਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਮਤ ਨਾਲ ਆਵਾਜ਼ ਬੁਲੰਦ ਕੀਤੀ।

ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ ॥

ਭਾਵ ਜੋ ਸੱਚ ਦੇ ਰਾਹ ਤੇ ਟਿਕਿਆ ਰਹਿੰਦਾ ਹੈ, ਉਸ ਨੂੰ ਕਿਸੇ ਦਾ ਡਰ ਨਹੀਂ। ਗੁਰੂ ਜੀ ਦਾ ਜੀਵਨ ਭਗਤੀ ਅਤੇ ਦਇਆ ਦਾ ਪ੍ਰਤੀਕ ਸੀ। ਉਹ ਬੇਸਹਾਰਿਆਂ ਦੇ ਸਹਾਰਾ, ਦੁਖੀਆਂ ਦੇ ਮਿੱਤਰ ਅਤੇ ਪੀੜਤਾਂ ਦੇ ਰਖਵਾਲੇ ਸਨ। ਜਿੱਥੇ ਜਿੱਥੇ ਗੁਰੂ ਜੀ ਪਹੁੰਚੇ, ਉੱਥੇ ਮਨੁੱਖੀ ਕਦਰਾਂ ਕੀਮਤਾਂ, ਸੇਵਾ ਅਤੇ ਪ੍ਰੇਮ ਦਾ ਪ੍ਰਕਾਸ਼ ਹੋਇਆ। ਗੁਰੂ ਜੀ ਨੇ ਸਿੱਖੀ ਨੂੰ ਕੇਵਲ ਇਕ ਧਾਰਮਿਕ ਮਾਰਗ ਨਹੀਂ ਬਣਾਇਆ, ਸਗੋਂ ਇਸ ਨੂੰ ਮਨੁੱਖਤਾ ਦੀ ਸੇਵਾ ਨਾਲ ਜੋੜਿਆ। ਸਭ ਤੋਂ ਵੱਡੀ ਗੱਲ — ਜਦ ਕੌਮਾਂ ਤੇ, ਧਰਮਾਂ ਦੇ ਵਜੂਦ 'ਤੇ ਸੰਕਟ ਆਇਆ, ਉਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੇ ਜੀਵਨ ਨਾਲ ਉਹ ਸੰਦੇਸ਼ ਦਿੱਤਾ ਜੋ ਸਦੀ ਦਰ ਸਦੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਬਣਿਆ ਆ ਰਿਹਾ ਹੈ। ਕਸ਼ਮੀਰੀ ਪੰਡਿਤਾਂ ਦੀ ਆਜ਼ਾਦੀ ਦੀ ਲੜਾਈ ਵਿੱਚ ਗੁਰੂ ਜੀ ਨੇ ਖੁਦ ਨੂੰ ਕੁਰਬਾਨੀ ਲਈ ਪੇਸ਼ ਕੀਤਾ। ਦਿੱਲੀ ਦੇ ਚਾਂਦਨੀ ਚੌਂਕ ਵਿੱਚ ਗੁਰੂ ਜੀ ਦਾ ਸੀਸ ਕਲਮ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਇਸੇ ਕਾਰਨ ਸਾਰੀ ਕੌਮ ਨੇ ਗੁਰੂ ਜੀ ਨੂੰ "ਹਿੰਦ ਦੀ ਚਾਦਰ" ਕਿਹਾ — ਉਹ ਚਾਦਰ ਜਿਸ ਨੇ ਸਮੂਹ ਭਾਰਤ ਦੇ ਆਦਰ, ਇੱਜ਼ਤ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਕੀਤੀ।

ਅੱਜ 350 ਸਾਲ ਬਾਅਦ ਵੀ ਗੁਰੂ ਜੀ ਦੀ ਬਾਣੀ ਸਾਨੂੰ ਸੱਚ, ਸਹਿਣਸ਼ੀਲਤਾ ਅਤੇ ਆਤਮਿਕ ਤਾਕਤ ਦੀ ਪ੍ਰੇਰਣਾ ਦਿੰਦੀ ਹੈ। ਉਹ ਸਾਨੂੰ ਸਿਖਾਉਂਦੇ ਹਨ ਕਿ ਧਰਮ ਕਿਸੇ ਇਕ ਪਹਿਚਾਣ ਦਾ ਨਾਮ ਨਹੀਂ — ਇਹ ਨਿਆਂ, ਪ੍ਰੇਮ ਅਤੇ ਸੱਚਾਈ 'ਤੇ ਟਿਕਿਆ, ਜੀਵਨ ਜਿਉਣ ਦਾ ਨਾਮ ਹੈ।

ਇਸ ਮੌਕੇ 'ਤੇ ਮੈਂ ਵਿਧਾਨ ਸਭਾ ਵਿੱਚ ਮੌਜੂਦ ਸਭ ਸਤਿਕਾਰਯੋਗ ਮੈਂਬਰਾਂ ਅਤੇ ਸਮੂਹ ਦੇਸ਼ ਵਾਸੀਆਂ ਨੂੰ ਅਪੀਲ ਕਰਦੀ ਹਾਂ ਕਿ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਉਤਾਰ ਕੇ ਇਕ ਅਜਿਹਾ ਸਮਾਜ ਬਣਾਈਏ ਜਿੱਥੇ ਨਿਰਭੈਤਾ, ਸਹਿਣਸ਼ੀਲਤਾ, ਅਮਨ ਅਤੇ ਭਰਾਤਰੀ ਭਾਵਨਾ ਸਾਡਾ ਅਸਲੀ ਧਰਮ ਬਣੇ।

ਮਾਨਯੋਗ ਮੁੱਖ ਮੰਤਰੀ, ਪੰਜਾਬ, ਸਰਦਾਰ ਭਗਵੰਤ ਮਾਨ ਜੀ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਤਿ-ਸਤਿ ਨਮਨ ਕਰਦਿਆਂ ਵੱਖ-ਵੱਖ ਸ਼ਹਿਰਾਂ ਵਿੱਚ ਇਤਿਹਾਸਕ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਨਾਲ ਕੇਵਲ ਪੰਜਾਬ ਵਾਸੀ ਹੀ ਨਹੀਂ ਸਗੋਂ ਦੇਸ਼ ਅਤੇ ਦੁਨੀਆ ਦੇ ਵਾਸੀ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਉੱਚ ਆਦਰਸ਼ਾਂ ਤੋਂ ਜਾਣੂੰ ਹੋ ਰਹੇ ਹਨ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਸ਼੍ਰੀਮਤੀ ਰਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ)** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ।

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1621 ਨੂੰ ਮਾਤਾ ਨਾਨਕੀ ਦੀ ਕੁੱਖੋਂ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਹੋਇਆ। ਆਪ ਨੇ 14 ਸਾਲ ਦੀ ਉਮਰ ਵਿੱਚ ਪਿਤਾ ਦੇ ਨਾਲ ਮੈਦਾਨੇ ਜੰਗ ਵਿੱਚ ਤੇਗ ਦੇ ਐਸੇ ਜੌਹਰ ਵਿਖਾਏ ਕਿ ਆਪ ਨੂੰ ਸਾਰੇ ਤੇਗ ਬਹਾਦਰ ਕਹਿਣ ਲੱਗ ਪਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਭਾਰਤ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਸਥਾਨ ਰੱਖਦੀ ਹੈ। ਗੁਰੂ ਸਾਹਿਬ ਦੀ ਸ਼ਹਾਦਤ ਨੇ ਸੁੱਤੀ ਕੌਮ ਵਿੱਚ ਨਵੀਂ ਰੂਹ ਫੂਕ ਦਿੱਤੀ। ਗੁਰੂ ਸਾਹਿਬ ਦੀ ਸ਼ਹਾਦਤ ਦਾ ਮੁੱਖ ਕਾਰਨ ਸਿੱਖੀ ਵਿੱਚ ਇਨਕਲਾਬੀ ਵਿਚਾਰਧਾਰਾ ਸੀ। ਗੁਰੂ ਸਾਹਿਬ ਨੇ ਸਿੱਖਾਂ ਨੂੰ ਅਨਿਆਂ ਅਤੇ ਅੱਤਿਆਚਾਰ ਵਿਰੁੱਧ ਲੜਨ ਅਤੇ ਸਵੈ-ਮਾਣ ਨੂੰ ਬੁਲੰਦ ਰੱਖਣ ਦਾ ਸੰਦੇਸ਼ ਦਿੱਤਾ ਸੀ। ਜੋ ਸਮੇਂ ਦੀਆਂ ਸਰਕਾਰਾਂ ਨੂੰ ਮਨਜ਼ੂਰ ਨਹੀਂ ਸੀ, ਜਿਸ ਕਰਕੇ ਆਪ ਸਰਕਾਰ ਦੀਆਂ ਅੱਖਾਂ ਵਿੱਚ ਰੜਕਦੇ ਸੀ। ਔਰੰਗਜ਼ੇਬ ਦੀਆਂ ਨੀਤੀਆਂ ਕਾਰਨ ਹਿੰਦੂਆਂ ਨੂੰ ਜਬਰੀ ਧਰਮ ਪਰਿਵਰਤਣ ਕਰਵਾ ਕੇ ਮੁਸਲਿਮ ਧਰਮ ਵਿੱਚ ਲਿਆਂਦਾ ਜਾ ਰਿਹਾ ਸੀ। ਜਿਸ ਤੋਂ ਤੰਗ ਆ ਕੇ ਹਿੰਦੂਆਂ ਦੇ ਉੱਚ, ਪੰਡਿਤ ਸ੍ਰੀ ਕਿਰਪਾ ਰਾਮ, ਜੋ ਜੰਮੂ-ਕਸ਼ਮੀਰ ਤੋਂ ਸੀ, ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸ਼ਨਾਂ ਲਈ ਆਏ ਅਤੇ ਇਸ ਹੋ ਰਹੇ ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ। ਗੁਰੂ ਜੀ ਨੇ ਹਿੰਦੂ ਧਰਮ ਤੇ ਹੁੰਦੇ ਜ਼ੁਲਮਾਂ ਨੂੰ ਰੋਕਣ ਲਈ ਸਾਰੀ ਜ਼ਿੰਮੇਵਾਰੀ ਆਪ ਲੈ ਲਈ ਅਤੇ ਔਰੰਗਜ਼ੇਬ ਨੂੰ ਹਿੰਦੂਆਂ ਰਾਹੀਂ ਸੁਨੇਹਾ ਭੇਜਿਆ ਕਿ ਅਗਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮੁਸਲਿਮ ਧਰਮ ਅਪਣਾ ਲੈਣ ਤਾਂ ਸਾਰੇ ਹਿੰਦੂ ਇਸਲਾਮ ਧਰਮ ਕਬੂਲ ਕਰ ਲੈਣਗੇ। ਉਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਨੂੰ ਧੀਰਜ ਦਿੰਦੇ ਹੋਏ ਕਿਹਾ ਕਿ ਧਰਮ ਯੁੱਧ ਦਾ ਅਜੇ ਸਮਾਂ ਨਹੀ ਆਇਆ, ਅਜੇ ਕੇਵਲ ਇੱਕ ਪਵਿੱਤਰ ਆਤਮਾ ਦੇ ਬਲੀਦਾਨ ਦੀ ਜ਼ਰੂਰਤ ਹੈ। ਗੁਰੂ ਜੀ ਨੇ ਦਿੱਲੀ ਦਰਬਾਰ ਵੱਲ ਚਾਲੇ ਪਾ ਲਏ। ਜਦੋ ਔਰੰਗਜ਼ੇਬ ਨੂੰ ਇਸ ਬਾਰੇ ਪਤਾ ਲੱਗਾ ਤਾਂ ਗੁਰੂ ਜੀ ਨੂੰ ਦਰਬਾਰ ਵਿੱਚ ਲਿਆਂਦਾ ਗਿਆ। ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਇਸਲਾਮ ਧਰਮ ਕਬੂਲ ਕਰਨ ਦੀ ਤਾਕੀਦ ਕੀਤੀ। ਗੁਰੂ ਜੀ ਨੇ ਕਿਹਾ ਕਿ ਕਿਸੇ ਦੇ ਧਰਮ ਨੂੰ ਖਤਮ ਕਰਕੇ ਏਕਤਾ ਨਹੀ ਕੀਤੀ ਜਾ ਸਕਦੀ ਸਗੋਂ ਅਨੇਕਤਾ ਵਿੱਚ ਏਕਤਾ ਲੱਭਣੀ ਚਾਹੀਦੀ ਹੈ।

ਇਸਲਾਮ ਖੁਦਾ ਦੀ ਰਜ਼ਾ ਵਿੱਚ ਚੱਲਣ ਵਾਲਾ ਧਰਮ ਹੈ। ਤੁਸੀ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਰੱਬ ਦੀ ਰਜ਼ਾ ਵਿੱਚ ਨਹੀ ਚੱਲ ਰਹੇ। ਇਸ ਲਈ ਮੈਂ ਨਹੀ ਮੰਨਦਾ ਕਿ ਤੁਸੀ ਸੱਚੇ ਮੁਸਲਮਾਨ ਹੋ। ਔਰੰਗਜ਼ੇਬ ਇਹ ਸੁਣ ਕੇ ਘਬਰਾ ਗਿਆ ਅਤੇ ਗੁੱਸੇ ਵਿੱਚ ਅੱਗ ਬਬੂਲਾ ਹੋ ਗਿਆ। ਉਸ ਨੇ ਗੁਰੂ ਸਾਹਿਬ ਜੀ ਦੇ ਨਾਲ ਨਾਲ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਗ੍ਰਿਫਤਾਰ ਕਰ ਲਿਆ। ਗੁਰੂ ਜੀ ਨੂੰ ਡਰਾਉਣ ਲਈ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਘਟਨਾਵਾਂ ਦੇ ਬਾਵਜੂਦ ਵੀ ਗੁਰੂ ਸਾਹਿਬ ਅਡੋਲ ਰਹੇ। ਗੁਰੂ ਜੀ ਨੂੰ ਮੁਸਲਮਾਨ ਬਣਾਉਣ ਲਈ ਕਈ ਹੱਥਕੰਡੇ ਵਰਤੇ ਗਏ। ਅਖੀਰ 11 ਨਵੰਬਰ, 1675 ਈ: ਨੂੰ ਚਾਂਦਨੀ ਚੌਕ ਦੇ ਭਰੇ ਇਕੱਠ ਵਿੱਚ ਕਾਜੀ ਵੱਲੋਂ ਦਿੱਤੇ ਫਤਵੇ ਅਨੁਸਾਰ ਸ਼ਹੀਦ ਕਰਨ ਦਾ ਹੁਕਮ ਕਰ ਦਿੱਤਾ ਗਿਆ। ਗੁਰੂ ਜੀ ਦਾ ਸੀਸ ਧੜ ਨਾਲੋਂ ਵੱਖ ਕਰ ਦਿੱਤਾ ਗਿਆ। ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸੈਂਕੜੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਵੇਖਿਆ| ਗੁਰੂ ਸਾਹਿਬ ਦਾ ਸਸਕਾਰ ਦੋ

ਸਥਾਨਾਂ "ਸੀਸ" ਸ੍ਰੀ ਅਨੰਦਪੁਰ ਸਾਹਿਬ ਅਤੇ "ਧੜ" ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ, ਦਿੱਲੀ ਵਿੱਚ ਕੀਤਾ ਗਿਆ। ਗੁਰੂ ਸਾਹਿਬ ਦੀ ਸ਼ਹਾਦਤ ਨੇ ਸਿੱਖ ਕੌਮ ਵਿੱਚ ਜਾਗਰੂਕਤਾ ਪੈਦਾ ਕੀਤੀ। ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸਿੱਖ ਕੌਮ ਵਿੱਚ ਸ਼ਹੀਦੀਆਂ ਦੀ ਲੜੀ ਸ਼ੁਰੂ ਹੋ ਗਈ, ਜੋ ਅੱਜ ਤੱਕ ਬਾਦਸਤੂਰ ਜਾਰੀ ਹਨ। ਗੁਰੂ ਸਾਹਿਬ ਦੀ ਸ਼ਹਾਦਤ ਨੇ ਮਨੁੱਖਤਾ ਨੂੰ ਆਪਣੇ ਹੱਕ, ਸੱਚ ਅਤੇ ਧਰਮ ਦੀ ਰੱਖਿਆ ਲਈ ਦ੍ਰਿੜਤਾ ਉਤੇ ਕਾਇਮ ਰਹਿਣ ਦੇ ਰਾਹ ਪਾਇਆ।

**ਸ੍ਰੀ ਅਮਿਤ ਰਤਨ ਕੋਟਫੱਤਾ (ਬਠਿੰਡਾ ਦਿਹਾਤੀ, ਐਸ.ਸੀ.):** ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ,ਵਿਸ਼ਵ ਦੇ ਸਮੁੱਚੇ ਇਤਿਹਾਸ ਅੰਦਰ ਸ਼ਾਇਦ ਹੀ ਅਜਿਹੀ ਮਿਸਾਲ ਹੋਵੇ ਜਦੋਂ ਨਿਮਰਤਾ ਤੇ ਸ਼ਾਂਤੀ ਦੇ ਮਸੀਹਾ, ਸ੍ਰੀ ਗੁਰੂ ਤੇਗ ਬਹਾਦਰ ਜੀ ਵਰਗੇ ਮਹਾਂਪੁਰਸ਼ ਨੇ ਧਰਮ, ਨਿਆਂ ਅਤੇ ਸਰਬੱਤ ਦੇ ਭਲੇ ਲਈ ਆਪਣਾ ਬਲੀਦਾਨ ਦਿੱਤਾ ਹੋਵੇ। ਔਰੰਗਜ਼ੇਬ ਦੇ ਹੁਕਮ ਮੁਤਾਬਿਕ 11 ਨਵੰਬਰ, 1675 ਨੂੰ ਇੱਕ ਅਤਿ ਭਿਆਨਕ, ਦਰਦਨਾਕ ਅਤੇ ਦਿਲ ਕੰਬਾਊ ਘਟਨਾ ਵਾਪਰੀ, ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਚਾਂਦਨੀ ਚੌਂਕ, ਦਿੱਲੀ ਵਿਖੇ ਜਨਤਕ ਤੌਰ ਤੇ ਸਿਰ ਕਲਮ ਕਰ ਦਿੱਤਾ ਗਿਆ। ਹਰ ਪਾਸੇ ਹਾਹਾਕਾਰ ਮੱਚ ਗਈ, ਇਸ ਅਦੁੱਤੀ ਕੁਰਬਾਨੀ ਦਾ ਪ੍ਰਗਟਾਵਾ ਬਚਿੱਤਰ ਨਾਟਕ ਵਿੱਚ ਕੀਤਾ ਗਿਆ ਹੈ:

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਇੱਕ ਅਪ੍ਰੈਲ 1621 ਨੂੰ ਪਿਤਾ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਗ੍ਰਿਹ ਮਾਤਾ ਨਾਨਕੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਪੈਦਾ ਹੋਏ। ਸੁਚੱਜੀ ਪਰਵਰਿਸ਼ ਸਦਕਾ ਆਪ ਧਾਰਮਿਕ ਨੈਤਿਕ ਅਤੇ ਇਖਲਾਕੀ ਗੁਣਾਂ ਦੇ ਮੁਜੱਸਮਾ ਸਾਬਿਤ ਹੋਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਉਨ੍ਹਾਂ ਦੇ 15 ਰਾਗਾਂ ਵਿੱਚ 115 ਸ਼ਬਦ ਸ਼ਾਮਿਲ ਹਨ। ਸਮੁੱਚੀ ਬਾਣੀ ਅੰਦਰ ਉਨ੍ਹਾਂ ਵੱਲੋਂ ਮਨੁੱਖ ਨੂੰ ਨੈਤਿਕ ਕਦਰਾਂ ਕੀਮਤਾਂ ਅਪਨਾਉਣ ਅਤੇ ਨਿਰਸਵਾਰਥ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਆਦਰਸ਼ ਮਨੁੱਖ ਨੂੰ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ :

ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਰਚਨਾਤਮਿਕ ਬਿਰਤੀ ਅਤੇ ਸਾਰਥਿਕ ਸੋਚ ਰਾਹੀਂ ਧਰਮ ਪ੍ਰਚਾਰ ਨੂੰ ਇੱਕ ਜਨੂੰਨ ਵਾਂਗ ਅਪਣਾਇਆ। ਉਨ੍ਹਾਂ ਨੇ ਵੱਖ ਵੱਖ ਥਾਵਾਂ ਦਾ ਭਰਮਨ ਕਰਦਿਆਂ, ਜਿਵੇਂ ਢਾਕਾ (ਬੰਗਲਾਦੇਸ਼), ਅਸਾਮ, ਮਥੁਰਾ, ਆਗਰਾ, ਬਨਾਰਸ ਆਦਿ ਸਥਾਨਾਂ ਤੇ ਜਾ ਕੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਮਾਖੋਵਾਲ ਵਿਖੇ 'ਚੱਕ ਨਾਨਕੀ' ਦਾ ਨਿਰਮਾਣ ਕੀਤਾ ਜੋ ਉਪਰੰਤ ਸ੍ਰੀ ਅਨੰਦਪੁਰ ਸਾਹਿਬ, ਵਿਸ਼ਵ ਪ੍ਰਸਿੱਧ ਧਰਮ ਪ੍ਰਚਾਰ ਕੇਂਦਰ ਸਥਾਪਿਤ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਵਿੱਤਰ ਸਥਾਨ ਤੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ 'ਗੁਰੂ ਮਾਨਿਓ ਗ੍ਰੰਥ' ਉਚਾਰਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 1664 ਨੂੰ ਗੁਰਗੱਦੀ ਸੰਭਾਲੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਦੀ ਰੱਖਿਆ ਖਾਤਰ ਕ੍ਰਾਂਤੀਕਾਰੀ ਅਤੇ ਵਿਲੱਖਣ ਸ਼ਹਾਦਤ ਦਾ ਸਫਰ ਸ਼ੁਰੂ ਕੀਤਾ। ਉਨ੍ਹਾਂ ਨੇ ਧਰਮ ਪ੍ਰਚਾਰ ਦੌਰਾਨ ਸੁਚੱਜੀ ਜੀਵਨ ਜਾਚ ਦਾ ਸੰਦੇਸ਼ ਦਿੱਤਾ।

ਆਪਣੇ ਸਿਧਾਂਤ ਦੀ ਰਖਵਾਲੀ ਲਈ ਜਾਨ ਵਾਰਨ ਦਾ ਨਿਸ਼ਚਾ ਸੱਚੇ ਸੁੱਚੇ ਪ੍ਰੇਮ ਵਿਚੋਂ ਉਪਜਦਾ ਹੈ, ਭਗਤ ਕਬੀਰ ਜੀ ਦਾ ਸ਼ਬਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੂਰਮਗਤੀ ਨੂੰ ਸਪੱਸ਼ਟ ਕਰਦਾ ਹੈ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

10 ਨਵੰਬਰ, 1675 ਨੂੰ ਗੁਰੂ ਸਾਹਿਬ ਦੇ ਸਾਹਮਣੇ ਉਨ੍ਹਾਂ ਦੇ ਪਿਆਰੇ ਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਬੇਹੱਦ ਅਮਾਨਵੀ ਅਤੇ ਘਿਣੌਨੇ ਢੰਗ ਨਾਲ ਸ਼ਹੀਦ ਕੀਤਾ ਗਿਆ। ਆਉ, ਇਸ ਅਲੌਕਿਕ ਸ਼ਹਾਦਤ ਨੂੰ ਸਲਾਮ ਕਰਦੇ ਹੋਏ ਇਤਿਹਾਸ ਦੇ ਪੰਨਿਆਂ ਤੇ ਸੱਚ ਅਤੇ ਨਿਆਂ ਦੀ ਜਿੱਤ ਨੂੰ ਦੁਹਰਾਈਏ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਸਤਿਕਾਰਯੋਗ ਸਪੀਕਰ ਸਾਹਿਬ, ਦੁਨੀਆਂ ਭਰ ਵਿਚ ਹੋਈਆਂ ਸ਼ਹਾਦਤਾਂ ਦੇ ਇਤਿਹਾਸ ਵਿਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਸੰਨ 1675 ਵਿਚ ਅੱਜ ਦੇ ਦਿਨ, ਦਿੱਲੀ ਦੇ ਚਾਂਦਨੀ ਚੌਂਕ ਵਿੱਚ ਦਿੱਤੀ ਗਈ ਸ਼ਹਾਦਤ ਅਦੁੱਤੀ, ਵਿਲੱਖਣ, ਲਾਸਾਨੀ ਅਤੇ ਲਾਮਿਸਾਲ ਹੈ। ਧਰਮ ਦੀ ਦੁਨੀਆਂ ਵਿਚ ਇਹ ਇਕੋ-ਇਕ ਸ਼ਹਾਦਤ ਹੈ ਜਿਹੜੀ ਕਿਸੇ ਰਹਿਬਰ ਵਲੋਂ ਉਹਨਾਂ ਧਾਰਮਿਕ ਅਕੀਦਿਆਂ ਤੇ ਧਾਰਮਿਕ ਚਿੰਨ੍ਹਾਂ ਦੀ ਰਾਖੀ ਲਈ ਦਿੱਤੀ ਗਈ, ਜਿਨ੍ਹਾਂ ਨੂੰ ਧਾਰਨ ਕਰਨ ਵਿਚ ਉਹਨਾਂ ਨੂੰ ਖੁਦ ਵਿਸ਼ਵਾਸ਼ ਨਾ ਹੋਵੇ। ਗੁਰੂ ਸਾਹਿਬ ਨੇ ਉਸ ਸਮੇਂ ਦੀ ਹਕੂਮਤ ਵੱਲੋਂ ਰਾਜ ਸੱਤਾ ਦੇ ਬਲਬੂਤੇ ਜਬਰੀ ਲੁਹਾਏ ਜਾ ਰਹੇ ਤਿਲਕ-ਜੰਞੂ ਦੀ ਰਾਖੀ ਲਈ ਆਪਣਾ ਸੀਸ ਕਟਾ ਕੇ ਇਹ ਅਸੂਲ ਬੁਲੰਦ ਕੀਤਾ ਕਿ ਹਰ ਮਨੁੱਖ ਨੂੰ ਆਪਣੀ ਆਤਮਾ ਦੀ ਆਵਾਜ਼ ਅਨੁਸਾਰ ਕੋਈ ਵੀ ਧਰਮ ਅਪਨਾਉਣ ਦਾ ਜਮਾਂਦਰੂ ਅਧਿਕਾਰ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨਾਲ ਸਿੱਖ ਧਰਮ ਦਾ ਇਕ ਬਹੁਤ ਹੀ ਮਹੱਤਵਪੂਰਣ ਇਹ ਪੱਖ ਵੀ ਸਾਹਮਣੇ ਆਇਆ ਕਿ ਜਗਤ ਗੁਰੂ ਬਾਬਾ ਨਾਨਕ ਜੀ ਵਲੋਂ ਚਲਾਇਆ ਇਹ "ਤੀਸਰ ਪੰਥ" ਆਪਣੀ "ਸਰਬੱਤ ਦੇ ਭਲੇ" ਦੀ ਕਲਿਆਣਕਾਰੀ ਵਿਚਾਰਧਾਰਾ ਨੂੰ ਤਲਵਾਰ ਦੇ ਜ਼ੋਰ ਦੀ ਥਾਂ "ਪ੍ਰੇਮ ਦੇ ਮਾਰਗ" ਦਾ ਪਾਂਧੀ ਬਣ ਕੇ ਅੱਗੇ ਵਧਾਵੇਗਾ। ਧਰਮ ਹੇਤ ਕੀਤੇ ਗਏ ਸਾਕੇ ਨੇ ਸਿੱਖ ਗੁਰੂ ਸਾਹਿਬਾਨ ਦੀ ਸੋਚ ਦਾ ਇਹ ਕੇਂਦਰੀ ਨੁਕਤਾ ਵੀ ਉਜਾਗਰ ਕੀਤਾ ਕਿ ਉਹਨਾਂ ਦਾ ਸੁਪਨਾ ਕਿਸੇ ਇਕਰੰਗੀ ਸਮਾਜ ਦੀ ਥਾਂ ਅਜਿਹੇ ਬਹੁਰੰਗੀ ਸਮਾਜ ਨੂੰ ਸਿਰਜਣਾ ਸੀ ਜਿਥੇ ਵੱਖ ਵੱਖ ਧਰਮਾਂ, ਬੋਲੀਆਂ, ਸੱਭਿਆਚਾਰਾਂ, ਨਸਲਾਂ ਤੇ ਰੰਗਾਂ ਦੇ ਲੋਕ 'ਪਿਆਰ-ਮੁਹੱਬਤ ਨਾਲ ਰਹਿਣ। ਸਿੱਖ ਗੁਰੂ ਸਾਹਿਬਾਨ ਦੇ ਇਸ ਸੰਕਲਪ ਨੂੰ ਅਜੋਕੇ ਸਮਾਜ ਵਿਗਿਆਨੀ "ਬਹੁਲਤਾਵਾਦ" (Pluralistic) ਅਤੇ "ਸਹਿਹੋਂਦ" (Co-Existence) ਦੇ ਸ਼ਬਦਾਂ ਰਾਹੀਂ ਪਰਿਭਾਸ਼ਤ ਕਰ ਰਹੇ ਹਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਲਈ ਵੀ ਅਦੁੱਤੀ ਹੈ ਕਿਉਂਕਿ ਇਸ ਨੇ ਸ਼ਹਾਦਤ ਦਾ ਸਿੱਖ ਸੰਕਲਪ ਵੀ ਸਥਾਪਤ ਕੀਤਾ। ਇਸ ਸੰਕਲਪ ਦੀ ਪਹਿਲੀ

ਸ਼ਰਤ, ਨਿਰਭਉ ਤੇ ਨਿਰਵੈਰ ਹੋ ਕੇ ਹੱਕ-ਸੱਚ ਦੀ ਰਾਖੀ ਲਈ ਜਾਨ ਨਿਛਾਵਰ ਕਰਨੀ ਹੈ। ਦੂਜੀ, ਆਪਣੀ ਮਰਜ਼ੀ ਨਾਲ ਕੁਰਬਾਨੀ ਦੇ ਮਾਰਗ ਉਤੇ ਤੁਰਨਾ ਅਤੇ ਤੀਜੀ, ਮਨੁੱਖ ਨੂੰ ਇਸ ਮਾਰਗ ਤੋਂ ਪਿੱਛੇ ਹਟਣ ਦਾ ਮੌਕਾ ਮਿਲਣ ਦੇ ਬਾਵਜੂਦ ਮਕਤਲ ਤੱਕ ਸ਼ਾਨ ਨਾਲ ਜਾਣਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਹ ਅਨੂਪਮ ਸ਼ਹਾਦਤ ਸਿੱਖ ਸਿਧਾਂਤ, ਇਤਿਹਾਸ ਅਤੇ ਅਮੀਰ ਪ੍ਰੰਪਰਾ ਦੇ ਸੁਮੇਲ ਦੀ ਸਿਖਰ ਹੈ। ਸ਼ਹਾਦਤ ਦੇ ਮਾਰਗ ਉਤੇ ਤੁਰਦਿਆਂ ਉਹਨਾਂ ਦੇ ਸਨਮੁੱਖ ਬਾਬਾ ਨਾਨਕ ਦਾ ਇਹ ਹੁਕਮ ਸੀ "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥" ਇਹਨਾਂ ਬਚਨਾਂ ਨੂੰ ਤੱਤੀ ਤਵੀ ਉਪਰ ਬਹਿ ਕੇ ਮੂਰਤੀਮਾਨ ਕਰਨ ਵਾਲੇ ਉਹਨਾਂ ਦੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਉਹਨਾਂ ਨੂੰ ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਦਾ ਰਾਹ ਵਿਖਾ ਦਿੱਤਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸਾਨੂੰ ਭੈਅ ਮੁਕਤ, ਬੰਧਨ ਮੁਕਤ, ਲੋਭ ਮੁਕਤ, ਮੋਹ ਮੁਕਤ, ਹਉਮੈ ਮੁਕਤ ਅਤੇ ਬਲਵਾਨ ਹੋ ਕੇ ਸੰਸਾਰ ਵਿਚ ਵਿਚਰਣ ਦੀ ਸਿੱਖਿਆ ਦਿੰਦੀ ਹੈ। ਉਹਨਾਂ ਦਾ ਵਿਸ਼ਵਾਸ ਹੈ ਕਿ ਬਲਵਾਨ ਮਨੁੱਖ ਹੀ "ਨਿਰਭਉ ਤੇ ਨਿਰਵੈਰ" ਰਹਿ ਸਕਦਾ ਹੈ, ਜੋ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਬਲਹੀਣ ਮਨੁੱਖ ਗੁਲਾਮੀ ਤੇ ਸ਼ੋਸ਼ਣ ਵਰਗੇ ਬੰਧਨਾਂ ਵਿਚ ਫਸ ਕੇ ਰਹਿ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਮਜ਼ਲੂਮਾਂ, ਨਿਤਾਣਿਆਂ, ਨਿਓਟਿਆਂ ਅਤੇ ਨਿਮਾਣਿਆਂ ਦੇ ਹਿਰਦਿਆਂ ਵਿੱਚ ਅਜਿਹੀ ਰੂਹ ਫੂਕੀ ਕਿ ਕੁਝ ਸਮੇਂ ਵਿਚ ਹੀ ਹਿੰਦੁਸਤਾਨ ਵਿਚੋਂ ਜ਼ੁਲਮੀ ਮੁਗਲ ਹਕੂਮਤ ਦਾ ਅੰਤ ਹੋ ਗਿਆ।

**ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ (ਬਾਘਾ ਪੁਰਾਣਾ)** : ਤਿੰਨ ਪੱਖਾਂ ਅਨੁਸਾਰ ਇੱਕ ਸੁੰਦਰ, ਸਾਫ ਅਤੇ ਪ੍ਰਭਾਵਸ਼ਾਲੀ ਵਰਣਨ ਤਿਆਰ ਕੀਤਾ ਗਿਆ ਹੈ, ਜੋ ਤੁਸੀਂ ਕਿਤੇ ਵੀ ਵਰਤ ਸਕਦੇ ਹੋ।

**(ਭੂਤਕਾਲ)** – ਗੁਰੂ ਤੇਗ ਬਹਾਦਰ ਜੀ ਦਾ ਪ੍ਰਭਾਵ ਤੇ ਦਾਤ :

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ, ਨਿਮਰਤਾ, ਤਿਆਗ ਅਤੇ ਧੀਰਜ ਨਾਲ ਸਿੱਖ ਧਰਮ ਨੂੰ ਇੱਕ ਰੂਹਾਨੀ ਦਿਸ਼ਾ ਦਿੱਤੀ। ਉਨ੍ਹਾਂ ਨੇ ਮਨੁੱਖ ਨੂੰ ਮਨ ਦੀ ਸ਼ਾਂਤੀ, ਡਰ–ਰਹਿਤ ਜੀਵਨ, ਸੱਚ ਦੀ ਪਾਲਣਾ ਅਤੇ ਧਰਮ ਲਈ ਡਟੇ ਰਹਿਣ ਦੀ ਸਿੱਖਿਆ ਦਿੱਤੀ। ਹਿੰਦੂ ਭਾਈਚਾਰੇ ਦੀ ਰੱਖਿਆ ਲਈ ਆਪਣੀ ਜਾਨ ਨਿਛਾਵਰ ਕਰਕੇ "ਹਿੰਦ ਦੀ ਢਾਲ" ਬਣੇ। ਉਨ੍ਹਾਂ ਦੀ ਬਾਣੀ ਆਨੰਦ, ਸ਼ਾਂਤੀ ਅਤੇ ਵੈਰਾਗ ਦਾ ਸੰਦੇਸ਼ ਦਿੰਦੀ ਹੈ।

**(ਵਰਤਮਾਨ)** – ਸਿੱਖ ਧਰਮ ਤੇ ਸਭ ਧਰਮਾਂ ਨੂੰ ਮਿਲੀ ਦੇਣ :

ਅੱਜ ਵੀ ਗੁਰੂ ਤੇਗ ਬਹਾਦਰ ਜੀ ਦੀ ਸਿੱਖਿਆ ਹਰ ਧਰਮ, ਹਰ ਰਾਹ, ਹਰ ਮਨੁੱਖ ਲਈ ਪ੍ਰੇਰਣਾ ਹੈ। ਉਨ੍ਹਾਂ ਨੇ ਦੱਸਿਆ ਕਿ ਧਰਮ ਕਿਸੇ ਇੱਕ ਜਾਤ ਜਾਂ ਧਰਮ ਦਾ ਨਹੀਂ—ਸਭ ਮਨੁੱਖਾਂ ਦਾ ਹੈ। ਸਿੱਖ ਧਰਮ ਅੱਜ ਵੀ ਜਿਹੜੀਆਂ ਕਦਰਾਂ ਕੀਮਤਾਂ ਦਾ ਪ੍ਰਚਾਰ ਕਰਦਾ ਹੈ—ਸਮਾਨਤਾ, ਸਹਿਣਸ਼ੀਲਤਾ, ਆਜ਼ਾਦੀ, ਮਨੁੱਖਤਾ, ਨਿਸ਼ਕਾਮ ਸੇਵਾ—ਉਹ ਗੁਰੂ ਤੇਗ ਬਹਾਦਰ ਜੀ ਦੀ ਹੀ ਦਾਤ ਹਨ। ਉਨ੍ਹਾਂ ਦੀ ਸ਼ਹੀਦੀ ਕਰਕੇ ਅੱਜ ਭਾਰਤ ਵਿੱਚ ਸਭ ਧਰਮਾਂ ਨੂੰ ਆਪਣਾ ਧਰਮ ਮਨਾਉਣ ਦੀ ਆਜ਼ਾਦੀ ਹੈ।

**(ਭਵਿੱਖ)** – ਸਿੱਖ ਧਰਮ ਤੇ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਦਾ ਮਹੱਤਵ :

ਭਵਿੱਖ ਵਿੱਚ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਮਨੁੱਖਤਾ ਨੂੰ ਹੋਰ ਮਜ਼ਬੂਤ ਕਰਨਗੀਆਂ। ਉਨ੍ਹਾਂ ਦੀ ਕੁਰਬਾਨੀ ਸਾਨੂੰ ਸਿਖਾਉਂਦੀ ਹੈ ਕਿ ਸੱਚ ਲਈ ਖੜ੍ਹੇ ਰਹੋ, ਚਾਹੇ ਕੁਰਬਾਨੀ ਕਿਉਂ ਨਾ ਦੇਣੀ ਪਏ। ਸਿੱਖ ਧਰਮ ਹਮੇਸ਼ਾ ਸ਼ਾਂਤੀ, ਭਰਾਤਰੀਭਾਵ, ਸਹਿਣਸ਼ੀਲਤਾ ਅਤੇ ਨਿਆਂ ਦਾ ਰਸਤਾ ਦੱਸਦਾ ਰਹੇਗਾ। ਉਨ੍ਹਾਂ ਦੀ ਸ਼ਹਾਦਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸ਼ ਦੇਵੇਗੀ ਕਿ ਧਰਮ ਦੀ ਰੱਖਿਆ ਲਈ ਅਟੱਲ ਰਹਿਣਾ ਹੀ ਸੱਚੀ ਬਹਾਦਰੀ ਹੈ।

**ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦਾ ਮਹੱਤਵ :**

ਉਨ੍ਹਾਂ ਨੇ ਦੂਜੇ ਧਰਮ ਦੀ ਰੱਖਿਆ ਲਈ ਆਪਣੀ ਜਾਨ ਦਿੱਤੀ—ਇਹ ਮਨੁੱਖਤਾ ਦੇ ਇਤਿਹਾਸ ਵਿੱਚ ਬੇਮਿਸਾਲ ਉਦਾਹਰਨ ਹੈ। ਉਨ੍ਹਾਂ ਦੀ ਸ਼ਹਾਦਤ ਨਾ ਸਿਰਫ਼ ਸਿੱਖ ਧਰਮ ਲਈ ਬਲਕਿ ਸਾਰੀ ਦੁਨੀਆ ਲਈ ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਡਾ ਪਾਠ ਹੈ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੇ ਸਾਬਤ ਕੀਤਾ ਕਿ ਸੱਚਾ ਧਰਮ ਉਹ ਹੈ ਜੋ ਦੂਜਿਆਂ ਦੀ ਰੱਖਿਆ ਲਈ ਅੱਗੇ ਆਏ। ਕੁਰਬਾਨੀ ਦੀ ਮੁੱਖ ਪ੍ਰੇਰਣਾ ਬਹੁਤ ਸਪੱਸ਼ਟ, ਸਾਫ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦਿੱਤੀ ਗਈ ਹੈ।

**ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦੀ ਮੁੱਖ ਪ੍ਰੇਰਣਾ:**

**1. ਧਰਮ ਦੀ ਆਜ਼ਾਦੀ ਦੀ ਰੱਖਿਆ**

ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਕਿ ਹਰ ਮਨੁੱਖ ਨੂੰ ਆਪਣਾ ਧਰਮ ਮਨਾਉਣ ਦੀ ਆਜ਼ਾਦੀ ਹੈ। ਉਨ੍ਹਾਂ ਦੀ ਸ਼ਹਾਦਤ ਕਰਕੇ ਅੱਜ ਭਾਰਤ ਵਿੱਚ ਹਰ ਧਰਮ ਨੂੰ ਬਰਾਬਰ ਦਾ ਹੱਕ ਮਿਲਿਆ।

**2. ਮਨੁੱਖੀ ਅਧਿਕਾਰਾਂ ਦਾ ਸਭ ਤੋਂ ਵੱਡਾ ਸੰਦੇਸ਼**

ਗੁਰੂ ਤੇਗ ਬਹਾਦਰ ਜੀ ਨੇ ਸਿਖਾਇਆ ਕਿ ਮਨੁੱਖਤਾ ਸਭ ਤੋਂ ਵੱਡਾ ਧਰਮ ਹੈ। ਉਨ੍ਹਾਂ ਦੀ ਕੁਰਬਾਨੀ ਨੇ ਪੂਰੀ ਦੁਨੀਆ ਨੂੰ human rights (ਮਨੁੱਖੀ ਅਧਿਕਾਰਾਂ) ਦੀ ਮਹੱਤਤਾ ਸਮਝਾਈ।

**3. ਜ਼ੁਲਮ ਦੇ ਖ਼ਿਲਾਫ਼ ਖੜ੍ਹੇ ਹੋਣ ਦੀ ਹਿੰਮਤ**

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਲੋਕਾਂ ਨੂੰ ਇਹ ਹਿੰਮਤ ਦਿੱਤੀ ਕਿ ਜਿੱਥੇ ਜ਼ੁਲਮ ਹੋਵੇ ਉਸ ਦੇ ਵਿਰੁੱਧ ਖੜ੍ਹਨਾ ਸਭ ਤੋਂ ਵੱਡਾ ਧਰਮ ਹੈ।

**4. ਕਮਜ਼ੋਰਾਂ ਦੀ ਰੱਖਿਆ ਦੀ ਪ੍ਰਥਾ**

ਗੁਰੂ ਤੇਗ ਬਹਾਦਰ ਜੀ ਨੇ ਦੂਜੇ ਧਰਮ ਦੀ ਰੱਖਿਆ ਲਈ ਜਾਨ ਦਿੱਤੀ। ਇਸ ਨਾਲ ਸਿੱਖ ਧਰਮ ਵਿੱਚ ਇਹ ਪਰੰਪਰਾ ਸਥਾਪਿਤ ਹੋਈ ਕਿ ਕਮਜ਼ੋਰ ਵਰਗ ਦੀ ਹਿਫ਼ਾਜ਼ਤ ਕਰਨੀ ਹੀ ਸੱਚੀ ਬਹਾਦਰੀ ਹੈ।

**5. ਸੱਚ ਲਈ ਅਟੱਲ ਰਹਿਣ ਦੀ ਪ੍ਰੇਰਣਾ**

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਕੁਰਬਾਨੀ ਨਾਲ ਦੱਸਿਆ ਕਿ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ, ਭਾਵੇਂ ਰਾਹ ਮੁਸ਼ਕਿਲ ਕਿਉਂ ਨਾ ਹੋਵੇ। ਇਸ ਨਾਲ ਸਿੱਖ ਧਰਮ ਵਿੱਚ ਸੱਚ, ਨਿਆਂ ਤੇ ਹਿੰਮਤ ਵਰਗੀਆਂ ਕਦਰਾਂ-ਕੀਮਤਾਂ ਹੋਰ ਮਜ਼ਬੂਤ ਹੋਈਆਂ।

**6. ਸਿੱਖ ਪੰਥ ਦੀ ਏਕਤਾ ਅਤੇ ਮਜ਼ਬੂਤੀ**

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖ ਕੌਮ ਨੂੰ ਆਤਮਿਕ ਅਤੇ ਸਮਾਜਿਕ ਤੌਰ 'ਤੇ ਇਕਜੁੱਟ ਕੀਤਾ। ਇਸ ਦੇ ਨਤੀਜੇ ਵਜੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ।

**7. ਦੁਨੀਆ ਵਿੱਚ ਸਿੱਖ ਧਰਮ ਦੀ ਪਹਿਚਾਣ ਉੱਚੀ ਹੋਈ**

ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੂੰ ਅੱਜ ਪੂਰੀ ਦੁਨੀਆ ਸਲਾਮ ਕਰਦੀ ਹੈ। ਇਸ ਨਾਲ ਸਿੱਖ ਧਰਮ ਦੀ ਪਹਿਚਾਣ ਨਾਲ ਨਿਆਂ, ਹਿੰਮਤ, ਮਨੁੱਖਤਾ ਤੇ ਕੁਰਬਾਨੀ ਜੁੜ ਗਈ।

**8. ਨਵੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ**

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬੱਚਿਆਂ ਤੇ ਨੌਜਵਾਨਾਂ ਨੂੰ ਸੱਚ ਬੋਲਣਾ ਤੇ ਸੱਚੇ ਰਾਹ 'ਤੇ ਚਲਣਾ ਸਿਖਾਉਂਦੀ ਹੈ ਅਤੇ ਇਹ ਵੀ ਸਿਖਾਉਂਦੀ ਹੈ ਕਿ ਕਿਸੇ ਤੋਂ ਡਰਨਾ ਨਹੀਂ ਹੈ ਅਤੇ ਜ਼ੁਲਮ ਦੇ ਸਾਹਮਣੇ ਝੁਕਣਾ ਨਹੀਂ ਹੈ।

**9. ਸਮਾਜ ਵਿੱਚ ਧਾਰਮਿਕ ਭਾਈਚਾਰੇ ਦੀ ਮਜ਼ਬੂਤੀ**

ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਕਿ ਸਭ ਧਰਮ ਇੱਕੋ ਪਰਮਾਤਮਾ ਵੱਲ ਲੈ ਜਾਂਦੇ ਹਨ। ਇਸ ਨਾਲ ਆਪਸੀ ਭਾਈਚਾਰਕ ਪਿਆਰ, ਏਕਤਾ ਅਤੇ ਸਹਿਣਸ਼ਕਤੀ ਵਧੀ।

**10. ਰੂਹਾਨੀ ਜਾਗਰੂਕਤਾ**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਬਚਨਾਂ ਨੇ ਲੋਕਾਂ ਨੂੰ ਨਿਮਰਤਾ, ਵੈਰਾਗ, ਧੀਰਜ ਤੇ ਮਨ ਦੀ ਸ਼ਾਂਤੀ ਦਾ ਰਾਹ ਦੱਸਿਆ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਅੱਜ ਸਾਨੂੰ ਮੌਕਾ ਮਿਲਿਆ ਹੈ ਕਿ ਅਸੀਂ ਸਾਰੇ ਮਿਲ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾ ਰਹੇ ਹਾਂ।

ਪਹਿਲੀ ਪਾਤਸ਼ਾਹੀ ਨੇ ਤਿਲਕ ਤੇ ਜੰਞੂ ਨੂੰ ਪਾਉਣ ਤੋਂ ਮਨ੍ਹਾ ਕੀਤਾ ਸੀ - ਮਨੁੱਖੀ ਅਧਿਕਾਰ ਤੇ ਸੱਚ ਦੀ ਆਜ਼ਾਦੀ ਦੀ ਬੁਨਿਆਦ ਰੱਖੀ ਸੀ। ਨੌਵੀਂ ਪਾਤਸ਼ਾਹੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਸੇ ਆਜ਼ਾਦੀ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ, ਜਦੋਂ ਔਰੰਗਜ਼ੇਬ ਦੀ ਹਕੂਮਤ ਧਰਮ ਦੇ ਨਾਂ 'ਤੇ ਜ਼ਬਰ ਤੇ ਨਫ਼ਰਤ ਦਾ ਰਾਜ ਚਲਾ ਰਹੀ ਸੀ। ਗੁਰੂ ਸਾਹਿਬ ਉਸ ਜ਼ਬਰ ਦੇ ਅੱਗੇ ਝੁਕੇ ਨਹੀਂ ਬਲਕਿ ਇਹ ਕਿਹਾ ਕਿ ਜੇਕਰ ਧਾਰਮਿਕ ਅਕੀਦੇ ਦੀ ਆਜ਼ਾਦੀ ਨੂੰ ਦਬਾਇਆ ਜਾਂਦਾ ਹੈ ਤਾਂ ਸਾਰੀ ਮਨੁੱਖਤਾ ਦੀ ਆਵਾਜ਼ ਦਬਾਈ ਜਾ ਰਹੀ ਹੈ। ਗੁਰੂ ਸਾਹਿਬ ਨੇ ਧਾਰਮਿਕ ਅਕੀਦੇ ਦੀ ਆਜ਼ਾਦੀ ਦੀ ਰੱਖਿਆ ਕੀਤੀ ਪਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੌਜੂਦਾ ਸਮੇਂ ਵਿੱਚ ਵੀ ਦੇਸ਼ ਵਿੱਚ ਉਹੀ ਨਫ਼ਰਤ ਤੇ ਵੰਡ ਦੀ ਰਾਜਨੀਤੀ, ਧਾਰਮਿਕ ਅਕੀਦੇ ਦੀ ਆਜ਼ਾਦੀ ਨੂੰ ਦਬਾਉਣ ਦੀ ਰਾਜਨੀਤੀ ਦੁਬਾਰਾ ਜਨਮ ਲੈ ਰਹੀ ਹੈ। ਘੱਟ ਗਿਣਤੀਆਂ ਖਿਲਾਫ਼ ਵਿਤਕਰੇ ਦਾ ਮਾਹੌਲ ਬਣਾਇਆ ਜਾ ਰਿਹਾ ਹੈ ਤੇ ਜਿਸ ਤਰ੍ਹਾਂ ਉਸ ਵੇਲੇ ਦੀ ਹਕੂਮਤ ਜ਼ਬਰ ਦਾ ਪ੍ਰਤੀਕ ਸੀ, ਅੱਜ ਦੀ ਹਕੂਮਤ ਉਸੇ ਔਰੰਗਜ਼ੇਬੀ ਸੋਚ ਦਾ ਰੂਪ ਲੈ ਰਹੀ ਹੈ ਅਤੇ ਦੁੱਖ ਦੀ ਗੱਲ ਹੈ ਕਿ ਪੰਜਾਬ ਦੀ ਹਕੂਮਤ, ਜੋ ਗੁਰੂਆਂ ਦੀ ਧਰਤੀ ਦੀ ਰਾਖੀ ਕਰਨ ਦੀ ਜ਼ਿੰਮੇਵਾਰ ਹੈ, ਉਹ ਇਸ ਮਾਹੌਲ 'ਤੇ ਚੁੱਪ ਹੈ। ਜਿੱਥੇ ਗੁਰੂ ਸਾਹਿਬ ਦੀ ਬੇਅਦਬੀ ਹੋਈ, ਉਥੇ ਇਨਸਾਫ਼ ਦੇਣ ਦੀ ਬਜਾਏ ਅੱਜ ਵੀ ਦੋਸ਼ੀਆਂ ਦੀ ਪਿੱਠ ਥਪਥਪਾਈ ਜਾ ਰਹੀ ਹੈ।

ਗੁਰੂ ਸਾਹਿਬ ਦੀ ਸਿੱਖਿਆ ਸੀ - ਸੱਚ ਬੋਲੋ, ਨਿਆਂ ਕਰੋ ਤੇ ਬਰਾਬਰੀ ਦੇ ਹੱਕਾਂ ਲਈ ਖੜ੍ਹੇ ਰਹੋ ਪਰ ਅੱਜ ਜੇ ਅਸੀਂ ਉਸ ਸੱਚ ਦੀ ਆਵਾਜ਼ ਬਣਨ ਤੋਂ ਡਰ ਰਹੇ ਹਾਂ ਤਾਂ ਅਸੀਂ ਗੁਰੂਆਂ ਦੀ ਪੈੜ ਤੋਂ ਹਟ ਰਹੇ ਹਾਂ। ਧਾਰਮਿਕ ਸਮਾਗਮ ਮਨਾਉਣਾ ਸਾਡਾ ਫਰਜ਼ ਹੈ ਪਰ ਸਾਨੂੰ ਗੁਰੂ ਸਾਹਿਬ ਦੇ ਅਸਲ ਸਿਧਾਂਤ 'ਤੇ ਵੀ ਚੱਲਣਾ ਚਾਹੀਦਾ ਹੈ ਜਦਕਿ

ਇਹ ਸਿਰਫ਼ ਰਸਮੀ ਸਮਾਗਮਾਂ ਤੱਕ ਸੀਮਿਤ ਕੀਤਾ ਜਾ ਰਿਹਾ ਹੈ। ਧਾਰਮਿਕ ਭਾਵਨਾਵਾਂ ਦਾ ਸਿਆਸੀ ਫ਼ਾਇਦਾ ਚੁੱਕਣਾ, ਜਨਤਾ ਨੂੰ ਭਰਮਾਉਣਾ ਤੇ ਅਸਲ ਜ਼ਿੰਮੇਵਾਰੀਆਂ ਤੋਂ ਪਾਸਾ ਵੱਟਣਾ, ਇਹ ਕਿਸੇ ਵੀ ਹਕੂਮਤ ਲਈ ਸ਼ਰਮ ਦੀ ਗੱਲ ਹੈ। ਧਰਮ ਦਾ ਮਕਸਦ ਜਾਗਰੂਕਤਾ ਤੇ ਨਿਆਂ ਹੈ ਨਾ ਕਿ ਪ੍ਰਚਾਰ ਦਾ ਮੰਚ ਬਣਾਉਣਾ।

ਮੇਰੇ ਲਈ, ਬਤੌਰ ਸਿੱਖਿਆ ਮੰਤਰੀ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਕੂਲਾਂ ਤੱਕ ਲੈ ਜਾਣਾ ਸਿਰਫ਼ ਯਾਦਗਾਰੀ ਨਹੀਂ ਸੀ, ਉਹ ਜਾਗਰੂਕਤਾ ਸੀ ਤਾਂ ਜੋ ਅਗਲੀ ਪੀੜ੍ਹੀ ਸਮਝੇ ਕਿ ਧਰਮ ਸਿਰਫ਼ ਰਸਮ ਨਹੀਂ ਬਲਕਿ ਜ਼ਿੰਮੇਵਾਰੀ ਹੈ ਪਰ ਅੱਜ ਜਦੋਂ ਸਾਡੀ ਵਿਧਾਨ ਸਭਾ - ਇੱਕ ਮੁਕੱਦਸ ਸਦਨ — ਲੋਕਾਂ ਦੀ ਆਵਾਜ਼ ਬਣਨ ਦੀ ਥਾਂ ਸਿਆਸੀ ਪ੍ਰਚਾਰ ਦਾ ਮੰਚ ਬਣਦੀ ਜਾ ਰਹੀ ਹੈ, ਇਹ ਸਾਡੀ ਜ਼ਿੰਮੇਵਾਰੀ ਨਾਲ ਇਨਸਾਫ਼ ਨਹੀਂ। ਬਾਬੇ ਨਾਨਕ ਨੇ ਸਮੇਂ ਦੀ ਹਕੂਮਤ ਨੂੰ ਚੇਤਾਵਨੀ ਦਿੱਤੀ ਸੀ :

"ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ॥"

ਅੱਜ ਵੀ ਇਹੀ ਸਵਾਲ ਸਾਡੇ ਸਾਹਮਣੇ ਹੈ। ਕੀ ਸਾਡੀਆਂ ਸਰਕਾਰਾਂ ਨੂੰ ਲੋਕਾਂ ਦੇ ਦਰਦ ਦਾ ਅਹਿਸਾਸ ਹੈ?

ਜੇ ਅਸੀਂ ਗੁਰੂ ਸਾਹਿਬ ਦੀ ਸਿੱਖਿਆ ਨੂੰ ਆਪਣੀ ਰਾਜਨੀਤੀ ਦਾ ਮੂਲ ਨਹੀਂ ਬਣਾਇਆ ਤਾਂ ਗੁਰੂਆਂ ਦੀ ਸ਼ਹੀਦੀ ਨੂੰ ਸਿਰਫ਼ ਮੰਚਾਂ 'ਤੇ ਯਾਦ ਕਰਨਾ ਸਿਰਫ਼ ਰਵਾਇਤ ਰਹਿ ਜਾਵੇਗੀ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿਰਫ਼ ਸਿੱਖ ਇਤਿਹਾਸ ਦਾ ਅਧਿਆਇ ਨਹੀਂ ਬਲਕਿ ਇਹ ਸਾਰੇ ਉਪ-ਮਹਾਂਦੀਪ ਦੀ ਧਾਰਮਿਕ ਆਜ਼ਾਦੀ ਦੇ ਇਤਿਹਾਸ ਦੀ ਸਭ ਤੋਂ ਉੱਚੀ ਮਿਸਾਲ ਹੈ ਅਤੇ ਜੇ ਅਸੀਂ ਸੱਚਮੁੱਚ ਗੁਰੂ ਸਾਹਿਬ ਦੇ ਸਿੱਖ ਹਾਂ ਤਾਂ ਸਾਨੂੰ ਉਸੇ ਹੌਂਸਲੇ ਨਾਲ ਅਨਿਆਂ, ਵਿਤਕਰੇ ਤੇ ਨਫ਼ਰਤ ਖਿਲਾਫ਼ ਜੁਰਅਤ ਨਾਲ ਬੋਲਣਾ ਪਵੇਗਾ। ਇਹ ਸਾਡੀ ਧਰਤੀ ਦਾ ਇਤਿਹਾਸ ਤੇ ਸਾਡੀ ਜ਼ਿੰਮੇਵਾਰੀ ਹੈ। ਲੋੜ ਇਹ ਹੈ ਕਿ ਗੁਰੂ ਸਾਹਿਬ ਦੇ ਇਤਿਹਾਸ ਤੇ ਸੁਨੇਹੇ ਨੂੰ ਦੁਨੀਆਂ ਭਰ ਵਿੱਚ ਪਹੁੰਚਾਇਆ ਜਾਵੇ ਜਦਕਿ ਅਸੀਂ ਤਾਂ ਉਸ ਨੂੰ ਆਪਣੇ ਇੱਥੇ ਹੀ ਲਾਗੂ ਨਹੀਂ ਕਰ ਰਹੇ। ਸਾਨੂੰ ਸਿਰਫ਼ ਸਮਾਗਮ ਨਹੀਂ ਕਰਨੇ ਹਨ ਬਲਕਿ ਨਿਰਭਉ ਹੋ ਕੇ, ਨਿਰਵੈਰ ਹੋ ਕੇ ਤੇ ਸੱਚ ਦੇ ਰਾਹੀਂ ਗੁਰੂ ਸਾਹਿਬ ਦੇ ਸੁਨੇਹੇ ਨੂੰ ਜੀਵਤ ਰੱਖਣਾ ਹੈ।

ਵਾਹਿਗੁਰੂ ਜੀ ਕਾ ਖਾਲਸਾ ] ਵਾਹਿਗੁਰੂ ਜੀ ਕੀ ਫ਼ਤਹਿ]

**ਸ਼੍ਰੀਮਤੀ ਗਨੀਵ ਕੌਰ ਮਜੀਠੀਆ (ਮਜੀਠਾ)**: ਮਾਣਯੋਗ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਅੱਜ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਇਤਿਹਾਸਕ ਤੇ ਆਤਮਿਕ ਊਰਜਾ ਨਾਲ ਗੂੰਜ ਰਹੀ ਹੈ। ਅਸੀਂ ਇੱਥੇ ਸਿਰਫ਼ ਇਕ ਸਮਾਗਮ ਦਾ ਹਿੱਸਾ ਨਹੀਂ, ਸਗੋਂ ਜਿੱਥੇ ਗੁਰੂਆਂ ਨੇ ਕਦਮ ਧਰੇ ਸਨ ਉਸ ਧੰਨ ਧਰਤੀ ਤੇ ਨਿਮਾਣੇ ਸੇਵਕ ਵਜੋਂ ਖੜ੍ਹੇ ਹਾਂ ਅਤੇ “ਹਿੰਦ ਦੀ ਚਾਦਰ” ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ੩੫੦ਵੇਂ ਸ਼ਹੀਦੀ ਪੁਰਬ ਦੀ ਯਾਦ ਮਨਾਉਣ ਆਏ ਹਾਂ। ਮੇਰਾ ਹਿਰਦਾ ਗਹਿਰੇ ਆਦਰ ਅਤੇ ਜ਼ਿੰਮੇਵਾਰੀ ਨਾਲ ਭਰਿਆ ਹੋਇਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕਰਨਾ, ਨਿਸ਼ਕਾਮ ਬਲੀਦਾਨ ਦੇ ਅਰਥ ਨੂੰ ਸਮਝਣਾ ਹੈ। ਉਹ ਸਿਰਫ਼ ਤਲਵਾਰ ਦੇ ਯੋਧੇ ਨਹੀਂ

ਸਨ, ਸਗੋਂ ਰੂਹ ਦੇ ਵੀ ਯੋਧੇ ਸਨ। ਉਨ੍ਹਾਂ ਨੇ ਆਪਣਾ ਸਿਰ ਕਿਸੇ ਰਾਜ ਲਈ ਨਹੀਂ, ਨਾ ਹੀ ਸਿਰਫ਼ ਆਪਣੇ ਸਿੱਖਾਂ ਲਈ, ਸਗੋਂ ਆਪਣੇ ਧਰਮ ਅਨੁਸਾਰ ਜੀਊਣ ਲਈ, ਮਨੁੱਖੀ ਅਧਿਕਾਰ ਲਈ ਵਾਰ ਦਿੱਤਾ।

ਸਾਧ ਸੰਗਤ ਜੀ, ਜਦੋਂ ਅਨਿਆਂ ਤੇ ਜ਼ੁਲਮ ਦਾ ਦੌਰ ਸੀ, ਉਦੋਂ ਗੁਰੂ ਜੀ ਇੱਕ ਅਟੱਲ ਚਟਾਨ ਵਾਂਗ ਖੜ੍ਹੇ ਸਨ। ਦਿੱਲੀ ਦੇ ਚਾਂਦਨੀ ਚੌਕ ਵਿੱਚ ਉਨ੍ਹਾਂ ਦੀ ਸ਼ਹਾਦਤ ਹਾਰ ਨਹੀਂ ਸੀ—ਉਹ ਤਾਂ ਇੱਕ ਆਤਮਿਕ ਘੋਸ਼ਣਾ ਸੀ ਕਿ ਭਾਰਤ ਦੀ ਰੂਹ, ਜਿਸ ਵਿਚ ਵਿਭਿੰਨ ਮੱਤ ਤੇ ਵਿਸ਼ਵਾਸ ਹਨ, ਕਦੇ ਵੀ ਜ਼ੁਲਮ ਦੇ ਅੱਗੇ ਝੁਕ ਨਹੀਂ ਸਕਦੀ। ਉਨ੍ਹਾਂ ਨੇ ਤਿਲਕ ਤੇ ਜਨੇਊ ਦੀ ਰੱਖਿਆ ਲਈ ਸਿਰ ਵਾਰ ਦਿੱਤਾ ਤਾਂ ਜੋ ਹਰ ਮਨੁੱਖ ਨੂੰ ਆਪਣੇ ਧਰਮ ਅਨੁਸਾਰ ਜਿਊਣ ਦਾ ਹੱਕ ਮਿਲ ਸਕੇ। ਇਸੇ ਲਈ ਉਨ੍ਹਾਂ ਨੂੰ ਕੇਵਲ ਸਿੱਖਾਂ ਦੇ ਗੁਰੂ ਨਹੀਂ, ਸਗੋਂ ਭਾਰਤ ਦੀ ਬਹੁ-ਧਰਮੀ ਆਤਮਾ ਦੇ ਸੁਰੱਖਿਅਕ ਕਿਹਾ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਦਾ ਜੀਵਨ ਸਿਖਾਉਂਦਾ ਹੈ ਕਿ ਅਸਲ ਨੇਤ੍ਰਿਤਵ ਡਰ-ਰਹਿਤ ਸੇਵਾ ਤੇ ਸੱਚ ਨਾਲ ਨਿਭਾਓ ਵਿੱਚ ਹੈ। ਇਸ ਲਈ, ਆਓ ਅੱਜ ਪੂਰੀ ਸੰਗਤ ਇੱਕ ਵਚਨ ਕਰੀਏ ਅਤੇ ਗੁਰੂ ਜੀ ਦੇ ਦ੍ਰਿੜ ਹਿੰਮਤ ਵਾਲੇ ਜੀਵਨ ਤੋਂ ਪ੍ਰੇਰਨਾ ਲੈ ਕੇ ਅਨਿਆਂ ਦੇ ਵਿਰੁੱਧ ਖੜ੍ਹੇ ਹੋਈਏ। ਆਓ, ਅਸੀਂ ਆਪਣੀਆਂ ਮਾਵਾਂ, ਭੈਣਾਂ ਅਤੇ ਧੀਆਂ ਦੀ ਇੱਜ਼ਤ ਤੇ ਹੱਕ ਦੀ ਰੱਖਿਆ ਲਈ ਵਚਨਬੱਧ ਹੋਈਏ, ਜਿਨ੍ਹਾਂ ਪ੍ਰਤੀ ਗੁਰੂ ਜੀ ਨੂੰ ਬੇਅੰਤ ਸਤਿਕਾਰ ਸੀ। ਆਓ, ਜਾਤ-ਪਾਤ, ਧਰਮ ਤੇ ਰਾਜਨੀਤਿਕ ਵੰਡਾਂ ਤੋਂ ਉੱਪਰ ਉੱਠ ਕੇ ਇੱਕ ਸ਼ਾਂਤਮਈ ਅਤੇ ਖੁਸ਼ਹਾਲ ਪੰਜਾਬ ਬਣਾਈਏ, ਜੋ ਸਾਡੇ ਗੁਰੂਆਂ ਦੇ ਉਪਦੇਸ਼ਾਂ ਉਤੇ ਅਧਾਰਿਤ ਹੋਵੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਸਦੀਵੀ ਜੋਤ ਸਾਡੇ ਮਾਰਗ ਨੂੰ ਪ੍ਰਕਾਸ਼ਿਤ ਕਰਦੀ ਰਹੇ, ਸਾਡੇ ਕਰਮਾਂ ਨੂੰ ਪ੍ਰੇਰਨਾ ਦੇਵੇ ਅਤੇ ਸਾਡੇ ਅੰਦਰ ਸੱਚ ਅਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰੇ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਸਰਦਾਰ ਕੁਲਦੀਪ ਸਿੰਘ ਕਾਲਾ ਢਿੱਲੋਂ (ਬਰਨਾਲਾ):** ਮਾਣਯੋਗ ਸਪੀਕਰ ਸਾਹਿਬ ਜੀ, ਅੱਜ ਅਸੀਂ ਉਸ ਧਰਤੀ 'ਤੇ ਖੜ੍ਹੇ ਹਾਂ ਜਿਸ ਦੇ ਕਣ-ਕਣ ਵਿੱਚ ਬਾਣੀ ਦੀ ਰਹਿਮਤ ਹੈ, ਸ਼ਹਾਦਤ ਦਾ ਨਿੱਘ ਹੈ ਅਤੇ ਗੁਰੂ ਸਾਹਿਬਾਨ ਦਾ ਅਟੁੱਟ ਆਸ਼ੀਰਵਾਦ ਹੈ। ਸ੍ਰੀ ਅਨੰਦਪੁਰ ਸਾਹਿਬ ਦੀ ਇਸ ਮਹਾਨ ਧਰਤੀ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਵਿਸ਼ੇਸ਼ ਸਮਾਗਮ ਸਾਡੇ ਇਤਿਹਾਸ ਨੂੰ ਨਹੀਂ, ਸਗੋਂ ਸਾਡੀ ਰੂਹ ਨੂੰ ਜਗਾਉਣ ਲਈ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਉਹ ਮਹਾਂਪੁਰਖ ਸਨ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਸੀਸ ਅਰਪਣ ਕੀਤਾ। ਜਦੋਂ ਤਾਕਤ ਦਾ ਤਸ਼ੱਦਦ ਲੋਕਾਂ ਦੀ ਆਜ਼ਾਦੀ ਨੂੰ ਕੁਚਲ ਰਿਹਾ ਸੀ ਤਾਂ ਗੁਰੂ ਸਾਹਿਬ ਨਿਡਰ ਹੋ ਕੇ ਖੜ੍ਹੇ ਹੋਏ। ਉਨ੍ਹਾਂ ਨੇ ਜਗਤ ਨੂੰ ਦੱਸ ਦਿੱਤਾ ਕਿ ਜ਼ੁਲਮ ਦੇ ਅੱਗੇ ਝੁਕਣਾ ਨਹੀਂ, ਸਗੋਂ ਸਿਰ ਉੱਚਾ ਕਰਕੇ ਜਾਲਮ ਦੀ ਅੱਖ ਵਿੱਚ ਅੱਖ ਪਾ ਕੇ ਆਪਣੇ ਹਕੂਕਾਂ ਦੀ ਗੱਲ ਕਰਨੀ ਹੈ ਫਿਰ ਭਾਵੇਂ ਉਸ ਲਈ ਸਾਨੂੰ ਆਪਣਾ ਸੀਸ ਵੀ ਕਿਉਂ ਨਾ ਦੇਣਾ ਪੈ ਜਾਵੇ। ਜਦੋਂ ਕਸ਼ਮੀਰ ਤੋਂ ਆਏ ਲਾਚਾਰ ਤੇ ਦੱਬੇ ਕੁਚਲੇ ਲੋਕ ਗੁਰੂ ਸਾਹਿਬ ਦੇ ਚਰਨੀਂ ਡਿੱਗੇ, ਉਹਨਾਂ ਦੀਆਂ ਅੱਖਾਂ ਵਿੱਚ ਬੇਬਸੀ ਸੀ, ਸਹਿਮ ਸੀ, ਕੰਬਦੇ ਬੁੱਲ੍ਹਾਂ 'ਤੇ ਇੱਕੋ ਜਿਹੀ ਫ਼ਰਿਆਦ ਸੀ ਕਿ "ਸਾਡੀ ਰਾਖੀ ਕਰੋ।" ਉਸ ਸਮੇਂ ਮੇਰੇ ਪਾਤਸ਼ਾਹ ਦੇ ਦਰਬਾਰ ਵਿਚੋਂ ਉੱਠੀ ਹੌਂਸਲੇ ਦੀ ਆਵਾਜ਼ ਨੇ ਜਿਵੇਂ ਕਸ਼ਮੀਰੀ ਪੰਡਿਤਾਂ ਦੀ ਜਾਨ ਵਿਚ ਜਾਨ ਪਾ ਦਿੱਤੀ।

ਗੁਰੂ ਸਾਹਿਬ ਨੇ ਫੈਸਲਾ ਕੀਤਾ- "ਜੇ ਧਰਮ ਦੀ ਰਾਖੀ ਲਈ ਕਿਸੇ ਦਾ ਸੀਸ ਚਾਹੀਦਾ ਹੈ ਤਾਂ ਤੇਗ ਬਹਾਦਰ ਦਾ ਸੀਸ ਹਾਜ਼ਰ ਹੈ।" ਇਹ ਫੈਸਲਾ ਉਹਨਾਂ ਨੇ ਉਸ ਸਮੇਂ ਲਿਆ, ਜਦੋਂ ਉਨ੍ਹਾਂ ਦੇ ਪੁੱਤਰ ਬਾਲ ਗੋਬਿੰਦ ਰਾਇ ਬਹੁਤ ਛੋਟੇ ਅਤੇ ਬਾਲ ਅਵਸਥਾ ਵਿਚ ਸਨ। ਕਿਸੇ ਪਿਤਾ ਲਈ ਇਸ ਤੋਂ ਵੱਡੀ ਅਗਨੀ ਪ੍ਰੀਖਿਆ ਨਹੀਂ ਹੋ ਸਕਦੀ ਪਰ ਗੁਰੂ ਸਾਹਿਬ ਨੇ ਜ਼ਿੰਦਗੀ ਨੂੰ ਤਰਜੀਹ ਨਾ ਦੇ ਕੇ ਧਰਮ ਨੂੰ ਤਰਜੀਹ ਦਿੱਤੀ। ਇਹੀ ਅਸਲੀ ਬਲੀਦਾਨ ਤੇ ਰੂਹਾਨੀ ਸੂਰਬੀਰਤਾ ਹੈ। ਗੁਰੂ ਸਾਹਿਬ ਨੇ ਆਪਣਾ ਸੀਸ ਦੇ ਕੇ ਇੱਕ ਪੂਰਾ ਯੁੱਗ ਬਚਾ ਦਿੱਤਾ। ਉਹਨਾਂ ਦੀ ਸ਼ਹਾਦਤ ਸਿਰਫ਼ ਇਤਿਹਾਸ ਦੀ ਕਹਾਣੀ ਨਹੀਂ, ਇਹ ਉਹ ਚਾਨਣ ਹੈ ਜਿਸ ਨੇ ਜ਼ੁਲਮ ਦੀਆਂ ਸਦੀਆਂ ਨੂੰ ਚੀਰ ਕੇ ਮਨੁੱਖਤਾ ਦੀ ਰੂਹ ਬਚਾਈ। ਉਹਨਾਂ ਨੇ ਸਾਡੇ ਮਨਾਂ ਵਿੱਚ ਇਹ ਬੇਮਿਸਾਲ ਜਗਰੂਕਤਾ ਭਰੀ ਕਿ ਆਪਣੇ ਹੱਕਾਂ ਲਈ ਨਾ ਡਰੋ, ਨਾ ਡਗਮਗਾਓ ਬਲਕਿ ਡੱਟ ਕੇ ਖੜ੍ਹੇ ਹੋ ਜਾਓ ਚਾਹੇ ਮੁਕਾਬਲਾ ਦਿਲਾਂ ਦਾ ਹੋਵੇ ਜਾਂ ਤਲਵਾਰਾਂ ਦਾ।

ਸਪੀਕਰ ਸਾਹਿਬ, ਇਹ ਸ਼ਹਾਦਤ ਇੱਕ ਕੌਮ ਦਾ ਮਾਣ ਨਹੀਂ, ਇਹ ਪੂਰੀ ਮਾਨਵਤਾ ਦਾ ਤਾਜ ਹੈ। ਜਦੋਂ ਤੱਕ ਹਵਾ ਵਗਦੀ ਰਹੇਗੀ, ਜਦੋਂ ਤੱਕ ਚਾਨਣ ਸਵੇਰ ਲਿਆਉਂਦਾ ਰਹੇਗਾ, ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ, ਉਹਨਾਂ ਦੀ ਨਿਡਰਤਾ ਅਤੇ ਉਹਨਾਂ ਦਾ ਬਲੀਦਾਨ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਉੱਚੀ ਪਰਿਭਾਸ਼ਾ ਬਣਿਆ ਰਹੇਗਾ।

ਅੱਜ, ਇਸ ਮਾਣਯੋਗ ਵਿਧਾਨ ਸਭਾ ਦੇ ਰਿਕਾਰਡ ਵਿੱਚ, ਮੈਂ ਬਰਨਾਲਾ ਦੀ ਧਰਤੀ ਦੇ ਲੋਕਾਂ ਵੱਲੋਂ ਨਿਮਰ ਅਰਦਾਸ ਤੇ ਬੇਨਤੀ ਕਰਦਾ ਹਾਂ ਕਿ ਗੁਰੂ ਸਾਹਿਬ ਦੀ ਇਹ ਰੌਸ਼ਨੀ ਸਾਡੇ ਹਰ ਰਾਜਨੀਤਿਕ ਫੈਸਲੇ ਵਿੱਚ ਜਗਮਗਾਉਂਦੀ ਰਹੇ, ਸਾਨੂੰ ਸੱਚ ਦਾ ਰਾਹ ਦਿਖਾਉਂਦੀ ਰਹੇ ਤੇ ਸਾਨੂੰ ਹਮੇਸ਼ਾ ਯਾਦ ਦਿਵਾਉਂਦੀ ਰਹੇ ਕਿ ਨਿਆਂ ਦੀ ਰਾਹ ਤੇ ਤੁਰਨਾ ਸਿਰਫ਼ ਸਾਡਾ ਫਰਜ਼ ਨਹੀਂ, ਇਹ ਸਾਡੀ ਰੂਹਾਨੀ ਜ਼ਿੰਮੇਵਾਰੀ ਹੈ।

"ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥"

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸਪੀਕਰ ਸਾਹਿਬ, ਇਸ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਵਿੱਚ ਆਪਣੇ ਵਿਚਾਰ ਰੱਖਣ ਦਾ ਮੌਕਾ ਦੇਣ ਲਈ ਆਪ ਜੀ ਦਾ ਬਹੁਤ-ਬਹੁਤ ਧੰਨਵਾਦ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। ਗੁਰੂ ਸਾਹਿਬ ਦੀ ਪਰਵਰਿਸ਼ ਮਹਾਨ ਸਿੱਖ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿੱਚ ਹੋਈ। ਬਾਬਾ ਬੁੱਢਾ ਜੀ ਨੇ ਜਿੱਥੇ ਬਚਪਨ ਤੋਂ ਹੀ ਆਪ ਨੂੰ ਪਰਮਾਤਮਾ ਦੇ ਨਾਲ ਇੱਕ ਸੁਰ ਕੀਤਾ, ਉੱਥੇ ਭਾਈ ਗੁਰਦਾਸ ਜੀ ਨੇ ਆਪ ਨੂੰ ਧਰਮਾਂ ਦੇ ਦਾਰਸ਼ਨਿਕ ਪੱਖਾਂ ਦਾ ਗੂੜ ਗਿਆਨ ਦਿੰਦੇ ਹੋਏ ਬ੍ਰਜ, ਸੰਸਕ੍ਰਿਤ, ਫਾਰਸੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਪ੍ਰਬੀਨ ਕਰ ਦਿੱਤਾ। ਆਪਣੇ ਗੁਰੂ ਪਿਤਾ ਵਾਲੇ ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਾਲੀ ਨਿਪੁੰਨਤਾ ਵਿੱਚ ਵੀ ਬਾਬਾ ਬੁੱਢਾ ਜੀ ਦਾ ਹੀ ਯੋਗਦਾਨ ਸੀ। ਆਪ ਜੀ ਨੇ 14 ਸਾਲ ਦੀ ਉਮਰ ਵਿੱਚ ਕਰਤਾਰਪੁਰ ਦੇ ਯੁੱਧ ਵਿੱਚ ਆਪਣੀ ਬਹਾਦਰੀ ਨਾਲ ਸਭ ਨੂੰ ਹੈਰਾਨ ਕਰ ਦਿੱਤਾ ਅਤੇ ਇਸ ਯੁੱਧ ਤੋਂ ਬਾਅਦ ਆਪ ਦਾ ਨਾਮ 'ਤਿਆਗ ਮੱਲ' ਤੋਂ 'ਤੇਗ਼ ਬਹਾਦਰ' ਰੱਖਿਆ ਗਿਆ ਸੀ।

ਪਿਤਾ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ ਬਕਾਲੇ ਆ ਗਏ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਦੋਂ ਜੋਤੀ ਜੋਤ ਸਮਾਉਣ ਲੱਗੇ ਤਾਂ ਉਨ੍ਹਾਂ ਨੇ ਆਪਣੀ ਸੱਜੀ ਬਾਂਹ

ਉੱਪਰ ਚੁੱਕ ਕੇ ਕਿਹਾ: "ਬਾਬਾ ਬਸਹਿ ਜਿ ਗ੍ਰਾਮ ਬਕਾਲੇ"। ਬਕਾਲੇ ਜਾ ਕੇ ਗੁਰੂ ਜੀ ਦੀ ਭਾਲ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਗੁਰਿਆਈ ਦੇ ਲਾਲਚ ਵਿੱਚ ਗੁਰੂ ਪਰਿਵਾਰਾਂ ਦੇ ਬਹੁਤ ਸਾਰੇ ਮੈਂਬਰ ਬਕਾਲੇ ਆ ਕੇ ਗੁਰਗੱਦੀ ਤੇ ਹੱਕ ਜਤਾਉਣ ਲੱਗ ਪਏ। ਹੱਕ ਸੱਚ ਦਾ ਫੈਸਲਾ ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਹੋਇਆ। ਇਸ ਤਰ੍ਹਾਂ ਨੌਵੇਂ ਗੁਰੂ ਦੇ ਰੂਪ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਗੁਰਗੱਦੀ ਉੱਤੇ ਬਿਰਾਜਮਾਨ ਹੋਏ।

ਗੁਰੂ ਸਾਹਿਬ ਬਕਾਲੇ ਤੋਂ ਕੀਰਤਪੁਰ ਆ ਵਸੇ ਅਤੇ ਅਨੰਦਪੁਰ ਸਾਹਿਬ (ਚੱਕ ਨਾਨਕੀ) ਨਗਰ ਵਸਾਇਆ। ਸਾਲ 1658 ਵਿੱਚ ਔਰੰਗਜ਼ੇਬ ਰਾਜ ਗੱਦੀ ਤੇ ਬੈਠਾ ਅਤੇ ਗੱਦੀ 'ਤੇ ਬੈਠਦਿਆਂ ਹੀ ਔਰੰਗਜ਼ੇਬ ਨੇ ਗੈਰ-ਮੁਸਲਿਮ ਧਰਮੀਆਂ ਵਿਰੁੱਧ ਜਬਰ ਜ਼ੁਲਮ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਨੂੰ ਮੰਦਿਰਾਂ ਵਿੱਚ ਪੂਜਾ ਕਰਨ, ਤਿਉਹਾਰ ਮਨਾਉਣ ਦੀ ਮਨਾਹੀ ਦੇ ਸਖਤ ਹੁਕਮ ਜਾਰੀ ਕੀਤੇ ਗਏ।

1675 ਈਸਵੀ ਵਿੱਚ ਕਸ਼ਮੀਰੀ ਪੰਡਿਤਾਂ ਦਾ ਇੱਕ ਵਫਦ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਮਿਲਣ ਲਈ ਪਹੁੰਚਿਆ। ਉਨ੍ਹਾਂ ਫਰਿਆਦ ਕੀਤੀ ਕਿ ਹਜ਼ਾਰਾਂ ਹਿੰਦੂਆਂ ਨੂੰ ਧੱਕੇ ਨਾਲ ਮੁਸਲਮਾਨ ਬਣਾਇਆ ਜਾ ਰਿਹਾ ਹੈ। ਗੁਰੂ ਜੀ ਨੇ ਪੁਕਾਰ ਸੁਣ ਬਚਨ ਕੀਤਾ ਕਿ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਲਾਜ਼ਮੀ ਹੈ। ਬਾਲ ਗੋਬਿੰਦ ਜੀ ਨੇ ਕਿਹਾ, "ਪਿਤਾ ਜੀ ਆਪ ਤੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ ?" ਗੁਰੂ ਜੀ ਪ੍ਰਸੰਨ ਹੋਏ ਤੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਉਹ ਸੂਬੇਦਾਰ ਨੂੰ ਕਹਿ ਦੇਣ ਕਿ ਉਹ ਧਰਮ ਪਰਿਵਰਤਨ ਲਈ ਤਿਆਰ ਹਨ ਬਸ਼ਰਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਇਸਲਾਮ ਕਬੂਲਣ ਲਈ ਮਨਾ ਲਿਆ ਜਾਵੇ। ਖੁਫੀਆ ਅਹਿਲਕਾਰਾਂ ਨੇ ਕਸ਼ਮੀਰੀ ਪੰਡਿਤਾਂ ਤੋਂ ਪਹਿਲਾਂ ਹੀ ਇਹ ਖਬਰ ਔਰੰਗਜ਼ੇਬ ਕੋਲ ਪਹੁੰਚਾ ਦਿੱਤੀ। ਗੁਰੂ ਜੀ ਦੀ ਗ੍ਰਿਫਤਾਰੀ ਦੇ ਹੁਕਮ ਹੋਏ ਅਤੇ 5 ਨਵੰਬਰ, 1675 ਈਸਵੀ ਨੂੰ ਗੁਰੂ ਸਾਹਿਬ ਨੂੰ ਦਿੱਲੀ ਲਿਜਾਇਆ ਗਿਆ। 24 ਨਵੰਬਰ, 1675 ਈਸਵੀ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ (ਤਿਲਕ ਤੇ ਜੰਞੂ) ਧਰਮ ਦੀ ਰੱਖਿਆ ਕਰਦੇ ਹੋਏ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦ ਕਰ ਦਿੱਤਾ ਗਿਆ। ਆਪਣੀ ਇਸ ਤਰ੍ਹਾਂ ਦੀ ਲਾਸਾਨੀ ਸ਼ਹਾਦਤ ਕਰਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਕਹਿ ਕੇ ਸਤਿਕਾਰ ਦਿੱਤਾ ਗਿਆ।

**ਸ੍ਰੀਮਤੀ ਜੀਵਨਜੋਤ ਕੌਰ (ਅੰਮ੍ਰਿਤਸਰ ਪੂਰਬੀ):** ਹਿੰਦ ਦੀ ਚਾਦਰ - ਸ੍ਰੀ ਗੁਰੂ ਤੇਗ ਬਹਾਦਰ ਜੀ। ਦੁਨੀਆਂ ਦਾ ਇਤਿਹਾਸ ਵੀ ਫਰੋਲ ਲਈਏ ਤਾਂ ਸਿੱਖ ਇਤਿਹਾਸ ਵਿੱਚ ਹੋਈਆਂ ਕੁਰਬਾਨੀਆਂ ਵਰਗੀ ਮਿਸਾਲ ਕਿਧਰੇ ਨਹੀਂ ਮਿਲਦੀ। ਸਾਨੂੰ ਮਾਣ ਹੈ ਕਿ ਅਸੀਂ ਇਹੋ ਜਿਹੀ ਕੌਮ ਦੇ ਵਾਰਸ ਹਾਂ ਜਿੱਥੇ ਆਪਣੇ ਸਵਾਰਥਾਂ ਲਈ ਨਹੀਂ ਸਗੋਂ ਹੱਕ ਤੇ ਸੱਚ ਦੀ ਆਵਾਜ਼ ਲਈ ਸਾਡੇ ਗੁਰੂ ਪੀਰ ਕੁਰਬਾਨ ਹੋਏ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਲੀਹ ਪਾ ਗਏ,ਜਿਸ ਤੇ ਸਾਡੇ ਨੌਜਵਾਨ ਅੱਜ ਵੀ ਤੁਰ ਰਹੇ ਹਨ। ਇਹ ਤੋਰ ਤੁਰਦੀ ਰਹੇ,ਇਸ ਨੂੰ ਬਰਕਰਾਰ ਰੱਖਣ ਲਈ ਇਹੋ ਜਿਹੇ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ।

ਕਹਿੰਦੇ ਹਨ ਕਿ ਜੋ ਕੌਮਾਂ ਆਪਣਾ ਇਤਿਹਾਸ ਭੁੱਲ ਜਾਂਦੀਆਂ ਹਨ, ਉਹਨਾਂ ਨੂੰ ਖ਼ਤਮ ਹੁੰਦਿਆਂ ਦੇਰ ਨਹੀਂ ਲਗਦੀ। ਇਹ ਚਾਲ ਵਕ਼ਤ ਦੇ ਥਪੇੜਿਆਂ ਕਾਰਨ ਕਦੇ ਮੱਧਮ ਭਾਵੇਂ ਪੈ ਗਈ ਹੋਵੇ ਪਰ ਬਲਵਾਨ ਸਮਾਂ ਸਾਡੇ ਭਵਿੱਖੀ ਵਾਰਸਾਂ ਦੇ ਕਦਮਾਂ ਨੂੰ ਥਿੜਕਣ ਤੋਂ ਬਚਾਅ ਵੀ ਲੈਂਦਾ ਰਿਹਾ ਤੇ ਸਿੱਖੀ ਦੇ ਮਹਾਨ ਜਜ਼ਬੇ ਨੂੰ ਜੋਸ਼ ਹੋਸ਼ ਨਾਲ ਸਵਾਰਦਾ ਵੀ ਰਿਹਾ। ਅਸੀਂ ਵਕ਼ਤ ਦੇ ਸ਼ੁਕਰਗੁਜ਼ਾਰ ਹਾਂ ਕਿ ਅੱਜ 350 ਸਾਲਾ ਸ਼ਹੀਦੀ ਦਿਹਾੜੇ ਤੇ ਗੁਰੂ ਜੀ ਦੀ ਸ਼ਹਾਦਤ ਨੂੰ

ਸਿਜਦਾ ਕਰਦਿਆਂ ਯਾਦ ਕਰ ਰਹੇ ਹਾਂ ਤੇ ਨੌਜਵਾਨਾਂ ਨੂੰ ਅਜਿਹੇ ਸਮਾਗਮਾਂ ਰਾਹੀਂ ਯਾਦ ਕਰਵਾ ਰਹੇ ਹਾਂ। ਗੁਰੂ ਸਾਹਿਬ ਨੂੰ'ਹਿੰਦ ਦੀ ਚਾਦਰ'ਦੇ ਲਕਬ ਨਾਲ ਐਵੇਂ ਹੀ ਨਹੀਂ ਯਾਦ ਕੀਤਾ ਜਾਂਦਾ ਬਲਕਿ ਉਹਨਾਂ ਦੀ ਸ਼ਹਾਦਤ ਭਾਰਤੀ ਸੰਸਕ੍ਰਿਤੀ,ਮਨੁੱਖੀ ਅਧਿਕਾਰਾਂ ਤੇ ਮਨੁੱਖਤਾ ਲਈ ਅਨੋਖੀ ਪ੍ਰੇਰਨਾ ਹੈ। ਉਨ੍ਹਾਂ ਨੇ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਸੱਚ ਕਰ ਵਿਖਾਇਆ।

ਬਚਪਨ ਤੋਂ ਹੀ ਨਿਮਰਤਾ,ਸੇਵਾ ਅਤੇ ਭਗਤੀ ਦੇ ਗੁਣਾਂ ਦੇ ਧਾਰਨੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇਗ਼ ਦੇ ਧਨੀ ਸਨ। ਯੋਧਾ ਹੋਣ ਦੇ ਨਾਲ-ਨਾਲ ਉਹ ਅੰਦਰੋਂ ਗਹਿਰੇ ਧਿਆਨੀ,ਵੈਰਾਗੀ ਅਤੇ ਸਿਮਰਨ ਕਰਨ ਵਾਲੇ ਸਨ,ਜਿਸ ਨਾਲ ਉਹਨਾਂ ਦੇ ਜੀਵਨ ਵਿੱਚ ਬਾਹਰਲੀ ਬਹਾਦਰੀ ਅਤੇ ਅੰਦਰਲੀ ਸ਼ਾਂਤੀ ਦਾ ਸੁੰਦਰ ਸੰਤੁਲਨ ਬਣਿਆ। ਆਪਣੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਜੀਵਨ ਦਾ ਉਹਨਾਂ ਤੇ ਗਹਿਰਾ ਅਸਰ ਸੀ। ਮੀਰੀ-ਪੀਰੀ ਦੀਆਂ ਤਲਵਾਰਾਂ ਧਾਰਨ ਕਰਨ ਵਾਲੇ ਪਿਤਾ ਦਾ ਪੁੱਤਰ 'ਤੇਗ਼ ਬਹਾਦਰ' ਹੀ ਹੋਵੇਗਾ। ਉਹਨਾਂ ਦੀ ਬਾਣੀ ਦੇ ਵਿਸ਼ੇ ਵੀ ਮਨ ਦੀ ਅਡੋਲਤਾ,ਅਟੱਲਤਾ ਦੇ ਨਾਲ ਨਾਲ ਅਹੰਕਾਰ ਤੇ ਮੌਤ ਦਾ ਡਰ ਮਿਟਾਉਣ ਵਾਲੇ ਹਨ। ਉਹ ਸਾਰੀ ਉਮਰ ਲੋਕਾਂ ਨੂੰ ਦੱਸਦੇ ਰਹੇ ਕਿ ਸੱਚਾ ਧਾਰਮਿਕ ਉਹੀ ਹੈ ਜੋ ਨਿਰਭਉ ਰਹੇ, ਦੂਜੇ ਦੀ ਭਲਾਈ ਕਰੇ, ਹੋਰਾਂ ਦੀ ਅਜ਼ਾਦੀ ਦਾ ਸਨਮਾਨ ਕਰੇ ਅਤੇ ਆਪਣੇ ਆਤਮਿਕ ਸੁਧਾਰ ਲਈ ਯਤਨ ਕਰੇ।

ਗੁਰੂ ਜੀ ਨੇ ਪੂਰਬੀ ਭਾਰਤ, ਬੰਗਾਲ,ਅਸਾਮ ਅਤੇ ਬਿਹਾਰ ਤੱਕ ਲੰਬੀਆਂ ਧਾਰਮਿਕ ਯਾਤਰਾਵਾਂ ਕੀਤੀਆਂ। ਇਹ ਦੌਰੇ ਸਿਰਫ਼ ਉਪਦੇਸ਼ਾਂ ਤੱਕ ਸੀਮਿਤ ਨਹੀਂ ਸਨ, ਉਹ ਗਰੀਬਾਂ ਦੀ ਸਹਾਇਤਾ, ਪੱਖਪਾਤ ਰਹਿਤ ਸੇਵਾ ਅਤੇ ਸਮਾਜਿਕ ਸੁਧਾਰ ਦੇ ਕੇਂਦਰ ਬਣੇ। ਉਹਨਾਂ ਨੇ ਸਰ੍ਹਾਂ ਅਤੇ ਵਸੇਬੇ ਬਣਵਾਏ,ਜਿਨ੍ਹਾਂ ਵਿੱਚੋਂ ਚੱਕ ਨਾਨਕੀ (ਬਾਅਦ ਵਿੱਚ ਅਨੰਦਪੁਰ ਸਾਹਿਬ) ਸਭ ਤੋਂ ਮਹੱਤਵਪੂਰਣ ਹੈ। ਗੁਰੂ ਜੀ ਨੇ ਲੋਕਾਂ ਨੂੰ ਮਿਹਨਤ, ਭਾਈਚਾਰੇ ਅਤੇ ਨਿਆਂ ਦੇ ਮੂਲ ਸਿਧਾਂਤ ਸਿਖਾਏ, ਉਹ ਸਿੱਖੀ ਨੂੰ ਸਿਰਫ਼ ਧਾਰਮਿਕ ਪ੍ਰਥਾ ਨਹੀਂ, ਸਗੋਂ ਮਨੁੱਖੀ ਸਮਾਜ ਨੂੰ ਸੁਧਾਰਨ ਵਾਲਾ ਜੀਵਨ ਮਾਰਗ ਮੰਨਦੇ ਸਨ।

ਔਰੰਗਜ਼ੇਬ ਦੇ ਸ਼ਾਸਨ ਦੌਰਾਨ ਵੱਧ ਰਹੀ ਧਾਰਮਿਕ ਜ਼ਬਰਦਸਤੀ ਅਤੇ ਅਸਹਿਣਸ਼ੀਲਤਾ ਤੇ ਜ਼ਬਰੀ ਇਸਲਾਮ ਕਬੂਲ ਕਰਵਾਉਣ ਦੀ ਨੀਤੀ ਦੇ ਕਾਰਨ ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਆਜ਼ਾਦੀ ਖਤਰੇ ਵਿੱਚ ਪੈ ਗਈ ਸੀ। ਇਸ ਸਮੇਂ ਗੁਰੂ ਤੇਗ਼ ਬਹਾਦਰ ਜੀ ਡਰੇ ਹੋਏ, ਬੇਸਹਾਰਾ ਕਸ਼ਮੀਰੀ ਪੰਡਿਤਾਂ ਲਈ ਸਹਾਰਾ ਬਣੇ ਤੇ ਜ਼ੁਲਮ ਦੇ ਖਿਲਾਫ਼ ਆਵਾਜ਼ ਉਠਾਈ ਤੇ ਕਿਹਾ ਕਿ "ਕਿਸੇ ਦਾ ਧਰਮ ਬਚਾਉਣ ਲਈ ਜੇ ਮੇਰੀ ਜਾਨ ਵੀ ਜਾਵੇ ਤਾਂ ਇਹ ਸੱਚੀ ਗੁਰੂਮਤ ਹੈ।" ਇਤਿਹਾਸ ਦੇ ਇਹਨਾਂ ਸਨਮਾਨਜਨਕ ਪਲਾਂ ਨੇ ਸਾਰੇ ਭਾਰਤ ਦੀਆਂ ਅੱਖਾਂ ਵਿੱਚ ਉਮੀਦ ਦੀ ਕਿਰਨ ਜਗਾਈ।

11 ਨਵੰਬਰ, 1675 ਨੂੰ, ਚਾਂਦਨੀ ਚੌਕ, ਦਿੱਲੀ ਵਿੱਚ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ। ਇਹ ਸ਼ਹਾਦਤ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਦੀ ਲਖਾਇਕ ਹੋਣ (ਸੂਚਕ) ਦੇ ਨਾਲ ਨਾਲ ਜ਼ੁਲਮ ਦੇ ਵਿਰੋਧ ਦਾ ਵਿਸ਼ਵ-ਪੱਧਰੀ ਪ੍ਰਤੀਕ ਬਣੀ। ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਕਿਵੇਂ ਭੁੱਲ ਸਕਦੇ ਹਾਂ। ਤੇਗ਼ ਬਹਾਦਰ ਦੇ ਸਿੱਖ ਹੀ ਆਰਿਆਂ ਨਾਲ ਚੀਰੇ ਜਾ ਸਕਦੇ ਸੀ ਤੇ ਉਬਲਦੇ ਪਾਣੀ ਵਿੱਚ ਠੰਡੇ ਸ਼ੀਤ ਹੋ ਕੇ ਭਾਈਚਾਰੇ ਨੂੰ ਜੋਸ਼ ਦੇ ਸਕਦੇ ਸਨ।

ਭਾਰਤ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਸ਼ਹਾਦਤਾਂ ਵਿੱਚ ਹਰ ਰੰਗ ਵੇਖਣ ਨੂੰ ਮਿਲਦਾ ਹੈ।

ਭਾਈ ਲੱਖੀ ਸ਼ਾਹ ਵਣਜਾਰਾ ਜੀ ਨੇ ਗੁਰੂ ਜੀ ਦਾ ਸਰੀਰ ਆਪਣੇ ਘਰ ਲਿਜਾ ਕੇ ਭੇਟਾ ਦੇ ਨਾਮ 'ਤੇ ਘਰ ਸਾੜ ਕੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ। ਸਿਦਕ ਸੰਜਮ ਦੀ ਇਹ ਮਿਸਾਲ ਕਿਤੇ ਘੱਟ ਅਨੋਖੀ ਹੈ। ਜੇ ਗੁਰੂ ਜੀ ਦੀ ਸ਼ਹੀਦੀ ਦਾ ਸਮਾਜਿਕ ਮਹੱਤਵ ਵੇਖੀਏ ਤਾਂ ਉਹ ਦੁਨੀਆ ਦੇ ਪਹਿਲੇ ਸੰਤ ਯੋਧੇ ਸਨ ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਆਜ਼ਾਦੀ ਲਈ ਆਪਾ ਵਾਰਿਆ। ਨਿਆਂ ਲਈ ਡਟ ਕੇ ਖੜੋ ਜਾਣਾ ਤੇ ਖ਼ਾਲਸਾ ਪੰਥ ਦੀ ਸਿਰਜਣਾ ਇਹਨਾਂ ਹੀ ਜਜ਼ਬਿਆਂ ਦਾ ਵਿਸਥਾਰ ਸੀ ਕਿ ਕੋਈ ਵੀ ਜ਼ੁਲਮ ਮਨੁੱਖੀ ਆਤਮਿਕ ਸ਼ਕਤੀ ਨੂੰ ਮਿਟਾ ਤੇ ਝੁਕਾ ਨਹੀਂ ਸਕਦਾ। ਉਹਨਾਂ ਨੇ ਦੁਨੀਆ ਨੂੰ ਦੱਸਿਆ ਕਿ ਧਰਮ ਦਾ ਸੱਚਾ ਅਰਥ ਕਿਸੇ ਇੱਕ ਕੌਮ, ਜਾਤੀ ਜਾਂ ਮਜ਼ਹਬ ਤੱਕ ਸੀਮਿਤ ਨਹੀਂ; ਬਲਕਿ ਧਰਮ, ਸੱਚ, ਨਿਆਂ ਅਤੇ ਮਨੁੱਖੀ ਮਰਿਆਦਾ ਦੀ ਰੱਖਿਆ ਦਾ ਨਾਮ ਹੈ। ਉਹਨਾਂ ਦੀ ਸ਼ਹਾਦਤ ਸਿਰਫ਼ ਸਿੱਖ ਧਰਮ ਲਈ ਨਹੀਂ, ਸਗੋਂ ਪੂਰੇ ਮਨੁੱਖੀ ਸਮਾਜ ਲਈ ਇੱਕ ਸਦੀਵੀ ਦੀਪਕ ਹੈ, ਜੋ ਸਾਨੂੰ ਦੱਸਦਾ ਹੈ ਕਿ ਜ਼ੁਲਮ ਦੇ ਖ਼ਿਲਾਫ਼ ਖੜ੍ਹਨਾ ਹੀ ਸਭ ਤੋਂ ਵੱਡੀ ਧਾਰਮਿਕਤਾ ਹੈ।

ਅੱਜ ਦੀ ਪੀੜ੍ਹੀ ਤੇ ਆਉਣ ਵਾਲੀਆਂ ਨਸਲਾਂ ਨੂੰ ਇਸ ਮਾਣ ਮੱਤੇ ਇਤਿਹਾਸ ਬਾਰੇ ਦੱਸਣਾ ਉਨਾ ਹੀ ਜ਼ਰੂਰੀ ਹੈ ਜਿੰਨਾ ਆਪਣੀ ਕੁੱਲ ਜਾਇਦਾਦ ਆਪਣੇ ਬੱਚਿਆਂ ਦੇ ਨਾਂ ਕਰਨਾ। ਕੁਰਬਾਨੀਆਂ ਦਾ ਇਹ ਸਿਲਸਿਲਾ ਸਰਬੰਸਦਾਨੀ ਹੋਣ ਤੱਕ ਜਾਰੀ ਰਹਿੰਦਾ ਹੈ। ਅੱਲ੍ਹਾ ਯਾਰ ਖਾਂ ਜੋਗੀ ਨੇ ਲਿਖਿਆ ਹੈ -

'ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਯੇ,
ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਯੇ,
ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰੋਂ ਮੇਂ,
ਯਹੀਂ ਸੇ ਬਨ ਕੇ ਸਿਤਾਰੇ ਗਏ ਆਸਮਾਂ ਕੇ ਲੀਯੇ ।
ਭਟਕਤੇ ਫਿਰਤੇ ਹੋ ਕਯੋਂ ਹੱਜ ਕਰੇਂ ਯਹਾਂ ਆ ਕਰ,
ਯਹ ਕਾਬਾ ਪਾਸ ਹੈ ਹਰ ਏਕ ਖਾਲਸਾ ਕੇ ਲੀਯੇ।'

ਅੱਜ ਦੇ ਬੱਚਿਆਂ ਨੂੰ ਇਸ ਸ਼ਾਨਾ ਮੱਤੇ ਇਤਿਹਾਸ ਤੋਂ ਜਾਣੂੰ ਕਰਵਾਉਣਾ ਬਹੁਤ ਜ਼ਰੂਰੀ ਹੈ। ਅਣਖ, ਗ਼ੈਰਤ, ਸੂਰਮਤਾਈ ਵਰਗੇ ਗੁਣ ਸਾਡੀ ਹੁਣ ਦੀ ਪੀੜ੍ਹੀ ਵਿੱਚ ਬਹੁਤ ਘੱਟ ਨਜ਼ਰ ਆਉਂਦੇ ਹਨ। ਕੁਝ ਕਰ ਗੁਜ਼ਰ ਜਾਣ ਦਾ ਜਨੂੰਨ, ਜੋਸ਼, ਇਰਾਦਾ ਅੱਜ ਦੇ ਬੱਚਿਆਂ ਦੇ ਸੁਭਾਅ ਦਾ ਹਿੱਸਾ ਨਹੀਂ ਹੈ ਤੇ ਉਹ ਬਣ ਵੀ ਨਹੀਂ ਸਕਦਾ ਕਿਉਂਕਿ ਅਸੀਂ ਨੀਂਹਾਂ ਕਮਜ਼ੋਰ ਰੱਖੀਆਂ ਹਨ। ਸਾਡੀਆਂ ਨਵੀਆਂ ਪੀੜ੍ਹੀਆਂ ਆਪਣੀ ਪਹਿਚਾਣ ਦੇ ਨਾਲ ਨਾਲ ਆਪਣੀ ਹੋਂਦ ਵੀ ਗਵਾ ਰਹੀਆਂ ਹਨ। ਬੇਸ਼ੱਕ ਅੱਜ ਲੜਾਈ ਤਲਵਾਰਾਂ ਦੀ ਨਹੀਂ ਹੈ ਪਰ ਵਿਚਾਰਾਂ ਦੀ ਤਾਂ ਹੈ। ਅੱਜ ਵਿਦਵਾਨਾਂ,ਚਿੰਤਕਾਂ ਦੀ ਲੋੜ ਹੈ ਜੋ ਬਾਬਾ ਨਾਨਕ ਵਰਗੇ ਚਿੰਤਕਾਂ ਨੂੰ ਪੜ੍ਹ ਤੇ ਵਿਚਾਰ ਕੇ ਅਗਲੇ ਰਾਹਾਂ ਦੇ ਪਾਂਧੀ ਬਣਨ । ਸਾਡੇ ਅੱਜ ਦੇ ਬੱਚੇ ਆਪਣਾ ਵਕਤ ਸੋਸ਼ਲ ਮੀਡੀਆ ਤੇ ਨਾ ਮੁਨਾਸਿਬ ਤਲਾਸ਼ ਵਿੱਚ ਗਵਾ ਰਹੇ ਹਨ। ਅਸੀਂ ਉਹਨਾਂ ਨੂੰ ਇਹ ਵੀ ਨਹੀਂ ਦੱਸ ਸਕੇ ਕਿ ਤਲਾਸ਼ (search) ਕੀ ਕਰਨਾ ਹੈ? ਮੈਦਾਨੀ ਖੇਡਾਂ ਦੀ ਬਜਾਏ ਵੀਡੀਓ ਗੇਮਾਂ 'ਚ ਉਲਝੇ ਸਾਡੇ ਬੱਚਿਆਂ ਦੀ ਜਵਾਨੀ ਪਤਾ ਨਹੀਂ ਕਿਹੋ ਜਿਹੀ ਹੋਵੇਗੀ। ਸਾਡੇ ਵਡੇਰੇ ਇਹ ਮਿਸਾਲਾਂ ਇਸ ਲਈ ਕਾਇਮ ਕਰ ਗਏ ਸਨ ਕਿ

ਆਉਣ ਵਾਲੀਆਂ ਨਸਲਾਂ ਵਿੱਚ ਵੀ ਇਹ ਹਿੰਮਤ ਤੇ ਜਜ਼ਬੇ ਬਰਕਰਾਰ ਰਹਿਣ। ਅਗਰ ਅਸੀਂ ਉਹਨਾਂ ਦੇ ਤਿਆਗ ਦੀ ਕਹਾਣੀ ਆਪਣੀਆਂ ਮੌਜੂਦਾ ਨਸਲਾਂ ਨੂੰ ਸੁਣਾਉਂਦੇ ਹਾਂ ਤਾਂ ਯਕੀਨਨ ਉਹਨਾਂ ਅੰਦਰ ਵੀ ਇਹ ਗੁਣ ਪੈਦਾ ਹੋਣਗੇ। ਉਹ ਹਰ ਖੇਤਰ ਵਿੱਚ ਇੱਕ ਪੁਖ਼ਤਾ ਇਰਾਦੇ ਨਾਲ ਕਦਮ ਰੱਖ ਕੇ ਜਿੱਤ ਨੂੰ ਯਕੀਨੀ ਬਣਾਉਣਗੇ। ਜਿੱਤ-ਹਾਰ ਸਿਰਫ਼ ਮੈਦਾਨ-ਏ-ਜੰਗ ਵਿੱਚ ਨਹੀਂ ਹੁੰਦੀ ਸਗੋਂ ਜ਼ਿੰਦਗੀ ਜਿਊਣ ਦਾ ਸਲੀਕਾ ਵੀ ਸਾਡੀਆਂ ਜਿੱਤਾਂ ਤੇ ਹਾਰਾਂ ਦੀ ਤਰਜਮਾਨੀ ਕਰਦਾ ਹੈ। ਬੱਚਿਆਂ ਵਿੱਚ ਆਤਮਵਿਸ਼ਵਾਸ ਵਰਗੇ ਗੁਣ ਪੈਦਾ ਕਰਨ ਲਈ ਇਹੋ ਜਿਹੀਆਂ ਇਤਿਹਾਸਕ ਕਥਾਵਾਂ ਉਹਨਾਂ ਦੇ ਸਿਲੇਬਸ ਦਾ ਹਿੱਸਾ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਬੀਜ ਪੁੰਗਰਦੇ ਰਹਿਣ ਤੇ ਵੱਡੇ ਰੁੱਖ ਬਣਨ। ਉਹ ਰੁੱਖ ਜੋ ਛਾਵਾਂ ਵੰਡਣ ਤੇ ਵਾਤਾਵਰਣ ਦੀ ਸੰਭਾਲ ਕਰਨ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ)** : ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਇਆ, ਹਿੰਮਤ, ਧਰਮ ਨਿਭਾਉਣ ਅਤੇ ਮਨੁੱਖਤਾ ਲਈ ਕੁਰਬਾਨੀ ਦੇ ਪ੍ਰਤੀਕ ਹਨ। ਉਨ੍ਹਾਂ ਦਾ ਜੀਵਨ ਸਾਨੂੰ ਇਹ ਸਿਖਾਉਂਦਾ ਹੈ ਕਿ ਮਨੁੱਖਤਾ ਦੀ ਭਲਾਈ, ਦੱਬੇ-ਕੁਚਲੇ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਸੱਚ ਦੇ ਮਾਰਗ ਤੇ ਟਿਕੇ ਰਹਿਣ ਲਈ ਕਦੇ-ਕਦੇ ਆਪਣੀ ਜਾਨ ਵੀ ਕੁਰਬਾਨ ਕਰਨੀ ਪੈਂਦੀ ਹੈ। ਗੁਰੂ ਸਾਹਿਬ ਜੀ ਦੀ ਅਤੁੱਲ ਸ਼ਹਾਦਤ ਨਾ ਸਿਰਫ ਸਿੱਖ ਧਰਮ ਦਾ ਸਗੋਂ ਪੂਰੀ ਮਨੁੱਖਤਾ ਦਾ ਮਾਣ ਵਧਾਉਂਦੀ ਹੈ।

ਗੁਰੂ ਸਾਹਿਬ ਨੇ ਲੋਕਾਂ ਨੂੰ ਧਰਮ ਦੀ ਆਜ਼ਾਦੀ, ਇਨਸਾਫ ਅਤੇ ਸਮਾਨਤਾ ਦੇ ਅਧਿਕਾਰ ਬਾਰੇ ਜਾਗਰੂਕ ਕੀਤਾ। ਜਦੋਂ ਸਮੇਂ ਦੇ ਸ਼ਾਸਕਾਂ ਵੱਲੋਂ ਧਾਰਮਿਕ ਜ਼ੁਲਮ ਵਧ ਰਹੇ ਸਨ, ਉਸ ਸਮੇਂ ਗੁਰੂ ਸਾਹਿਬ ਨੇ ਇਹ ਸੰਦੇਸ਼ ਦਿੱਤਾ ਕਿ ਹਰ ਮਨੁੱਖ ਆਪਣਾ ਧਰਮ ਚੁਣਨ ਲਈ ਆਜ਼ਾਦ ਹੈ ਅਤੇ ਇਸ ਆਜ਼ਾਦੀ ਦੀ ਰਾਖੀ ਲਈ ਉਹ ਆਪਣੀ ਜਾਨ ਦੇਣ ਨੂੰ ਵੀ ਤਿਆਰ ਹਨ। ਕਸ਼ਮੀਰੀ ਪੰਡਿਤਾਂ ਦੀ ਬੇਨਤੀ ਤੇ ਉਨ੍ਹਾਂ ਨੇ ਅਦਭੁੱਤ ਹਿੰਮਤ ਦਾ ਪ੍ਰਗਟਾਵਾ ਕਰਦਿਆਂ ਧਾਰਮਿਕ ਜ਼ੁਲਮ ਦੇ ਵਿਰੁੱਧ ਡੱਟ ਕੇ ਟਾਕਰਾ ਕਰਦੇ ਹੋਏ ਆਪਣੀ ਕੁਰਬਾਨੀ ਦਿੱਤੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ "ਹਿੰਦ ਦੀ ਚਾਦਰ" ਦੇ ਰੂਪ ਵਿੱਚ ਯਾਦ ਕੀਤਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਕਿਸੇ ਇੱਕ ਧਰਮ ਦੀ ਨਹੀਂ ਸਗੋਂ ਪੂਰੀ ਮਨੁੱਖਤਾ ਦੀ ਰਾਖੀ ਲਈ ਆਪਣੀ ਜਾਨ ਵਾਰ ਦਿੱਤੀ। ਉਨ੍ਹਾਂ ਦੀ ਕੁਰਬਾਨੀ ਸਾਨੂੰ ਇਹ ਦਰਸਾਉਂਦੀ ਹੈ ਕਿ ਮਨੁੱਖਤਾ ਦੀ ਸੇਵਾ ਸਭ ਤੋਂ ਉੱਚਾ ਧਰਮ ਹੈ।

ਗੁਰੂ ਸਾਹਿਬ ਦੀਆਂ ਬਾਣੀਆਂ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗ੍ਰਹਿਤ ਹਨ, ਮਨ ਨੂੰ ਸ਼ਾਂਤੀ, ਧੀਰਜ ਅਤੇ ਆਤਮਿਕ ਤਾਕਤ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਨੇ ਨਾਮ ਸਿਮਰਨ ਸਵੈ-ਅਨੁਸ਼ਾਸਨ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਤੇ ਜ਼ੋਰ ਦਿੱਤਾ। ਉਹ ਦੱਸਦੇ ਹਨ ਕਿ ਸੱਚਾ ਮਨੁੱਖ ਉਹ ਹੈ ਜੋ ਡਰ ਅਤੇ ਲਾਲਚ ਤੋਂ ਉੱਪਰ ਉੱਠ ਕੇ ਸੱਚਾਈ ਦੇ ਰਸਤੇ ਤੇ ਟਿਕਿਆ ਰਹੇ।

ਅਸੀਂ ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਜੀਵਨੀ ਅਤੇ ਉਪਦੇਸ਼ਾਂ ਦਾ ਮਨਨ ਕਰਦੇ ਹਾਂ ਤਾਂ ਇਹ ਸਾਫ਼ ਹੁੰਦਾ ਹੈ ਕਿ ਉਨ੍ਹਾਂ ਦਾ ਸੰਦੇਸ਼ ਸਿਰਫ਼ ਧਾਰਮਿਕ ਨਹੀਂ ਸਗੋਂ ਮਨੁੱਖੀ ਕਦਰਾਂ ਕੀਮਤਾਂ ਤੇ ਅਧਾਰਿਤ ਹੈ। ਉਨ੍ਹਾਂ ਦੀ ਸ਼ਹਾਦਤ ਸਾਨੂੰ ਇਹ ਪ੍ਰੇਰਨਾ ਦਿੰਦੀ ਹੈ ਕਿ ਮੁਸੀਬਤਾਂ ਦੇ ਬਾਵਜੂਦ ਵੀ ਆਪਣੇ ਫਰਜ਼, ਸਿਧਾਂਤ ਅਤੇ ਵਿਸ਼ਵਾਸਾਂ ਤੋਂ ਕਦੇ ਡਿੱਗਣਾ ਨਹੀਂ ਚਾਹੀਦਾ। ਉਨ੍ਹਾਂ ਦੀ ਵਿਰਾਸਤ ਅੱਜ ਵੀ ਲੱਖਾਂ ਲੋਕਾਂ ਨੂੰ ਦਇਆ, ਹਿੰਮਤ, ਸੱਚਾਈ ਅਤੇ ਨਿਆਂ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕਰਦੀ ਹੈ। ਗੁਰੂ ਸਾਹਿਬ ਜੀ ਦੀ ਇਹ ਅਮਰ ਕੁਰਬਾਨੀ ਸਦਾ ਹੀ ਮਨੁੱਖਤਾ ਨੂੰ ਧਰਮ, ਪਿਆਰ ਅਤੇ ਸੇਵਾ ਦੇ ਰਾਹ ਤੇ ਪ੍ਰਕਾਸ਼ਮਾਨ ਕਰਦੀ ਰਹੇਗੀ।

**ਡਾਕਟਰ ਇਸ਼ਾਕ ਕੁਮਾਰ (ਚੱਬੇਵਾਲ,ਐਸ.ਸੀ.)** : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸਮਾਗਮ ਦੀ ਪ੍ਰਸੰਗਿਕਤਾ:- ਸਿੱਖ ਜਗਤ ਨੇ 1967 ਈ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ 300 ਸਾਲਾ ਸ਼ਤਾਬਦੀ ਸਮਾਗਮ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ। ਸੰਨ 1969 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮ ਅਮਿੱਟ ਪ੍ਰਭਾਵ ਦੇ ਗਏ। ਸੰਨ 1975 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੀਜੀ ਸ਼ਤਾਬਦੀ ਮਨਾਈ ਗਈ। ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਅਰਧ ਸ਼ਤਾਬਦੀ ਵੀ ਮਨਾਈ ਜਾਣ ਲੱਗੀ ਅਤੇ ਇਸ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਨਾਲ ਹੋਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਤੋਂ ਬਾਹਰਲੇ ਤਖਤ ਸਾਹਿਬਾਨਾਂ ਦੇ ਪ੍ਰਬੰਧਕੀ ਬੋਰਡਾਂ, ਵੱਖ-ਵੱਖ ਜਥੇਬੰਦੀਆਂ ਦੇ ਨਾਲ-ਨਾਲ ਸਮਕਾਲੀ ਰਾਜ ਅਤੇ ਕੇਂਦਰੀ ਸਰਕਾਰਾਂ ਨੇ ਇਨ੍ਹਾਂ ਸਮਾਗਮਾ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਸੰਨ 2025 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਅਨਿੰਨ ਸੇਵਕਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲ ਜੀ ਦੀ ਬੇਮਿਸਾਲ ਪਾਵਨ ਸ਼ਹਾਦਤ ਨੂੰ ਸਮਰਪਿਤ, ਪੰਜਾਬ ਵਿੱਚ 350 ਸਾਲਾ ਸ਼ਹੀਦੀ ਸਮਾਗਮ ਸਿੱਖ ਸੰਸਥਾਵਾਂ ਅਤੇ ਪੰਜਾਬ ਸਰਕਾਰ ਵਲੋਂ ਉਲੀਕੇ ਅਤੇ ਨੇਪਰੇ ਚੜ੍ਹਾਏ ਜਾ ਰਹੇ ਹਨ।

ਗੁਰੂ ਸਾਹਿਬ ਦੀ ਸ਼ਹਾਦਤ ਅਨੇਕਾਂ ਪੱਖਾਂ ਤੋਂ ਵਿਲੱਖਣ ਹੀ ਨਹੀਂ ਸਗੋਂ ਮਹਾਨ ਵੀ ਹੈ। ਉਨ੍ਹਾਂ ਧਰਮ ਅਤੇ ਮਾਨਵਤਾ ਦੇ ਰੱਖਿਅਕ ਬਣ ਕੇ ਆਪਣਾ ਬਲੀਦਾਨ ਮਨੁੱਖਤਾ ਦੇ ਸਵੈ-ਮਾਣ ਅਤੇ ਅਜ਼ਾਦੀ ਲਈ ਦਿੱਤਾ। ਇਸ ਬੇਮਿਸਾਲ ਸ਼ਹੀਦੀ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਵਿਸ਼ੇਸ਼ ਅਰਥਾਂ ਵਿੱਚ ਉਜਾਗਰ ਹੁੰਦਾ ਹੈ:-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥

ਉਪਰੋਕਤ ਕਥਨ ਇਸ ਪੱਖ ਨੂੰ ਸਪੱਸ਼ਟ ਕਰਨ ਵਿੱਚ ਸਹਾਈ ਹੁੰਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਲਾਸਾਨੀ ਇਤਿਹਾਸਕ ਸ਼ਖਸੀਅਤਾਂ ਵਿਚੋਂ ਇਕ ਹਨ, ਜਿਨ੍ਹਾਂ ਨੇ ਮਨੁੱਖਤਾ ਨੂੰ ਸਿਦਕ, ਵਿਸ਼ਵਾਸ, ਸਾਂਝੀਵਾਲਤਾ, ਸਚਿਆਰਤਾ, ਦ੍ਰਿੜਤਾ ਅਤੇ ਅਡੋਲਤਾ ਦੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਵਿਸ਼ਵ ਪੱਧਰ ਤੇ ਸ਼ਾਇਦ ਹੀ ਕੋਈ ਅਜਿਹੀ ਮਿਸਾਲ ਹੋਵੇ ਜਿੱਥੇ ਕਿਸੇ ਦੂਜੇ ਧਰਮ ਦੀ ਰੱਖਿਆ ਲਈ, ਕਿਸੇ ਹੋਰ ਧਰਮ ਦੇ ਗੁਰੂ ਨੇ ਆਪਣਾ ਬਲੀਦਾਨ ਦਿੱਤਾ ਹੋਵੇ। ਆਪੋ ਆਪਣਾ ਧਰਮ ਹਰ ਇੱਕ ਲਈ ਪਿਆਰਾ ਤੇ ਸਰਵਉੱਚ ਹੁੰਦਾ ਹੈ ਅਤੇ ਉਸਦੀ ਮਾਣ ਮਰਿਆਦਾ ਨੂੰ ਕਾਇਮ ਰੱਖਣ ਲਈ ਅਨੇਕਾਂ ਕੁਰਬਾਨੀਆਂ ਇਤਿਹਾਸ ਦੇ ਪੰਨ੍ਹਿਆਂ ਤੇ ਦਰਜ ਹਨ ਪਰੰਤੂ ਧਾਰਮਿਕ ਵਿਸ਼ਵਾਸ ਦੀ ਸੁਤੰਤਰਤਾ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਜੋ ਸ਼ਹਾਦਤ ਗੁਰੂ ਜੀ ਨੇ ਦਿੱਤੀ ਉਹ ਬੇਮਿਸਾਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਕਾਰਾਂ ਨੇ ਇੱਕ ਇੱਕ ਸਿਧਾਂਤਕ ਲਲਕਾਰ ਅਤੇ ਵੰਗਾਰ ਰਾਹੀਂ ਲੋਕਾਂ ਦੀ ਬੀਮਾਰ ਮਾਨਸਿਕਤਾ ਨੂੰ ਝੰਜੋੜਦਿਆਂ ਹੱਕ ਸੱਚ ਦੀ ਰਾਖੀ ਅਤੇ ਸਲਾਮਤੀ ਲਈ ਆਵਾਜ਼ ਉਠਾਉਣ ਲਈ ਪ੍ਰੇਰਿਆ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਅਤੇ ਚਿੰਤਕ ਟਾਇਨਬੀ (Toynbee) ਨੇ ਉਚੇਰੀ ਸੱਚਾਈ (Higher truth) ਦੇ ਅੰਤਰਗਤ ਲਿਖਿਆ ਕਿ ਦੂਜਿਆਂ ਲਈ ਕੁਰਬਾਨ ਹੋ ਜਾਣਾ ਤਾਂ ਕਿ ਕਿਸੇ ਦਾ ਜਬਰੀ ਹੱਕ ਨਾ ਖੋਹਿਆ ਜਾ ਸਕੇ ਆਪਣੇ ਆਪ ਵਿਚ ਬੇਮਿਸਾਲ ਹੈ, ਜੋ ਸਦੀਵ ਕਾਲ ਤੱਕ ਮਨੁੱਖੀ ਚੇਤਨਾ ਨੂੰ ਪ੍ਰਭਾਵਿਤ ਕਰਦਾ ਰਹੇਗਾ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ, ਮੀਰੀ ਪੀਰੀ ਦਾ ਸੰਕਲਪ ਹੋਂਦ ਵਿਚ ਆਇਆ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਅਣਖ, ਸਵੈ-ਮਾਣ ਦੀ ਸਲਾਮਤੀ ਦਾ ਉਤਸ਼ਾਹ ਪੈਦਾ ਕੀਤਾ । ਸਿੱਟੇ ਵਜੋਂ ਇੱਕ ਵਿਲੱਖਣ ਅਤੇ ਸੰਪੂਰਨ ਮਨੁੱਖ ਦੀ ਘਾੜਨ 'ਖਾਲਸੇ' ਦੇ ਰੂਪ ਵਿੱਚ ਪ੍ਰਗਟ ਹੋਈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਜੀ ਦੇ 57 ਸਲੋਕ ਅਤੇ 59 ਸ਼ਬਦ ਦਰਜ ਹਨ। ਗੁਰੂ ਜੀ ਦੀ ਬਾਣੀ ਦਾ ਵਿਸ਼ਵ ਵਿਆਪੀ ਸੰਦੇਸ਼, ਸਦੀਵ ਕਾਲ ਲਈ ਮਨੁੱਖਤਾ ਨੂੰ ਜ਼ਿੰਦਗੀ ਜਿਊਣ ਲਈ ਆਪਸੀ ਪ੍ਰੇਮ ਪਿਆਰ, ਸਦਭਾਵਨਾ, ਸਰਬ ਸਾਂਝੀਵਾਲਤਾ, ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਜਾਤੀ ਲਈ ਪ੍ਰੇਰਿਤ ਕਰਦਾ ਰਹੇਗਾ:-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥

ਅੱਜ ਲੋੜ ਹੈ ਕਿ ਇਸ ਮਹਾਨ ਦਿਨ ਗੁਰੂ ਜੀ ਦੀ ਲਾਸਾਨੀ ਸ਼ਹਾਦਤ ਨੂੰ ਵਿਸ਼ਵ ਦੇ ਸਾਹਮਣੇ ਲਿਆਉਂਦਿਆਂ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਵਿਸ਼ਵ ਸ਼ਾਂਤੀ ਦਿਵਸ ਵਜੋਂ ਮਨਾਏ ਜਾਣ ਲਈ ਭਰਪੂਰ ਅਤੇ ਸੁਹਿਰਦ ਯਤਨ ਕਰੀਏ।

**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ)** : ਮਾਣਯੋਗ ਸਪੀਕਰ ਸਾਹਿਬ, ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤਿ "ਹਿੰਦ ਦੀ ਚਾਦਰ" ਧੰਨ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਸਬੰਧੀ ਉਲੀਕੇ ਗਏ ਵਿਧਾਨ ਸਭਾ ਦੇ ਇਸ ਵਿਸ਼ੇਸ਼ ਸੈਸ਼ਨ ਵਿੱਚ ਗੁਰੂ ਸਾਹਿਬ ਨੂੰ ਆਪਣਾ ਸਤਿਕਾਰ ਭੇਂਟ ਕਰਨ ਅਤੇ ਆਪਣੇ ਦਿਲੀ ਵਲਵਲੇ ਆਪ ਸਭਨਾਂ ਨਾਲ ਸਾਂਝੇ ਕਰਨ ਦਾ ਮੌਕਾ ਦੇਣ ਲਈ ਆਪ ਜੀ ਦਾ ਬਹੁਤ ਬਹੁਤ ਧੰਨਵਾਦ।

ਤਿਲਕ-ਜੰਞੂ ਦੇ ਰਾਖੇ, ਸਮੁੱਚੀ ਲੋਕਾਈ ਦਾ ਦੁੱਖ ਵੰਡਾਉਣ ਵਾਲੇ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ 'ਤੇ ਚੱਲ ਕੇ ਜ਼ੁਲਮ ਦੇ ਨਾਸ਼ ਲਈ ਲੋਕਾਂ ਨੂੰ ਦਲੇਰੀ ਬਖ਼ਸ਼ਣ ਵਾਲੇ ਅਤੇ ਸੱਚ ਦੇ ਪਾਂਧੀ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਦੇ ਬਹੁ-ਪੱਖੀ ਪਹਿਲੂਆਂ ਵਿੱਚੋਂ ਅਹਿਮ ਪੱਖ ਦਾ ਮੈਂ ਇੱਥੇ ਜ਼ਿਕਰ ਕਰਨਾ ਚਾਹੁੰਦਾ ਹਾਂ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ ਕਿ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਇਨ੍ਹਾਂ ਪਾਵਨ ਤੁਕਾਂ ਦੇ ਸ਼ਾਬਦਿਕ ਅਰਥਾਂ ਮੁਤਾਬਿਕ ਗਿਆਨਵਾਨ ਮਨੁੱਖ ਨਾ ਤਾਂ ਦੂਜਿਆਂ ਨੂੰ ਆਪਣੀ ਤਾਕਤ ਦਾ ਡਰ ਦਿਖਾਉਂਦਾ ਹੈ ਅਤੇ ਨਾ ਹੀ ਕਿਸੇ ਦੇ ਡਰ, ਧੌਂਸ ਜਾਂ ਧੱਕੇ ਨੂੰ ਮੰਨਦਾ ਹੈ। "ਕਥਨੀ ਤੇ ਕਰਨੀ'' ਦੇ ਧਾਰਨੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਲੋਕਾਈ ਨੂੰ ਇਹ ਸਭ ਕੁੱਝ ਖੁਦ ਕਰ ਕੇ ਵੀ ਵਿਖਾ ਦਿੱਤਾ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ ਪ੍ਰਕਾਸ਼ ਧਾਰਨ ਕਰਨ ਵਾਲੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ, ਸਰਬ ਸਾਂਝੀਵਾਲਤਾ, ਮਨੁੱਖੀ ਬਰਾਬਰੀ ਅਤੇ ਸੰਸਾਰ ਵਿਚ ਸਮੁੱਚੀ ਮਨੁੱਖਤਾ ਦੀ ਹਰ ਪੱਖੋਂ ਸੁਤੰਤਰਤਾ ਲਈ ਲਾਸਾਨੀ ਸ਼ਹਾਦਤ ਦਿੱਤੀ ਅਤੇ ਲੋਕਾਈ ਨੂੰ ਇਖ਼ਲਾਕ ਭਰੀ ਜ਼ਿੰਦਗੀ ਜਿਊਣ ਦਾ ਰਾਹ ਵਿਖਾਇਆ।

ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ ਦੀ, ਦੁਨੀਆ ਦੀ ਕਿਸੇ ਵੀ ਹੋਰ ਕੁਰਬਾਨੀ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਗੁਰੂ ਸਾਹਿਬ ਦਾ ਮੰਨਣਾ ਸੀ ਕਿ ਕਿਸੇ ਮਨੁੱਖ ਦਾ ਧਰਮ ਕੋਈ ਵੀ ਹੋਵੇ ਅਤੇ ਉਸ ਦੇ ਵਿਚਾਰਾਂ ਨਾਲ ਕਿਸੇ ਦੀ ਸਹਿਮਤੀ ਹੋਵੇ ਜਾਂ ਨਾ ਹੋਵੇ, ਇਸ ਸਭ ਦੇ ਬਾਵਜੂਦ ਉਸ ਨੂੰ ਆਪਣੇ ਧਰਮ ਜਾਂ ਅਕੀਦੇ ਅਨੁਸਾਰ ਜੀਵਨ ਜਿਊਣ ਦਾ ਬਰਾਬਰ ਹੱਕ ਹੈ। ਕੇਵਲ ਗੁਰੂ ਨਾਨਕ ਦਾ ਘਰ ਹੀ ਇਸ ਸਿਧਾਂਤ ਦਾ ਪਾਂਧੀ ਰਿਹਾ ਕਿ ਸੰਸਾਰ ਵਿਚ ਹਰ ਵਰਗ, ਫਿਰਕੇ, ਸਮਾਜ ਨੂੰ ਧਾਰਮਿਕ, ਸਮਾਜਿਕ, ਰਾਜਨੀਤਿਕ ਆਜ਼ਾਦੀ ਹੋਵੇ ਤੇ ਉਹ ਆਪਣੇ ਸਿਧਾਂਤਾਂ, ਆਪਣੇ ਸੱਭਿਆਚਾਰ ਅਨੁਸਾਰ ਜੀਵਨ ਜੀਅ ਸਕੇ।

ਇਤਿਹਾਸ ਵਿੱਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸਭ ਤੋਂ ਵੱਧ ਯਾਤਰਾਵਾਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਕੀਤੀਆਂ। ਗੁਰੂ ਸਾਹਿਬ ਲਗਭਗ ਉਨ੍ਹਾਂ ਸਾਰੇ ਅਸਥਾਨਾਂ ਉੱਤੇ ਗਏ, ਜਿੱਥੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਾ ਕੇ ਸੱਚ ਦਾ ਹੋਕਾ ਦਿੱਤਾ ਅਤੇ ਕਿਸੇ ਵੀ ਤਰ੍ਹਾਂ ਦੇ ਦੁਨਿਆਵੀ ਭੈਅ ਤੋਂ ਰਹਿਤ ਹੋ ਕੇ ਅਣਖ, ਗ਼ੈਰਤ ਅਤੇ ਸਵੈ-ਮਾਣ ਨਾਲ ਜੀਵਨ ਜਿਊਣ ਦਾ ਜਜ਼ਬਾ ਮਨੁੱਖਤਾ ਅੰਦਰ ਭਰਿਆ। ਗੁਰੂ ਸਾਹਿਬ ਨੇ ਸਮੁੱਚੀ ਮਾਨਵਤਾ ਨੂੰ ਸਿਦਕ, ਭਰੋਸਾ, ਸਚਿਆਰਤਾ, ਸਾਂਝੀਵਾਲਤਾ, ਆਪਾ-ਤਿਆਗ ਅਤੇ ਅਡੋਲ ਦ੍ਰਿੜ੍ਹਤਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ।

ਜਿੰਨੀ ਤਾਕਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ "ਤਲਵਾਰ" ਵਿੱਚ ਸੀ, ਉੱਨੀ ਹੀ ਤਾਕਤ ਉਨ੍ਹਾਂ ਦੇ "ਵਿਚਾਰ" ਵਿੱਚ ਸੀ। ਛੋਟੀ ਉਮਰ ਵਿੱਚ ਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਉਨ੍ਹਾਂ ਨੇ ਕਈ ਜੰਗਾਂ ਲੜੀਆਂ ਅਤੇ ਤਲਵਾਰ ਦੇ ਜ਼ੋਰ ਨਾਲ ਜ਼ਾਲਮ ਨੂੰ ਪਛਾੜਿਆ। ਇਸੇ ਤਰ੍ਹਾਂ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਕਬੂਲਦਿਆਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਤਲਵਾਰ ਦੀ ਥਾਂ ਆਪਣੇ "ਵਿਚਾਰ" ਨਾਲ ਜ਼ਾਲਮ ਹਕੂਮਤ ਨੂੰ ਵੰਗਾਰਿਆ। ਜ਼ਾਲਮ ਹਕੂਮਤ ਦੀ ਗੁਰੂ ਸਾਹਿਬ ਦੇ ਵਿਚਾਰਾਂ ਅੱਗੇ ਇੱਕ ਨਾ ਚੱਲੀ ਅਤੇ ਜ਼ਾਲਮਾਂ ਦੇ ਸਾਰੇ ਪੈਂਤੜੇ ਧਰੇ-ਧਰਾਏ ਰਹਿ ਗਏ।

ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਤਿੰਨ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀਆਂ ਲਾਸਾਨੀ ਸ਼ਹਾਦਤਾਂ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਦਾਸ ਕੋਟਿ-ਕੋਟਿ ਪ੍ਰਣਾਮ ਕਰਦਾ ਹੈ। ਆਉ, ਅਸੀਂ ਇਸ ਮਹਾਨ ਦਿਹਾੜੇ 'ਤੇ ਗੁਰੂ ਸਾਹਿਬ ਦੇ ਧਾਰਮਿਕ ਆਜ਼ਾਦੀ ਅਤੇ ਮਨੁੱਖਤਾ ਲਈ ਬਰਾਬਰ ਹਕੂਕਾਂ ਦੇ ਸਿਧਾਂਤ 'ਤੇ ਪਹਿਰਾ ਦੇਣ ਦਾ ਪ੍ਰਣ ਕਰੀਏ ਕਿਉਂਕਿ ਅਜੋਕੇ ਦੌਰ ਵਿੱਚ ਵੀ ਇਸ ਮਹਾਨ ਸਿਧਾਂਤ 'ਤੇ ਪਹਿਰਾ ਦੇਣ ਦੀ ਉੱਨੀ ਹੀ ਲੋੜ ਹੈ, ਜਿੰਨੀ ਉਸ ਸਮੇਂ ਸੀ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.) :** ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਜੀਓ। ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰ (ਸ੍ਰੀ ਗੁਰੂ ਤੇਗ ਬਹਾਦਰ ਜੀ, ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ) ਅਤੇ ਇਕ ਧੀ ਬੀਬੀ ਵੀਰੋ ਸੀ ਪਰ ਛੇਵੇਂ ਗੁਰੂ ਜੀ ਨੇ ਗੁਰਗੱਦੀ ਆਪਣੇ ਪੋਤਰੇ ਹਰਿ ਰਾਏ ਜੀ (ਸੱਤਵੇਂ ਗੁਰੂ) ਨੂੰ ਦਿੱਤੀ ਜੋ ਗੁਰੂ ਤੇਗ ਬਹਾਦਰ ਜੀ ਦੇ ਭਤੀਜੇ ਲੱਗਦੇ ਸਨ ਅਤੇ ਅੱਗੇ ਸੱਤਵੇਂ ਸ੍ਰੀ ਗੁਰੂ ਹਰਿ ਰਾਏ ਜੀ ਨੇ ਗੁਰਗੱਦੀ ਆਪਣੇ ਪੁੱਤਰ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੂੰ ਬਖਸ਼ੀ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਲੱਗਦੇ ਸਨ। 30 ਮਾਰਚ, 1664 ਨੂੰ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਜਦੋਂ ਜੋਤੀ-ਜੋਤ ਸਮਾਏ ਤਾਂ ਉਹਨਾਂ ਨੇ ਬਾਬਾ ਬਕਾਲਾ ਕਹਿ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ । ਇਤਿਹਾਸ ਵਿਚ ਇਹ ਪਹਿਲੀ ਵਾਰੀ ਹੋਇਆ ਜਦੋਂ ਪੋਤੇ ਨੇ ਦਾਦੇ ਨੂੰ ਗੁਰਗੱਦੀ ਬਖਸ਼ੀ ਹੋਵੇ ।

ਉਧਰੋਂ ਦਿੱਲੀ ਤੋਂ ਮੁਖੀ ਸਿੰਘਾਂ ਦਾ ਜੱਥਾ ਬਾਬਾ ਬਕਾਲਾ ਵੱਲ ਚੱਲ ਪਿਆ (ਭੱਟ ਵਹੀਆਂ ਅਨੁਸਾਰ) ਜਿਸ ਵਿੱਚ ਦੀਵਾਨ ਭਾਈ ਦਰਘਾ ਮੱਲ, ਭਾਈ ਚੋਪਤ ਰਾਇ, ਭਾਈ ਜੇਠਾ, ਭਾਈ ਮਨੀ ਰਾਮ, ਭਾਈ ਗੁਰਬਖਸ਼ ਅਤੇ ਅੱਠਵੇਂ ਗੁਰੂ ਜੀ ਦੇ ਮਾਤਾ ਵੀ ਨਾਲ ਸਨ, ਇਥੇ ਭਾਈ ਮੱਖਣ ਸਾਹ ਲੁਬਾਣੇ ਨੇ ਅਨੋਖੀ ਘਟਨਾਕ੍ਰਮ ਤੋਂ ਬਾਅਦ ਸਾਰੇ ਸਿੱਖਾਂ ਦੇ ਜੱਥੇ ਨੇ ਬਾਬਾ ਬਕਾਲੇ ਪਹੁੰਚ ਕੇ 11 ਅਗਸਤ, 1664 ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਸੌਂਪਣ ਦੀ ਰਸਮ ਨਿਭਾਈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 19 ਜੂਨ, 1665 ਨੂੰ ਪਹਾੜੀ ਰਾਜਿਆਂ ਤੋਂ ਜ਼ਮੀਨ ਖਰੀਦ ਕੇ ਅਨੰਦਪੁਰ ਸਾਹਿਬ ਵਸਾਇਆ। ਗੁਰੂ ਜੀ ਨੇ ਧਰਮ ਦੇ ਪ੍ਰਚਾਰ ਲਈ, ਮਾਲਵਾ, ਕੁਰੂਕਸ਼ੇਤਰ, ਮਥੁਰਾ, ਆਗਰਾ, ਅਲਾਹਾਬਾਦ, ਕਾਸ਼ੀ ਜੀ, ਪਟਨਾ, ਢਾਕਾ, ਕਲਕੱਤਾ ਅਤੇ ਆਸਾਮ ਦੀ ਯਾਤਰਾ ਕੀਤੀ ਅਤੇ ਵਾਪਸ ਆ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 59 ਪਦ ਅਤੇ 57 ਸਲੋਕ, ਕੁੱਲ 116 ਸ਼ਬਦ, 15 ਰਾਗਾਂ ਵਿੱਚ ਬਾਣੀ ਰਚੀ। ਗੁਰੂ ਜੀ ਦੀ ਬਾਣੀ ਵਿੱਚ ਪ੍ਰਭੂ ਸਿਮਰਨ ਮੁੱਖ ਵਿਸ਼ਾ ਰਿਹਾ। ਪਰ ਗੁਰੂ ਸਾਹਿਬ ਜੀ ਦੀ ਬਾਣੀ, ਨਿਰਾਸ਼ਤਾ ਅਤੇ ਉਦਾਸੀਨਤਾ ਪੈਦਾ ਨਹੀਂ ਕਰਦੀ ਸਗੋਂ ਸੋਗਮਈ ਸਮਿਆਂ ਵਿੱਚ ਢਾਰਸ ਦੇਣ ਲਈ ਇਹ ਬਾਣੀ ਪੜ੍ਹੀ ਜਾਂਦੀ ਹੈ। ਸਹੀ ਗਿਆਨ ਅਤੇ ਸਹੀ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ।

**ਸੀਸ ਅਤੇ ਅਸੀਸ**

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ " ਕਲਮਾ " ਪੜ੍ਹਨ ਦੇ ਹੁਕਮ ਦੀ ਤਾਮੀਲ ਕਰਨ ਦੀ ਬਜਾਏ ਆਪਣਾ ਸੀਸ ਕਲਮ ਕਰਵਾਉਣ ਨੂੰ ਤਰਜੀਹ ਦਿੱਤੀ ਤਾਂ ਇਤਿਹਾਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ "ਹਿੰਦ ਦੀ ਚਾਦਰ " ਅਤੇ "ਧਰਮ ਦੀ ਚਾਦਰ" ਕਹਿ ਕੇ ਵਡਿਆਈ ਦਿੱਤੀ।

ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਦਾ ਮਾਰਗ ਇੱਕੋ ਇੱਕ ਅਨੂਠਾ ਮਾਰਗ ਬਣ ਗਿਆ ਜਿੱਥੇ ਸੀਸ ਅਤੇ ਅਸੀਸ ਹਮਸਫਰ ਕਰ ਰਹੇ ਸਨ। ਦਿੱਲੀ ਦੇ ਚਾਂਦਨੀ ਚੌਂਕ ਵਿੱਚ 11 ਨਵੰਬਰ, 1675 ਨੂੰ ਗੁਰੂ ਜੀ ਨੇ ਬਲੀਦਾਨ ਦਿੱਤਾ। ਇਸ ਤੋਂ ਪਹਿਲਾਂ ਗੁਰੂ ਜੀ ਦੇ ਸੇਵਕ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਨੂੰ ਗੁਰੂ ਜੀ ਨੂੰ ਡਰਾਉਣ ਲਈ ਕਠਿਨ ਤਸੀਹੇ ਦਿੱਤੇ ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਅਡੋਲ ਰਹੇ, ਅਖੀਰ ਜ਼ਾਲਮਾਂ ਨੇ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ। ਜਿੱਥੇ ਗੁਰਦੁਆਰਾ ਸਾਹਿਬ ਸੀਸ ਗੰਜ ਸੁਸ਼ੋਭਿਤ ਹੈ।

ਧਰਮ ਹੇਤਿ ਸਾਕਾ ਜਿਨਿ ਕੀਆ ॥

ਸੀਸੁ ਦੀਆ ਪਰੁ ਸਿਰਰੁ ਨਾ ਦੀਆ ॥

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥

ਕੀਨੋ ਬਡੋ ਕਲੂ ਮਹਿ ਸਾਕਾ ॥

ਸਾਧਨਿ ਹੇਤਿ ਇਤੀ ਜਿਨਿ ਕਰੀ ॥

ਸੀਸੁ ਦੀਆ ਪਰੁ ਸੀ ਨ ਉਚਰੀ ॥

ਭਾਈ ਜੈਤਾ ਜੀ ਨੇ ਆਪਣੀ ਜਾਨ ਜੋਖਮ ਵਿੱਚ ਪਾ ਕੇ 315 ਕਿਲੋਮੀਟਰ ਲੰਬਾ ਰਸਤਾ ਆਪਣੇ ਦੋ ਸਾਥੀਆਂ ਭਾਈ ਉਦੇ ਅਤੇ ਭਾਈ ਨਾਨੂੰ ਨੂੰ ਅੱਗੇ ਪਿੱਛੇ ਤੋਰ ਕੇ ਲੰਬੇ ਪੈਂਡੇ ਤਹਿ ਕਰਨ ਲਈ ਚੱਲ ਪਏ। ਚਾਂਦਨੀ ਚੌਂਕ ਤੋਂ ਪਿੰਡ

ਵਜੀਰਾਬਾਦ, ਜਗਤਪੁਰ, ਲੋਨੀ, ਬਾਗਪਤ, ਤਰਾਵੜੀ (ਭਾਈ ਦੇਵਾ ਰਾਮ ਦੇ ਘਰ), ਕੈਂਥ ਮਾਜਰੀ (ਭਾਈ ਨਰਾਇਣਾ ਦੇ ਘਰ), ਨਾਭਾ ਸਾਹਿਬ (ਦਰਗਾਹੀ ਸਾਹ ਫਕੀਰ ਦੀ ਝੌਂਪੜੀ), ਪਿੰਡ ਮਾਦੜਾ (ਹੁਣ ਸੈਕਟਰ 34), ਖਰੜ ਤੋਂ ਭਰਤਪੁਰ ਅਤੇ ਅਨੰਦਪੁਰ ਸਾਹਿਬ ਪਹੁੰਚੇ, ਜਿਥੇ ਬਾਲ ਗੋਬਿੰਦ ਜੀ ਨੇ ਸੀਸ ਨੂੰ ਬੜੇ ਸਤਿਕਾਰ ਨਾਲ ਪ੍ਰਾਪਤ ਕੀਤਾ ਅਤੇ ਫੇਰ ਭਾਈ ਜੈਤਾ ਨੂੰ ਜੱਫੀ ਪਾ ਲਈ ਅਤੇ "ਰੰਘਰੇਟੇ ਗੁਰੂ ਕੇ ਬੇਟੇ" ਨਾਲ ਨਿਵਾਜਿਆ।

ਔਰੰਗਜੇਬ ਦੇ ਜ਼ੁਲਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਸਦਾ ਸਪੁੱਤਰ ਨਗਾਹੀਆ ਨੇ ਗੁਰੂ ਜੀ ਦੇ ਧੜ ਨੂੰ ਰੂੰ ਦੇ ਗੱਡੇ ਵਿੱਚ ਲੁਕੋ ਕੇ ਪਿੰਡ ਰਾਇਸਨ ਵਿਖੇ ਗੁਰੂ ਜੀ ਦੀ ਦੇਹ ਨੂੰ ਆਪਣੇ ਘਰ ਵਿੱਚ ਰੱਖ ਘਰ ਨੂੰ ਅੱਗ ਲਾ ਦਿੱਤੀ (ਜਿੱਥੇ ਹੁਣ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਸੁਸ਼ੋਭਿਤ ਹੈ) ਤਾਂ ਜੋ ਸਸਕਾਰ ਦੀ ਕਿਸੇ ਨੂੰ ਭਿਣਕ ਵੀ ਨਾ ਪਵੇ । ਇਹੋ ਜਿਹਾ ਸਸਕਾਰ ਅਤੇ ਅੰਤਿਮ ਸੰਸਕਾਰ ਆਪਣੇ ਆਪ ਵਿੱਚ ਇਕ ਮਿਸਾਲ ਹੈ ਜਿੱਥੇ ਇਕ ਸੇਵਕ ਨੇ ਆਪਣੇ ਗੁਰੂ ਜੀ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਆਪਣੇ ਘਰ ਨੂੰ ਹੀ ਲਾਂਬੂ ਲਾ ਦਿੱਤਾ ਹੋਵੇ ।

ਸੋ, ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਅਸੈਂਬਲੀ ਦਾ ਸੈਸ਼ਨ, ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਜ 24 ਨਵੰਬਰ, 2025 ਨੂੰ ਹੋ ਰਿਹਾ ਹੈ ਜੋ ਕਿ ਇਕ ਇਤਿਹਾਸਕ ਘਟਨਾ ਹੈ। "ਧਰਮ ਦੀ ਚਾਦਰ" ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਉਂਦੇ ਸਮੇਂ ਪੰਜਾਬ ਅਸੈਂਬਲੀ ਦਾ ਸੈਸ਼ਨ ਇਤਿਹਾਸ ਵਿੱਚ ਵਿਸ਼ੇਸ਼ ਤੌਰ ਤੇ ਲਿਖਿਆ ਜਾਵੇਗਾ।

**ਸ੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):** ਸਤਿਕਾਰਯੋਗ ਸਪੀਕਰ ਸਾਹਿਬ, ਮਾਣਯੋਗ ਮੁੱਖ ਮੰਤਰੀ ਸਾਹਿਬ, ਮੰਤਰੀ ਸਾਹਿਬਾਨ, ਵਿਧਾਇਕ ਸਾਹਿਬਾਨ ਅਤੇ ਦੇਸ਼ਾਂ-ਵਿਦੇਸ਼ਾਂ ਵਿੱਚ ਬੈਠੀ ਸਮੂਹ ਸੰਗਤ ਨੂੰ ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਮੈਂ ਪੰਜਾਬ ਸਰਕਾਰ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਸਮਰਪਿਤ ਖ਼ਾਲਸੇ ਦੀ ਜਨਮ ਭੂਮੀ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਰੱਖਿਆ ਹੈ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਾਂਦਨੀ ਚੌਂਕ ਵਿਖੇ ਹੋਈ ਸ਼ਹਾਦਤ ਸਮੇਂ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਵੀ ਸ਼ਰਧਾ ਪੂਰਵਕ ਨਤਮਸਤਕ ਹਾਂ। ਇਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਦੇ ਸਮੇਂ ਵਿੱਚ ਆਜ਼ਾਦੀ ਨਾਲ ਸੁੱਖਾਂ ਭਰਪੂਰ ਜੀਵਨ ਜੀਅ ਰਹੇ ਹਾਂ।

ਇਸ ਪਵਿੱਤਰ ਧਰਤੀ ਸ੍ਰੀ ਅਨੰਦਪੁਰ ਸਾਹਿਬ ਜਿਸ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਵਸਾਇਆ। ਉਨ੍ਹਾਂ ਨੇ ਬਿਲਾਸਪੁਰ ਦੇ ਰਾਜੇ ਤੋਂ ਮਾਖੋਵਾਲ ਦੀ ਜ਼ਮੀਨ ਖ਼ਰੀਦੀ ਅਤੇ ਮਾਖੋਵਾਲ ਦਾ ਨਾਮ ਬਦਲ ਕੇ ਉਨ੍ਹਾਂ ਨੇ ਆਪਣੇ ਸਤਿਕਾਰਯੋਗ ਮਾਤਾ ਜੀ ਬੇਬੇ ਨਾਨਕੀ ਜੀ ਦੇ ਨਾਮ ਉੱਤੇ ਇਸ ਦਾ ਨਾਮ 'ਚੱਕ ਨਾਨਕੀ' ਰੱਖਿਆ ਅਤੇ ਬਾਅਦ ਵਿੱਚ ਇਸ ਨਗਰ ਦਾ ਨਾਮ ਸ੍ਰੀ ਆਨੰਦਪੁਰ ਸਾਹਿਬ ਪਿਆ।

ਜੇਕਰ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਸਮੁੱਚੇ ਪੰਜਾਬ ਦੀ ਧਰਤੀ ਸ਼ਹੀਦਾਂ ਦੇ ਲਹੂ ਨਾਲ ਪਵਿੱਤਰ ਹੈ। ਸਮੇਂ ਸਮੇਂ ਤੇ ਹਕੂਮਤਾਂ ਵੱਲੋਂ ਕੀਤੇ ਜ਼ੁਲਮ ਦਾ ਟਾਕਰਾ ਕਰਨ ਲਈ ਅਕਾਲ ਪੁਰਖ ਨੇ ਮਹਾਂਪੁਰਖਾਂ ਨੂੰ ਧਰਤੀ ਉੱਤੇ ਭੇਜਿਆ ਜਿਨ੍ਹਾਂ ਨੇ ਮਹਾਨ ਕੁਰਬਾਨੀਆਂ ਸਦਕਾ ਜ਼ੁਲਮ ਦਾ ਨਾਸ਼ ਕੀਤਾ। ਪੰਜਾਬ ਦੀ ਧਰਤੀ ਗੁਰੂ ਸਾਹਿਬਾਨ,

ਭਗਤਾਂ, ਯੋਧਿਆਂ ਅਤੇ ਗ਼ੈਰਤਮੰਦ ਲੋਕਾਂ ਦੀ ਧਰਤੀ ਹੈ। ਇਤਿਹਾਸ ਗਵਾਹ ਹੈ ਕਿ ਹਿੰਦੁਸਤਾਨ ਉੱਤੇ ਹਮਲਾ ਕਰਨ ਲਈ ਚੜ੍ਹ ਕੇ ਆਏ ਹਰੇਕ ਹਮਲਾਵਰ ਦਾ ਟਾਕਰਾ ਬਹਾਦਰੀ ਨਾਲ ਕੀਤਾ ਗਿਆ।

ਅੱਜ ਪੰਜਾਬੀਆਂ ਦਾ ਬੱਚਾ ਬੱਚਾ ਇਸ ਇਤਿਹਾਸ ਤੋਂ ਜਾਣੂ ਹੈ ਕਿ ਕਿਸ ਤਰ੍ਹਾਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਹੋਈ। ਇਸੇ ਕਰਕੇ ਹੀ ਸਕੂਲਾਂ ਅਤੇ ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪੰਜਾਬ ਦਾ ਇਤਿਹਾਸ ਪੜ੍ਹਾਇਆ ਜਾਂਦਾ ਹੈ ਕਿ ਉਹ ਆਪਣੇ ਯੋਧਿਆਂ ਤੇ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਣ।

ਇੱਥੇ ਮੈਂ ਸਰਕਾਰ ਨੂੰ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਗੁਰੂ ਸਾਹਿਬ ਨਾਲ ਸਬੰਧਿਤ ਵੱਖ ਵੱਖ ਸਮਾਗਮ ਕਰਵਾਏ ਜਾ ਰਹੇ ਹਨ ਉਸ ਤਰ੍ਹਾਂ ਸਕੂਲਾਂ ਜਾਂ ਕਾਲਜਾਂ ਦੇ ਵਿਦਿਆਰਥੀਆਂ ਦੇ ਟੂਰ ਦੇ ਰੂਪ ਵਿੱਚ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਅਤੇ ਗੁਰੂ ਸਾਹਿਬਾਨ ਨਾਲ ਸਬੰਧਿਤ ਹੋਰਨਾਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਵੀ ਜ਼ਰੂਰ ਕਰਵਾਉਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਤੇ ਨੌਜਵਾਨਾਂ ਨੂੰ ਮਹਾਂਪੁਰਸ਼ਾਂ ਦੇ ਜੀਵਨ ਤੋਂ ਸੇਧ ਮਿਲ ਸਕੇ।

ਜਦੋਂ ਭਾਈ ਜੀਵਨ ਸਿੰਘ ਜੀ ਦਿੱਲੀ ਤੋਂ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਤਾਂ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਗਲ਼ ਨਾਲ ਲਾ ਕੇ "ਰੰਘਰੇਟੇ ਗੁਰੂ ਕੇ ਬੇਟੇ" ਆਖ ਕੇ ਨਿਵਾਜਿਆ। ਸ੍ਰੀ ਅਨੰਦਪੁਰ ਸਾਹਿਬ ਦੇ ਜਿਸ ਸਥਾਨ ਉੱਤੇ ਗੁਰੂ ਸਾਹਿਬ ਦੇ ਸੀਸ ਦਾ ਸਸਕਾਰ ਕੀਤਾ ਗਿਆ, ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਜਿੰਨੀ ਦੇਰ ਸ੍ਰੀ ਅਨੰਦਪੁਰ ਸਾਹਿਬ ਰਹੇ ਉਸ ਸਥਾਨ ਉੱਤੇ ਅਕਸਰ ਆ ਕੇ ਬੈਠ ਜਾਂਦੇ ਅਤੇ ਧਿਆਨ ਧਰਦੇ ਸਨ। ਸ਼ਾਇਦ ਉਹ ਆਉਣ ਵਾਲੇ ਸਮੇਂ ਲਈ ਆਪਣੇ ਆਪ ਨੂੰ ਅਤੇ ਇਤਿਹਾਸ ਨੂੰ ਕੁਝ ਨਵਾਂ ਰੂਪ ਦੇਣ ਲਈ ਵਿਆਕੁਲ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ 1675 ਈਸਵੀ ਨੂੰ ਹੋਈ ਅਤੇ ਖਾਲਸਾ ਪੰਥ ਦੀ ਸਾਜਨਾ 1699 ਈਸਵੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੀ ਹੋਈ। ਇਹ 24 ਸਾਲ ਦਾ ਸਮਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਸ਼ਾਇਦ ਖ਼ਾਲਸਾ ਪੰਥ ਦੀ ਸਿਰਜਣਾ ਕਰਨ ਲਈ, ਦੂਰ ਅੰਦੇਸ਼ੀ, ਵਿਉਂਤਬੰਦੀ ਅਤੇ ਵੱਖਰਾ ਅਹਿਦ ਕਰਨ ਲਈ ਲੰਘਾਇਆ।

ਅੱਜ ਦੇ ਸੰਦਰਭ ਵਿੱਚ ਜੇਕਰ ਅਸੀਂ ਦੇਖੀਏ ਤਾਂ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਮੂਹ ਸ਼ਹੀਦਾਂ ਦੀ ਸ਼ਹਾਦਤ ਸਾਨੂੰ ਜ਼ੁਲਮ ਨਾ ਸਹਾਰਨ ਅਤੇ ਜ਼ੁਲਮ ਨਾ ਕਰਨ ਦੀ ਸਿੱਖਿਆ ਦਿੰਦੀ ਹੈ। ਉਨਾਂ ਦੀ ਸ਼ਹਾਦਤ ਦੇ 350 ਸਾਲ ਬਾਅਦ ਵੀ ਅੱਜ ਸਾਡਾ ਸਮਾਜ ਬਹੁਤ ਸਾਰੀਆ ਕੁਰੀਤੀਆਂ, ਦੁਬਿਧਾਵਾਂ ਅਤੇ ਸਥਿਰਤਾ ਵਿੱਚ ਫਸਿਆ ਹੋਇਆ ਹੈ ਜਿਸ ਤੋਂ ਬਾਹਰ ਨਿਕਲਣ ਲਈ ਸਾਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਉੱਤੇ ਚੱਲਣ ਦੀ ਲੋੜ ਹੈ ਉਹਨਾਂ ਦੀਆਂ ਸਿੱਖਿਆਵਾਂ ਤੇ ਅਮਲ ਕਰਨ ਦੀ ਲੋੜ ਹੈ।

ਜੇਕਰ ਮੈਂ ਸੰਗੀਤ ਦੇ ਹਵਾਲੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਦੀ ਗੱਲ ਕਰਾਂ ਤਾਂ ਗੁਰੂ ਸਾਹਿਬ ਦੇ ਪਿਤਾ ਜੀ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਨੌਵੇਂ ਪਾਤਸ਼ਾਹ ਜੀ ਨੂੰ ਬਚਪਨ ਵਿੱਚ ਜਿੱਥੇ ਪ੍ਰਚੱਲਿਤ ਵਿੱਦਿਆ ਦਿੱਤੀ ਗਈ ਉੱਥੇ ਉਹਨਾਂ ਨੂੰ ਸ਼ਸਤਰ ਵਿੱਦਿਆ ਦੇ ਨਾਲ ਨਾਲ ਸੰਗੀਤ ਵਿੱਦਿਆ ਵੀ ਮੁਹੱਈਆ ਕਰਵਾਈ ਗਈ। ਜੇਕਰ ਗੁਰੂ ਸਾਹਿਬ ਦੀ ਬਾਣੀ ਦੀ ਰਚਨਾ ਦੀ ਗੱਲ ਕਰਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿੱਚ ਨੌਵੇਂ ਗੁਰੂ ਸਾਹਿਬ ਦੀ ਦਰਜ ਬਾਣੀ 15 ਰਾਗਾਂ ਵਿੱਚ ਹੈ। ਰਾਗ ਜੈਜਾਵੰਤੀ ਵਿੱਚ

ਕਿਸੇ ਹੋਰ ਗੁਰੂ ਸਾਹਿਬ ਦੀ ਬਾਣੀ ਨਹੀਂ ਹੈ ਇਸ ਰਾਗ ਨੂੰ ਕੇਵਲ ਨੌਵੇਂ ਗੁਰੂ ਸਾਹਿਬ ਨੇ ਹੀ ਬਾਣੀ ਵਿੱਚ ਉਪਯੋਗ ਕੀਤਾ ਹੈ।

ਗੁਰੂ ਸਾਹਿਬ ਦੀ ਬਾਣੀ ਕਰੁਣਾ ਰਸ, ਸ਼ਾਂਤ ਰਸ, ਬੀਰ ਰਸ, ਅਦਭੁਤ ਰਸ, ਭਿਆਨਕ ਰਸ ਆਦਿ ਰਸਾਂ ਨਾਲ ਭਰਪੂਰ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ:-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥

ਕਹੁ ਨਾਨਕ ਹਰਿ ਭਜੁ ਮਨਾ ਅੰਤ ਸਹਾਈ ਹੋਇ ॥

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥

ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥

ਸੋ, ਅੰਤ ਵਿੱਚ ਮੈਂ ਇਹੀ ਕਹਾਂਗਾ ਕਿ ਸਾਨੂੰ ਉਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਆਪਣੇ ਜੀਵਨ ਨੂੰ ਚੰਗੇ ਰਾਹਾਂ ਤੇ ਤੋਰਨਾ ਚਾਹੀਦਾ ਹੈ, ਗੁਰੂ ਸਾਹਿਬਾਨ ਦੀ ਬਾਣੀ ਨਾਲ ਮਨ ਜੋੜਨਾ ਚਾਹੀਦਾ ਹੈ। ਮੈਂ ਆਪਣੇ ਆਪ ਨੂੰ ਵਡਭਾਗਾ ਸਮਝਦਾ ਹਾਂ ਕਿ ਪੰਜਾਬ ਸਰਕਾਰ ਦਾ ਇੱਕ ਹਿੱਸਾ ਹੁੰਦਾ ਹੋਇਆ ਇਸ ਇਤਿਹਾਸਕ ਦਿਹਾੜੇ ਨੂੰ ਮਨਾਉਣ ਵਿੱਚ ਸ਼ਾਮਿਲ ਹੋ ਸਕਿਆ ਹਾਂ। ਗੁਰੂ ਸਾਹਿਬ ਅੱਗੇ ਕਾਮਨਾ ਕਰਦਾ ਹਾਂ ਕਿ ਪਰਮਾਤਮਾ ਸਭ ਨੂੰ ਚੜ੍ਹਦੀਕਲਾ ਵਿੱਚ ਰੱਖੇ, ਸਰਬੱਤ ਦਾ ਭਲਾ ਹੋਵੇ। ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਮਾਣਯੋਗ ਡਿਪਟੀ ਸਪੀਕਰ (ਸਰਦਾਰ ਜੈ ਕ੍ਰਿਸ਼ਨ ਸਿੰਘ) :** ਅੱਜ ਸ੍ਰੀ ਅਨੰਦਪੁਰ ਸਾਹਿਬ ਦੀ ਇਸ ਮੁਕੱਦਸ ਧਰਤੀ ਤੇ ਹੋ ਰਹੇ ਵਿਸ਼ੇਸ਼ ਇਜਲਾਸ ਜੋ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ, ਵਿੱਚ ਹਾਜ਼ਰ ਪੰਥ ਦੀਆਂ ਸਤਿਕਾਰਯੋਗ ਧਾਰਮਿਕ ਸ਼ਖਸੀਅਤਾਂ, ਮਾਣਯੋਗ ਮੁੱਖ ਮੰਤਰੀ ਜੀ, ਮੰਤਰੀ ਸਾਹਿਬਾਨ, ਵਿਧਾਇਕ ਸਾਥੀਓ ਅਤੇ ਗੁਰੂ ਪਿਆਰੇ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਅੱਜ ਜਦੋਂ ਅਸੀਂ ਚੱਕ ਨਾਨਕੀ, ਸ੍ਰੀ ਅਨੰਦਪੁਰ ਸਾਹਿਬ ਦੀ ਇਸ ਇਤਿਹਾਸਕ ਧਰਤੀ ਤੇ ਇਕੱਠੇ ਹੋਏ ਹਾਂ, ਮੇਰਾ ਮਨ ਉਸ ਮਹਾਨ ਸ਼ਹਾਦਤ ਵਿੱਚ ਡੁੱਬਿਆ ਹੋਇਆ ਹੈ, ਜਿਸ ਨੇ ਸਦੀਆਂ ਪਹਿਲਾਂ ਮਾਨਵਤਾ ਦੇ ਮੱਥੇ ਤੇ ਅਮਰ ਤਿਲਕ ਲਾ ਦਿੱਤਾ ਸੀ, ਜੋ ਇਤਿਹਾਸ ਦੇ ਸੁਨਹਿਰੇ ਪੰਨ੍ਹਿਆਂ ਵਿਚ ਦਰਜ ਹੈ। ਜਿਸ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ। ਅੱਜ ਅਸੀਂ ਯਾਦ ਕਰ ਰਹੇ ਹਾਂ ਸਾਡੇ ਮਹਾਨ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਕੁਰਬਾਨੀ ਨੂੰ, ਜੋ ਕੇਵਲ ਸਿੱਖ ਧਰਮ ਲਈ ਹੀ ਨਹੀਂ ਸੀ, ਸਗੋਂ ਪੂਰੀ ਮਨੁੱਖਤਾ ਲਈ, ਧਰਮ ਦੀ ਰੱਖਿਆ ਲਈ ਅਤੇ ਮਨੁੱਖੀ ਅਧਿਕਾਰਾਂ ਲਈ ਸੀ। ਇਹ ਪਵਿੱਤਰ ਧਰਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਖ਼ਾਲਸਾ ਪੰਥ ਦੀ

ਜਨਮ ਭੋਇੰ ਵੀ ਹੈ। ਇਸੇ ਧਰਤੀ ਤੇ ਦਸ਼ਮੇਸ਼ ਪਿਤਾ ਦੇ ਪਿਤਾ, ਭਗਤੀ ਅਤੇ ਸ਼ਕਤੀ ਦੇ ਅਦੁੱਤੀ ਸੁਮੇਲ ਜਿਸ ਬਾਰੇ ਬਾਬੂ ਫੀਰੋਜ਼ਦੀਨ ਸ਼ਰਫ ਨੇ ਕਲਮਬੱਧ ਕੀਤਾ ਕਿ :-

ਡੁਲ੍ਹ ਡੁਲ੍ਹ ਪੈਂਦੀ ਛਾਪੇ ਵਿੱਚੋਂ, ਜਿਉਂ ਡਲ੍ਹਕ ਪਿਆਰੇ ਨਗ ਦੀ।

ਲਾਟ ਉਤਾਰਾਂ ਵਾਲੀ ਵੇਖੀ ਮਸਤਕ ਅੰਦਰ ਜਗਦੀ।

ਧਰਮੀ ਰਣ ਵਿੱਚ ਪੁੱਤ ਪਿਆਰਾ ਪੂਰਾ ਜੋਧਾ ਡਿੱਠਾ।

ਰਖ ਦਿੱਤਾ ਤਾਂ ਤੇਗ ਬਹਾਦਰ ਨਾਮ ਪਿਆਰਾ ਮਿੱਠਾ ।

ਉਸ ਅਦੁੱਤੀ ਸ਼ਹਾਦਤ ਦੇ ਸਫਰ ਦਾ ਆਗਾਜ਼ ਹੋਇਆ, ਜਿਸ ਨੇ ਨਾ ਸਿਰਫ ਹਿੰਦੁਸਤਾਨ ਨੂੰ, ਸਗੋਂ ਸਮੁੱਚੀ ਮਾਨਵ ਜਾਤੀ ਨੂੰ ਆਪਣੇ ਕਲਾਵੇ ਵਿੱਚ ਲੈ ਇੱਕ ਨਵੀਂ ਰੋਸ਼ਨੀ ਬਖਸ਼ੀ । ਇਹ ਹੀ ਨਹੀਂ ਜਦੋਂ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਗੱਲ ਕਰਦੇ ਹਾਂ ਤਾਂ ਇਹ ਅਦੁੱਤੀ ਸ਼ਹਾਦਤ ਕੇਵਲ ਹਿੰਦ ਦੀ ਚਾਦਰ ਤੱਕ ਹੀ ਸੀਮਿਤ ਨਹੀਂ ਕੀਤੀ ਜਾ ਸਕਦੀ, ਸਗੋਂ ਉਹਨਾਂ ਨੇ ਪੂਰੀ ਕਾਇਨਾਤ ਲਈ ਆਪਣੀ ਫਰਾਖਦਿਲੀ ਦੀ ਚਾਦਰ ਤਾਣੀ ਅਤੇ ਸੰਪੂਰਨ ਮਾਨਵਤਾ ਦੀ ਆਜ਼ਾਦੀ ਲਈ ਆਪਣਾ ਸੀਸ ਵਾਰ ਦਿੱਤਾ। ਅੱਜ ਪੂਰੀ ਦੁਨੀਆ ਵਿੱਚ ਮਨੁੱਖੀ ਹੱਕਾਂ ਦੇ ਹੋ ਰਹੇ ਘਾਣ ਅਤੇ ਇਹਨਾਂ ਹੱਕਾਂ ਦੇ ਪਹਿਰੇਦਾਰਾਂ ਦੀ ਗੱਲ ਹਰ ਮੁਲਕ ਅਤੇ ਹਰ ਮੰਚ ਤੋਂ ਬੁਲੰਦ ਹੋ ਰਹੀ ਹੈ। ਸੰਯੁਕਤ ਰਾਸ਼ਟਰ ਦੀਆਂ ਬੈਠਕਾਂ ਵਿੱਚ, ਮਨੁੱਖੀ ਹੱਕਾਂ ਦੇ ਕਮਿਸ਼ਨਾਂ ਵਿੱਚ, ਅਦਾਲਤਾਂ ਵਿੱਚ, ਹਰ ਥਾਂ ਮਨੁੱਖੀ ਹੱਕਾਂ ਦਾ ਝੰਡਾ ਲਹਿਰਾਇਆ ਜਾ ਰਿਹਾ ਹੈ। ਪਰ ਕੀ ਅਸੀਂ ਕਦੇ ਸੋਚਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਉਸ ਵਕਤ ਮਾਨਵਤਾ ਦੀ ਬਾਂਹ ਫੜ੍ਹ ਕੇ ਮਨੁੱਖੀ ਹੱਕਾਂ ਦੇ ਝੰਡਾ ਬਰਦਾਰ ਬਣ ਮੈਦਾਨ ਵਿੱਚ ਨਿੱਤਰੇ ਸਨ| ਇਹ ਸਿਰਫ਼ ਇੱਕ ਕਿਤਾਬੀ ਗੱਲ ਸੀ, ਜਦੋਂ ਦੁਨੀਆ ਵਿੱਚ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕਿਸੇ ਹੋਰ ਧਰਮ ਦੀ ਰੱਖਿਆ ਲਈ ਵੀ ਆਪਣਾ ਸੀਸ ਵਾਰਿਆ ਜਾ ਸਕਦਾ ਹੈ। ਇਹ ਸਾਡੇ ਗੁਰੂ ਸ੍ਰੀ ਤੇਗ ਬਹਾਦਰ ਜੀ ਨੇ ਸੋਚਿਆ ਜਦੋਂ ਕਸ਼ਮੀਰੀ ਪੰਡਿਤਾਂ ਨੇ ਔਰੰਗਜ਼ੇਬ ਦੇ ਜ਼ੁਲਮ ਤੋਂ ਬਚਾਅ ਲਈ ਫਰਿਆਦ ਕੀਤੀ ਤਾਂ ਗੁਰੂ ਜੀ ਨੇ ਉਹ ਅਮਰ ਬਚਨ ਉਚਾਰੇ "ਜਾਓ, ਕਹਿ ਦਿਓ ਕਿ ਜੇ ਅਸੀਂ ਇਸਲਾਮ ਕਬੂਲ ਕਰ ਲਵਾਂਗੇ ਤਾਂ ਸਾਰੇ ਕਬੂਲ ਕਰ ਲੈਣਗੇ।" ਇਹ ਸਿਰਫ ਇੱਕ ਧਰਮ ਦੀ ਰੱਖਿਆ ਨਹੀਂ ਸੀ, ਬਲਕਿ ਇਹ ਇਨਸਾਨ ਦੇ ਅਕੀਦੇ ਦੀ ਆਜ਼ਾਦੀ ਦੀ ਰੱਖਿਆ ਸੀ। ਇਹ ਧਰਮ ਦੀ ਨਹੀਂ ਸਗੋਂ ਮਨੁੱਖੀ ਹੱਕਾਂ ਦੀ ਲੜਾਈ ਸੀ। ਇਹ ਭਾਰਤ ਦੀ ਨਹੀਂ, ਸਗੋਂ ਪੂਰੀ ਦੁਨੀਆ ਦੀ ਲੜਾਈ ਸੀ। ਗੁਰੂ ਸਾਹਿਬ ਨੇ ਯੂਨੀਵਰਸਲ ਡੈਕਲਾਰੇਸ਼ਨ ਆਫ ਹਿਊਮਨ ਰਾਈਟਸ ਦੇ ਆਰਟੀਕਲ 18 ਨੂੰ ਜੋ ਧਾਰਮਿਕ ਆਜ਼ਾਦੀ ਦੀ ਗੱਲ ਕਰਦਾ ਹੈ, ਨੂੰ ਸੈਂਕੜੇ ਸਾਲ ਪਹਿਲਾਂ ਆਪਣੇ ਲਹੂ ਨਾਲ ਲਿਖ ਦਿੱਤਾ ਸੀ। ਅੱਜ ਜਦੋਂ ਦੁਨੀਆ ਵਿੱਚ ਧਾਰਮਿਕ ਅਸਹਿਣਸ਼ੀਲਤਾ, ਨਫਰਤ ਅਤੇ ਜ਼ੁਲਮ ਫਿਰ ਸਿਰ ਚੁੱਕ ਰਹੇ ਹਨ ਤਾਂ ਗੁਰੂ ਜੀ ਦੀ ਸ਼ਹਾਦਤ ਸਾਨੂੰ ਇੱਕ ਸਾਂਝਾ ਸੁਨੇਹਾ ਦਿੰਦੀ ਹੈ ਕਿ ਧਰਮ ਸਿਰਫ ਆਪਣਾ ਨਹੀਂ, ਸਗੋਂ ਸਾਰਿਆਂ ਦਾ ਹੈ। ਉਹਨਾਂ ਨੇ ਸਿਰਫ ਇਕ ਧਰਮ ਦੀ ਨਹੀਂ, ਸਗੋਂ ਹਰ ਉਸ ਵਿਅਕਤੀ ਦੀ ਰੱਖਿਆ ਕੀਤੀ ਜਿਸਦਾ ਅਕੀਦਾ ਖਤਰੇ ਵਿੱਚ ਸੀ। ਇਸ ਲਈ ਅੱਜ ਸਾਨੂੰ ਉਹਨਾਂ ਨੂੰ ਮਾਨਵਤਾ ਦੀ ਚਾਦਰ, ਇਨਸਾਨੀਅਤ ਦੀ ਚਾਦਰ, ਪੂਰੀ ਕਾਇਨਾਤ ਦੀ ਚਾਦਰ ਕਹਿਣਾ ਚਾਹੀਦਾ ਹੈ।

ਇਹ ਹੀ ਨਹੀਂ ਅੱਜ ਜਦੋਂ ਇਹ ਇਜਲਾਸ ਚੱਕ ਨਾਨਕੀ ਵਿਖੇ ਬੁਲਾਇਆ ਹੈ, ਜਿਸਨੂੰ ਗੁਰੂ ਸਾਹਿਬ ਨੇ ਆਪਣੀ ਮਾਤਾ ਜੀ ਦੇ ਨਾਮ ਤੇ ਵਸਾਇਆ ਸੀ ਅਤੇ ਬਾਅਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵਿਚ ਅਨੰਦਪੁਰ ਦਾ ਨਾਂ ਦਿੱਤਾ ਤਾਂ ਇਹ ਸਾਡੇ ਲਈ ਇੱਕ ਬੇਜੋੜ ਮੌਕਾ ਹੈ ਕਿ ਅਸੀਂ ਉਹਨਾਂ ਦੀ ਮਹਾਨ ਸ਼ਹਾਦਤ ਨੂੰ ਸਮਝੀਏ ਅਤੇ ਆਪਣੇ ਜੀਵਨ ਵਿੱਚ ਉਤਾਰੀਏ । ਗੁਰੂ ਸਾਹਿਬ ਦਾ ਫ਼ੁਰਮਾਨ ਹੈ :-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

ਗੁਰੂ ਸਾਹਿਬ ਨੇ ਭੈ ਰਹਿਤ ਗਿਆਨੀ ਦਾ ਜੀਵੰਤ ਰੂਪ ਬਣ ਕੇ ਦੁਨੀਆ ਵਿੱਚ ਵਿਲੱਖਣ ਮਿਸਾਲ ਕਾਇਮ ਕੀਤੀ। ਆਓ, ਇਸ ਸਿੱਖਿਆ ਨੂੰ ਨਾ ਸਿਰਫ ਪੰਜਾਬ ਵਿੱਚ, ਨਾ ਸਿਰਫ ਭਾਰਤ ਵਿੱਚ ਬਲਕਿ ਪੂਰੀ ਦੁਨੀਆ ਵਿੱਚ ਫੈਲਾਈਏ।

ਮਾਣਯੋਗ ਸਪੀਕਰ ਸਾਹਿਬ, ਅੰਤ ਵਿਚ ਮੈਂ ਪੰਜਾਬ ਸਰਕਾਰ ਦਾ, ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਹਨਾਂ ਨੇ ਇਸ ਇਤਿਹਾਸਕ ਧਰਤੀ ਤੇ ਇਜਲਾਸ ਬੁਲਾ ਕੇ ਸਾਨੂੰ ਮਨੁੱਖੀ ਹੱਕਾਂ ਦੇ ਪਹਿਲੇ ਝੰਡਾ ਬਰਦਾਰ ਨੂੰ ਸੱਚੀ ਸ਼ਰਧਾਂਜਲੀ ਦੇਣ ਦਾ ਮੌਕਾ ਦਿੱਤਾ। ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ। ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਸ੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)** : ਮਾਣਯੋਗ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਇਸ ਇਤਿਹਾਸਕ ਦਿਨ ਤੇ ਮੈਨੂੰ ਗੱਲ ਰੱਖਣ ਦਾ ਮੌਕਾ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਂਦਿਆਂ ਅੱਜ ਇਹ ਗੱਲ ਮਹਿਸੂਸ ਹੁੰਦੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹੀਦੀ ਦੇ ਕੇ 350 ਸਾਲ ਪਹਿਲਾਂ ਸਾਰੇ ਧਰਮਾਂ ਨੂੰ ਤੇ ਧਾਰਮਿਕ ਆਜ਼ਾਦੀ ਨੂੰ ਮੁੜ ਤੋਂ ਜੀਵਤ ਕੀਤਾ।ਜੇਕਰ 350 ਸਾਲ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਧਾਰਮਿਕ ਆਜ਼ਾਦੀ ਖਾਤਰ ਆਪਣੇ ਆਪ ਨੂੰ ਨਾ ਵਾਰਦੇ ਤਾਂ ਹੋ ਸਕਦਾ ਸੀ ਕਿ ਅੱਜ ਤੱਕ ਧਾਰਮਿਕ ਗੁਲਾਮੀ, ਧਰਮ ਤੇ ਜਬਰ ਦੇ 350 ਸਾਲ ਹੋ ਜਾਂਦੇ। ਦੁਨੀਆ ਦੇ ਇਤਿਹਾਸ ਚ ਐਸੀ ਹੋਰ ਕੋਈ ਮਿਸਾਲ ਨਹੀਂ ਹੈ ਜਿੱਥੇ ਕਿਸੇ ਧਰਮ ਨੂੰ ਬਚਾਉਣ ਲਈ, ਕਿਸੇ ਦੀ ਧਾਰਮਿਕ ਆਜ਼ਾਦੀ ਨੂੰ ਬਚਾਉਣ ਲਈ ਕਿਸੇ ਨੇ ਆਪ ਚੁਣ ਕੇ ਸ਼ਹੀਦੀ ਦਾ ਰਸਤਾ, ਪਰਿਵਾਰ ਵਾਰਨ ਦਾ ਰਸਤਾ, ਪੁੱਤ-ਪੋਤੇ ਵਾਰਨ ਦਾ ਰਸਤਾ ਚੁਣਿਆ ਹੋਵੇ। ਸਿਰਫ ਸ਼ਹਾਦਤਾਂ ਨਹੀਂ, ਜਿਸ ਤਰੀਕੇ ਦਾ ਜ਼ੁਲਮ ਗੁਰੂ ਸਾਹਿਬ ਨੇ ਤੇ ਉਨ੍ਹਾਂ ਦੇ ਪਰਿਵਾਰ ਨੇ ਸਹਿਣ ਕੀਤਾ ਉਸ ਨੂੰ ਦੇਖ ਕੇ ਤਾਂ ਇੰਝ ਲੱਗਦਾ ਹੈ ਕਿ ਸਾਰੇ ਹਿੰਦੂ ਸਮਾਜ ਉਤੇ ਮੁਗਲਾਂ ਵਲੋਂ ਕੀਤੇ ਜਾਣ ਵਾਲੇ ਜ਼ੁਲਮ ਗੁਰੂ ਸਾਹਿਬ ਨੇ ਆਪਣੇ ਤੇ ਲੈ ਲਏ। ਉਨ੍ਹਾਂ ਨੇ ਕਸ਼ਮੀਰ ਤੋਂ ਚੱਲ ਕੇ ਆਏ ਪੰਡਿਤ ਕਿਰਪਾ ਰਾਮ ਦੱਤ ਜੀ ਅਤੇ ਬਾਕੀ ਪੰਡਿਤ ਭਰਾਵਾਂ ਦੀਆਂ ਆਸਾਂ ਉਮੀਦਾਂ ਨੂੰ ਤੋੜਿਆ ਨਹੀਂ ਸਗੋਂ ਉਨਾਂ ਦੀਆਂ ਆਸਾਂ ਉਮੀਦਾਂ ਨੂੰ ਪੂਰਾ ਕਰਨ ਲਈ ਜ਼ੁਲਮ ਸਹਿਣ ਦਾ ਤੇ ਜ਼ੁਲਮ ਨਾਲ਼ ਲੜਨ ਦਾ ਇਤਿਹਾਸ ਸਿਰਜ ਦਿੱਤਾ। ਅੱਜ ਦੇ ਸਮੇਂ ਵਿੱਚ ਵੀ ਇਸ ਮੁਲਕ ਚ ਰਹਿੰਦਿਆਂ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਇਸ ਮੁਲਕ ਚ ਧਾਰਮਿਕ ਆਜ਼ਾਦੀ ਕਿਵੇਂ ਬਰਕਰਾਰ ਰੱਖੀ ਗਈ ਹੈ? ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਧਾਰਮਿਕ ਆਜ਼ਾਦੀ ਅਤੇ ਦੂਜੇ ਧਰਮ ਪ੍ਰਤੀ ਸਤਿਕਾਰ ਦੀ ਕਿੰਨੀ ਵੱਡੀ ਮਹੱਤਤਾ ਹੈ ਜੋ ਗੁਰੂ ਸਾਹਿਬ ਨੇ

ਦੁਨੀਆ ਦੀ ਸਭ ਤੋਂ ਵੱਡੀ ਕੁਰਬਾਨੀ ਦੇ ਕੇ ਨਿਭਾਈ ਹੈ। ਮੈਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦਾ ਵਸਨੀਕ ਹੋਣ ਦੇ ਨਾਤੇ, ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਾ ਵਿਦਿਆਰਥੀ ਹੋਣ ਦੇ ਨਾਤੇ ਇਹ ਮਹਿਸੂਸ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਇਸ ਧਰਤੀ ਨੂੰ ਪੂਰੀ ਦੁਨੀਆਂ ਵਿੱਚ ਧਾਰਮਿਕ ਆਜ਼ਾਦੀ ਅਤੇ ਸਭ ਧਰਮਾਂ ਦੇ ਸਤਿਕਾਰ ਦੀ ਰਾਜਧਾਨੀ ਬਣਾ ਦਿੱਤਾ ਹੈ। ਇਸ ਧਰਤੀ ਦੇ ਚੱਪੇ ਚੱਪੇ ਤੋਂ ਜਿੱਥੇ ਨੌਵੇਂ ਪਾਤਸ਼ਾਹ, ਦਸਵੇਂ ਪਾਤਸ਼ਾਹ, ਛੋਟੇ ਸਾਹਿਬਜ਼ਾਦੇ, ਵੱਡੇ ਸਾਹਿਬਜ਼ਾਦੇ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਹੰਕਾਰੇ ਹੋਏ ਹਾਕਮਾਂ ਨੂੰ ਲਲਕਾਰਦੇ ਨਜ਼ਰ ਆਉਂਦੇ ਹਨ ਉੱਥੇ ਹੀ ਅੱਜ ਦੇ ਸਮੇਂ ਵਿੱਚ ਵੀ ਇਹ ਧਰਤੀ ਜ਼ੁਲਮ, ਅਹੰਕਾਰ ਅਤੇ ਅੱਤਿਆਚਾਰ ਵਿਰੁੱਧ ਲੜਨ, ਆਪਣੇ ਆਪ ਨੂੰ ਕੁਰਬਾਨ ਕਰਨ ਦੀ ਪ੍ਰੇਰਣਾ ਦਿੰਦੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ 350ਵੇਂ ਦਿਵਸ ਤੇ ਜਿਹੜੇ ਵੀ ਲੋਕ ਇਸ ਧਰਤੀ ਤੇ ਨਤਮਸਤਕ ਹੋਣ ਆਏ ਹਨ, ਇੱਥੋਂ ਹੌਂਸਲਾ, ਜਜ਼ਬਾ ਅਤੇ ਦੂਜਿਆਂ ਦੀ ਮਦਦ ਲਈ ਜਾਂ ਧਰਮ ਦੇ ਸਤਿਕਾਰ ਲਈ ਜਾਂ ਜ਼ੁਲਮ ਨੂੰ ਰੋਕਣ ਲਈ ਆਪਣਾ ਫਰਜ਼ ਨਿਭਾਉਣ ਦੀ ਤੇ ਫਰਜ਼ ਨਿਭਾਉਂਦੇ ਹੋਏ ਕੋਈ ਵੀ ਕੁਰਬਾਨੀ ਕਰਨ ਦੀ ਸੋਚ-ਵਿਚਾਰ ਜ਼ਰੂਰ ਲੈ ਕੇ ਜਾਇਓ।

ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਹੋਣ ਵਾਲੇ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਨੇ ਧਾਰਮਿਕ ਆਜ਼ਾਦੀ ਲਈ ਜਿੰਨੀ ਵੱਡੀ ਸ਼ਹਾਦਤ ਦੇ ਕੇ ਇੱਕ ਨਵਾਂ ਇਤਿਹਾਸ ਸਿਰਜਿਆ ਉੱਥੇ ਭਾਈ ਜੈਤਾ ਜੀ, ਭਾਈ ਨੰਨੂਆਂ ਜੀ ਅਤੇ ਭਾਈ ਉਦੈ ਜੀ ਨੇ ਗੁਰੂ ਜੀ ਦਾ ਸੀਸ ਸ੍ਰੀ ਅਨੰਦਪੁਰ ਸਾਹਿਬ ਸੁਰੱਖਿਅਤ ਪਹੁੰਚਾ ਕੇ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਅਤੇ ਉਸਦੇ ਪੁੱਤਰਾਂ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਕਰਕੇ ਬਹਾਦਰੀ, ਦ੍ਰਿੜਤਾ ਅਤੇ ਨਿਸ਼ਠਾ ਦਾ ਨਵਾਂ ਅਧਿਆਇ ਲਿਖਿਆ ਜਿਸ ਅੱਗੇ ਸ਼ਰਧਾ ਨਾਲ ਸਿਰ ਝੁਕਦਾ ਹੈ।

**ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ ਮੰਤਰੀ (ਸ੍ਰੀ ਸੰਜੀਵ ਅਰੋੜਾ) :** ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਸਦਨ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ, ਅੱਜ ਮੈਂ ਇਸ ਪਵਿੱਤਰ ਸਦਨ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਅਤੇ ਅਮਰ ਸ਼ਹਾਦਤ ਨੂੰ ਨਤਮਸਤਕ ਹੋ ਕੇ ਯਾਦ ਕਰਦਾ ਹਾਂ। ਇਹ ਸ਼ਹਾਦਤ ਸਿਰਫ਼ ਸਿੱਖ ਇਤਿਹਾਸ ਦਾ ਨਹੀਂ, ਸਗੋਂ ਮਨੁੱਖਤਾ ਦੇ ਇਤਿਹਾਸ ਦਾ ਸਭ ਤੋਂ ਉੱਚਾ ਅਤੇ ਵਿਲੱਖਣ ਅਧਿਆਇ ਹੈ, ਜੋ ਨਿਸ਼ਕਾਮਤਾ, ਧਰਮ ਨਿਭਾਉਣ ਅਤੇ ਸੱਚ ਦੀ ਰੱਖਿਆ ਲਈ ਕੁਰਬਾਨੀ ਦੀ ਅਦਭੁੱਤ ਮਿਸਾਲ ਪੇਸ਼ ਕਰਦਾ ਹੈ।

ਮਾਣਯੋਗ ਸਾਥੀਓ, ਇਸ ਸੰਸਾਰ ਦੇ ਇਤਿਹਾਸ ਵਿੱਚ ਕੁਰਬਾਨੀਆਂ ਦੇ ਕਈ ਉਦਾਹਰਨ ਮਿਲਦੇ ਹਨ, ਪਰ ਦੂਜੇ ਦੇ ਧਰਮ ਅਤੇ ਅਕੀਦੇ ਦੀ ਰੱਖਿਆ ਲਈ ਆਪਣਾ ਸੀਸ ਨਿਛਾਵਰ ਕਰ ਦੇਣ ਵਾਲਾ ਉਦਾਹਰਨ ਕੇਵਲ ਤੇ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹਨ। ਇਸ ਲਈ ਉਨ੍ਹਾਂ ਨੂੰ "ਹਿੰਦ ਦੀ ਚਾਦਰ" ਦੇ ਸਨਮਾਨ ਨਾਲ ਸਦਾ ਸਦਾ ਲਈ ਯਾਦ ਕੀਤਾ ਜਾਂਦਾ ਹੈ। ਗੁਰੂ ਸਾਹਿਬ ਦੇ ਉੱਚ ਆਦਰਸ਼ਾਂ, ਗੁਰਬਾਣੀ ਅਤੇ ਉਨ੍ਹਾਂ ਦੇ ਜੀਵਨ ਦੇ ਹਰ ਪਲ ਨੇ ਸਾਨੂੰ ਇਹ ਸਿਖਾਇਆ ਹੈ ਕਿ ਆਪਣੀ ਧਾਰਮਿਕ ਪਛਾਣ 'ਤੇ ਅਡਿੱਗ ਰਹਿਣਾ ਜਿੱਥੇ ਅਤਿ-ਆਵਸ਼ਕ ਹੈ, ਉਸੇ

ਤਰ੍ਹਾਂ ਦੂਜੇ ਦੇ ਧਰਮ, ਵਿਸ਼ਵਾਸ ਅਤੇ ਆਜ਼ਾਦੀ ਦਾ ਸਤਿਕਾਰ ਕਰਨਾ ਵੀ ਸਾਡਾ ਫਰਜ਼ ਹੈ। ਇਹ ਸਿੱਖਿਆ ਸਾਨੂੰ ਪ੍ਰੇਮ, ਭਰਾਤ੍ਰੀ, ਸੰਵਿਧਾਨਿਕ ਮੁੱਲਾਂ ਅਤੇ ਏਕਤਾ ਦੇ ਰਸਤੇ ਤੇ ਤੁਰਨ ਲਈ ਪ੍ਰੇਰਿਤ ਕਰਦੀ ਹੈ।

ਮਾਣਯੋਗ ਸਪੀਕਰ ਸਾਹਿਬ, ਇਹ ਸਾਡੇ ਲਈ ਗੌਰਵ ਦੀ ਗੱਲ ਹੈ ਕਿ ਇਸ ਸਾਲ ਅਸੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ੩੫੦ਵੇਂ ਸ਼ਹਾਦਤੀ ਵਰ੍ਹੇ ਨੂੰ ਸਮਰਪਿਤ ਸਮਾਰੋਹ ਵਿੱਚ ਹਿੱਸਾ ਲੈ ਰਹੇ ਹਾਂ। ਇਹ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਕਿ ਗੁਰੂ ਸਾਹਿਬ ਦੀ ਬੇਮਿਸਾਲ ਕੁਰਬਾਨੀ ਦਾ ਸੰਦੇਸ਼ ਸ਼ਾਂਤੀ, ਸਹਿਣਸ਼ੀਲਤਾ, ਧਰਮ-ਨਿਰਪੱਖਤਾ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕੇਵਲ ਪੰਜਾਬ ਹੀ ਨਹੀਂ, ਸਗੋਂ ਪੂਰੇ ਦੇਸ਼ ਅਤੇ ਵਿਸ਼ਵ ਤੱਕ ਪਹੁੰਚੇ। ਗੁਰੂ ਸਾਹਿਬ ਨੇ ਸਾਨੂੰ ਸਿਖਾਇਆ ਹੈ ਕਿ ਰਾਜ ਕਰਨਾ, ਸਮਾਜ ਨੂੰ ਲੀਡ ਕਰਨਾ ਜਾਂ ਲੋਕਾਂ ਦੀ ਚਿੰਤਾ ਕਰਨਾ, ਸਿਰਫ਼ ਤਾਕਤ ਦਾ ਪ੍ਰਸ਼ਨ ਨਹੀਂ, ਸਗੋਂ ਨੈਤਿਕਤਾ, ਦਲੇਰੀ ਅਤੇ ਨਿਸ਼ਕਾਮਤਾ ਦਾ ਮਾਰਗ ਹੈ। ਸਾਨੂੰ ਸਭ ਨੂੰ ਇਹ ਸਤਿਕਾਰਯੋਗ ਸਿੱਖਿਆ ਆਪਣੇ ਕਰਮਾਂ ਵਿੱਚ, ਆਪਣੀ ਨੀਤੀ ਵਿੱਚ ਅਤੇ ਆਪਣੀ ਸੂਝ-ਬੂਝ ਵਿੱਚ ਉਤਾਰਨੀ ਚਾਹੀਦੀ ਹੈ। ਆਓ, ਇਸ ਸਦਨ ਤੋਂ ਇੱਕ ਸਾਂਝਾ ਸੰਦੇਸ਼ ਦੇਈਏ ਕਿ ਅਸੀਂ ਮਨੁੱਖਤਾ ਦੀ ਸੇਵਾ, ਸਮਾਜਿਕ ਏਕਤਾ, ਧਾਰਮਿਕ ਸਮਾਨਤਾ ਅਤੇ ਦੇਸ਼ ਦੀ ਅਖੰਡਤਾ ਲਈ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਮਾਰਗਦਰਸ਼ਨ ਮੰਨਦੇ ਹਾਂ। ਮੈਂ ਇਸ ਮਹਾਨ ਸ਼ਹਾਦਤ ਨੂੰ ਨਮਨ ਕਰਦਾ ਹਾਂ ਅਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਆਪਣੇ ਸਦਭਾਵ ਅਤੇ ਨਿਮਰਤਾ ਭਰੀ ਸ਼ਰਧਾ ਪ੍ਰਗਟ ਕਰਦਾ ਹਾਂ। ਧੰਨਵਾਦ।

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ.)** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿੱਖਾਂ ਦੇ ਨੌਵੇਂ ਗੁਰੂ ਹੋਏ ਹਨ। ਇਨ੍ਹਾਂ ਨੂੰ ਹਿੰਦੂਆਂ ਦੇ ਧਰਮ ਦੀ ਰਾਖੀ ਲਈ ਦਿੱਤੀ ਗਈ ਲਾਸਾਨੀ ਕੁਰਬਾਨੀ ਕਰਕੇ "ਹਿੰਦ ਦੀ ਚਾਦਰ" ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਭਾਵ ਹਿੰਦੁਸਤਾਨ ਦੇ ਰੱਖਿਅਕ ਵੀ ਆਖਿਆ ਜਾਂਦਾ ਹੈ। ਗੁਰੂ ਸਾਹਿਬ ਜੀ ਦਾ ਜਨਮ ਪੂਜਨੀਕ ਮਾਤਾ ਨਾਨਕੀ ਜੀ ਦੀ ਪਵਿੱਤਰ ਕੁੱਖ ਤੋਂ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗ੍ਰਹਿ ਅੰਮ੍ਰਿਤਸਰ (ਪੰਜਾਬ) ਵਿਖੇ 1 ਅਪ੍ਰੈਲ, 1621 ਨੂੰ ਹੋਇਆ। ਗੁਰੂ ਸਾਹਿਬ ਜੀ ਦਾ ਰੋਮ-ਰੋਮ ਬਚਪਨ ਤੋਂ ਹੀ ਤਿਆਗ ਦੀ ਭਾਵਨਾ ਨਾਲ ਭਰਪੂਰ ਹੋਣ ਕਰਕੇ ਉਨ੍ਹਾਂ ਨੂੰ ਬਾਲਪਨ ਵਿੱਚ "ਤਿਆਗ ਮੱਲ" ਦੇ ਨਾਮ ਨਾਲ ਹੀ ਪੁਕਾਰਿਆ ਜਾਂਦਾ ਸੀ।

ਸ੍ਰੀ ਕਰਤਾਰਪੁਰ ਸਾਹਿਬ ਵਿਖੇ ਹੋਈ ਜੰਗ ਦੇ ਮੈਦਾਨ ਵਿੱਚ ਗੁਰੂ ਸਾਹਿਬ ਵੱਲੋਂ ਤਲਵਾਰ ਚਲਾਉਣ ਦੀ ਕਲਾ ਜਾਂ ਤੇਗ ਨਿਡਰਤਾ ਅਤੇ ਬਹਾਦਰੀ ਦਿਖਾਉਣ ਕਰਕੇ ਉਨ੍ਹਾਂ ਨੂੰ "ਤੇਗ ਬਹਾਦਰ" ਵੀ ਆਖਿਆ ਜਾਣ ਲੱਗਾ। ਇਸ ਦੌਰਾਨ ਗੁਰੂ ਸਾਹਿਬ ਜੀ ਦਾ ਵਿਆਹ ਪੂਰਨ ਗੁਰ ਮਰਿਆਦਾ ਅਨੁਸਾਰ ਮਾਤਾ ਗੁਜਰੀ ਜੀ ਦੇ ਨਾਲ ਹੋਇਆ। ਉਨ੍ਹਾਂ ਨੇ ਸਿੱਖ ਧਰਮ ਦੀਆਂ ਪੁਰਾਤਨ ਪ੍ਰੰਪਰਾਵਾਂ/ਰੀਤੀ ਰਿਵਾਜ਼ ਮੁਤਾਬਿਕ ਸੰਨ 1665 ਵਿੱਚ ਸਿੱਖਾਂ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਤੋਂ ਬਾਅਦ ਨੌਵੇਂ ਗੁਰੂ ਵਜੋਂ ਗੁਰਤਾਗੱਦੀ ਸੰਭਾਲੀ ਅਤੇ ਉਸ ਉਪਰੰਤ ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਸਾਰ ਅਤੇ ਪ੍ਰਚਾਰ ਵਾਸਤੇ ਭਾਰਤ ਦੇ ਕਈ ਹਿੱਸਿਆਂ ਜਿਵੇਂ ਬਿਹਾਰ, ਅਸਾਮ ਅਤੇ ਬੰਗਾਲ ਆਦਿ ਦਾ ਸਫਰ ਕੀਤਾ, ਜਿੱਥੇ ਉਨ੍ਹਾਂ ਨੇ ਕਈ ਨਵੇਂ ਸਿੱਖੀ ਦੇ ਕੇਂਦਰ ਵੀ ਸਥਾਪਿਤ ਕੀਤੇ/ਕਰਵਾਏ। ਇਸੇ ਹੀ ਸਫਰ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸ੍ਰੀ ਪਟਨਾ ਸਾਹਿਬ ਵਿੱਚ ਹੋਇਆ। ਗੁਰੂ ਸਾਹਿਬ ਵੱਲੋਂ ਕਰਤਾਰਪੁਰ ਦੇ ਨੇੜੇ ਅਨੰਦਪੁਰ ਸਾਹਿਬ ਜੋ ਪਹਿਲਾਂ ਮਾਖੋਵਾਲ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਸ਼ਹਿਰ ਦੀ ਸਥਾਪਨਾ ਵੀ ਕੀਤੀ। ਸ੍ਰੀ ਗੁਰੂ ਤੇਗ ਬਹਾਦਰ

ਸਾਹਿਬ ਜੀ ਦੇ 59 ਸ਼ਬਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ, ਜੋ ਮਨੁੱਖੀ ਜੀਵਨ, ਪ੍ਰਮਾਤਮਾ/ ਰੱਬੀ ਗਿਆਨ ਤੋਂ ਇਲਾਵਾ ਮੌਤ ਦੇ ਗਿਆਨ ਬਾਰੇ ਚਾਨਣ ਦਿੰਦੇ ਹਨ। ਗੁਰੂ ਸਾਹਿਬ ਜੀ ਦੀ ਬਾਣੀ ਵੈਰਾਗਮਈ ਅਤੇ ਜਨਮ-ਮੌਤ ਸਬੰਧੀ ਅਥਾਹ ਗਿਆਨ ਦਿੰਦੇ ਹੋਏ ਸੱਭਿਅਕ, ਲਾਲਚ ਰਹਿਤ, ਝੂਠ-ਫਰੇਬ, ਮੋਹ-ਮਾਇਆ ਤੋਂ ਨਿਰਲੇਪ ਸਾਨੂੰ ਸਾਦਾ ਜੀਵਨ ਜਿਊਣ ਲਈ ਪ੍ਰੇਰਿਤ ਕਰਦੇ ਹਨ।

ਇਸ ਮੌਕੇ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਅੱਤਿਆਚਾਰ ਤੋਂ ਕਸ਼ਮੀਰੀ ਪੰਡਿਤ ਬੇਹੱਦ ਦੁਖੀ ਤੇ ਪੀੜਿਤ ਸਨ। ਜਦੋਂ ਕਸ਼ਮੀਰ ਦੇ ਪੰਡਿਤਾਂ ਦੇ ਦੁੱਖ ਤਕਲੀਫ ਦੀ ਇੰਤਹਾ ਹੋ ਗਈ ਤਾਂ ਕਸ਼ਮੀਰੀ ਪੰਡਿਤਾਂ ਦਾ ਇੱਕ ਸਮੂਹ ਗੁਰੂ ਜੀ ਕੋਲ ਫਰਿਆਦ ਲੈ ਕੇ ਪੁੱਜਾ ਅਤੇ ਫਰਿਆਦੀਆਂ ਵੱਲੋਂ ਉਨ੍ਹਾਂ ਦਾ ਹਿੰਦੂ ਧਰਮ ਬਚਾਉਣ, ਰੱਖਿਆ ਕਰਨ ਲਈ ਮਦਦ ਦੀ ਪੁਕਾਰ ਕੀਤੀ ਗਈ। ਜਿਸ ਤੇ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਲਲਕਾਰਿਆ ਕਿ ਪਹਿਲਾਂ ਉਨ੍ਹਾਂ ਨੂੰ ਇਸਲਾਮ ਧਰਮ ਕਬੂਲ ਕਰਵਾਇਆ ਜਾਵੇ, ਫਿਰ ਸਾਰੀ ਜਨਤਾ, ਲੋਕ ਇਸਲਾਮ ਕਬੂਲ ਕਰ ਲੈਣਗੇ। ਗੁਰੂ ਸਾਹਿਬ ਜੀ ਨੇ ਮਨੁੱਖ, ਮਾਨਵਤਾ ਦੇ ਸਿਧਾਂਤ ਤੇ ਭਲਾਈ ਦੀ ਰੱਖਿਆ ਵਾਸਤੇ ਆਪਣਾ ਸੀਸ ਦੇਣ ਦਾ ਫੈਸਲਾ ਲਿਆ। ਇਸ ਉਪਰੰਤ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਸਮੇਤ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕਰ ਦਿੱਤਾ ਗਿਆ। ਬਾਲਪਨ ਵਿੱਚ ਗੁਰੂ ਜੀ ਨੂੰ ਮਿਲੇ "ਤਿਆਗ ਮੱਲ" ਦੇ ਨਾਮ ਅਨੁਸਾਰ ਗੁਰੂ ਸਾਹਿਬ ਨੇ ਹਿੰਦੂਆਂ ਦਾ ਧਰਮ ਬਚਾਉਣ ਦੀ ਖਾਤਰ ਆਪਣਾ ਤਿਆਗ ਤੇ ਬਲੀਦਾਨ ਦੇ ਦਿੱਤਾ। ਗੁਰੂ ਸਾਹਿਬ ਜੀ ਦੀ ਸ਼ਹੀਦੀ ਨੇ ਮੁਗਲਾਂ ਦੀ ਹਕੂਮ ਦੇ ਜ਼ੁਲਮ- ਜਬਰ ਨੂੰ ਉਜਾਗਰ ਕੀਤਾ ਅਤੇ ਸਿੱਖ ਪੰਥ ਦੀਆਂ ਨੀਹਾਂ ਨੂੰ ਹੋਰ ਮਜ਼ਬੂਤ ਕੀਤਾ, ਜਿਸ ਨੇ ਅੱਗੇ ਜਾ ਕੇ ਖਾਲਸਾ ਪੰਥ ਸਿਰਜੇ ਜਾਣ ਵਿੱਚ ਮੁੱਖ ਭੂਮਿਕਾ ਨਿਭਾਈ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਤੇ ਬਲੀਦਾਨ ਧਾਰਮਿਕ ਆਜ਼ਾਦੀ, ਮਾਨਵੀ ਹੱਕਾਂ, ਮਨੁੱਖਤਾ ਤੇ ਦੂਜਿਆਂ ਦੇ ਵਿਸ਼ਵਾਸ ਦੀ ਰਾਖੀ ਲਈ ਇਕੋ ਇਕ ਲਾਸਾਨੀ ਤੇ ਮਹਾਨ ਉਦਾਹਰਣ ਪੇਸ਼ ਕਰਦਾ ਹੈ। ਇਸ ਦੌਰਾਨ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਵਾਂ ਸ਼ਹੀਦੀ ਦਿਹਾੜਾ ਪੰਜਾਬ ਸਰਕਾਰ ਵੱਲੋਂ ਸਰਕਾਰੀ ਪੱਧਰ ਤੇ ਮਾਣਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਦੀ ਅਗਵਾਈ ਹੇਠ ਮਿਤੀ 23 ਤੋਂ 25 ਨਵੰਬਰ, 2025 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੀ ਸ਼ਰਧਾਪੂਰਵਕ ਤੇ ਧੂਮ-ਧਾਮ ਨਾਲ ਸਮੂਹ ਸਿੱਖ ਸੰਗਤਾਂ ਦੇ ਪੂਰਣ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ ਜੋ ਕਿ ਪੰਜਾਬ ਸਰਕਾਰ ਵੱਲੋਂ ਬੇਹੱਦ ਸਲਾਹੁਣਯੋਗ ਉਪਰਾਲਾ ਕੀਤਾ ਗਿਆ ਹੈ। ਨਾਨਕ ਨਾਮ ਲੇਵਾ, ਸਿੱਖ ਸੰਗਤਾਂ ਦੇ ਨੌਵੇਂ ਗੁਰੂ ਸਾਹਿਬ ਜੀ ਦੀ ਨਿੱਘੀ ਸ਼ਹੀਦੀ ਯਾਦ ਮੌਕੇ ਉਨ੍ਹਾਂ ਵੱਲੋਂ ਦਿੱਤੀ ਗਈ ਕੁਰਬਾਨੀ, ਬਲੀਦਾਨ ਜਿਹੜਾ ਸਾਨੂੰ ਮਨੁੱਖਤਾ ਦੀ ਭਲਾਈ, ਮਾਨਵੀ ਹੱਕਾਂ ਦੀ ਰਾਖੀ, ਧਾਰਮਿਕ ਆਜ਼ਾਦੀ ਅਤੇ ਦੂਜਿਆਂ ਦੇ ਵਿਸ਼ਵਾਸ ਦੀ ਰੱਖਿਆ ਬਹਾਲ ਰੱਖਣ ਲਈ ਹਮੇਸ਼ਾ ਪ੍ਰੇਰਿਤ ਕਰਦਾ ਰਹੇਗਾ। ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਉਪਦੇਸ਼ ਅਨੁਸਾਰ ਜੀਵਨ ਜਿਊਣਾ ਚਾਹੀਦਾ ਹੈ। ਗੁਰੂ ਸਾਹਿਬ ਵੱਲੋਂ ਕੀਤੇ ਗਏ ਬਲੀਦਾਨ ਅੱਗੇ ਅਨੰਤ ਅਨੰਤ ਨਮਨ ਕਰਦਿਆਂ ਹੋਇਆਂ ਉਨ੍ਹਾਂ ਦੇ 350 ਵੇਂ ਸ਼ਹੀਦੇ ਦਿਹਾੜੇ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹਾਂ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ) :** ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਕਸ਼ਮੀਰ ਤੋਂ 500 ਦੇ ਕਰੀਬ ਬ੍ਰਾਹਮਣ ਇਕੱਠੇ ਹੋ ਕੇ ਗੁਰੂ ਤੇਗ ਬਹਾਦਰ ਜੀ ਕੋਲ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਸਨ। ਇਨ੍ਹਾਂ ਪੰਡਿਤਾਂ ਦੀ ਅਗਵਾਈ ਪੰਡਿਤ ਕਿਰਪਾ ਰਾਮ ਕਰ ਰਹੇ ਸਨ। ਇਤਿਹਾਸਕ ਸਰੋਤਾਂ ਤੋਂ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀਰਤਪੁਰ ਤੋਂ ਪੰਜ ਮੀਲ ਦੂਰ ਇੱਕ ਨਗਰ ਮਾਖੋਵਾਲ ਦੀ ਜ਼ਮੀਨ ਖਰੀਦ ਕੇ ਇਸ

ਪਿੰਡ ਦੀ ਮੋੜ੍ਹੀ ਗੱਡੀ ਤੇ ਇਸ ਦਾ ਨਾਂ ਚੱਕ ਨਾਨਕੀ ਆਪਣੀ ਮਾਤਾ ਦੇ ਨਾਂ ਤੇ ਰੱਖਿਆ। ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਨਾਲ ਕੀਤਾ ਵਾਅਦਾ ਨਿਭਾਉਣ ਲਈ ਗ੍ਰਿਫਤਾਰੀ ਦੇਣ ਲਈ ਤਿਆਰੀ ਕੀਤੀ, ਬਾਲ ਗੋਬਿੰਦ ਰਾਏ ਜੀ ਨੂੰ ਮੱਥਾ ਟੇਕਿਆ ਅਤੇ ਦਿੱਲੀ ਨੂੰ ਇਸ ਪਵਿੱਤਰ ਸਥਾਨ ਤੋਂ ਚਾਲੇ ਪਾ ਦਿੱਤੇ। ਰਸਤੇ ਵਿੱਚ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ, ਕਈ ਦਿਨ ਤਸੀਹੇ ਦਿੱਤੇ ਗਏ ਅਤੇ ਸਿੱਖਾਂ ਨੂੰ ਗੁਰੂ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ ਤਾਂ ਕਿ ਗੁਰੂ ਜੀ ਡਰ ਕੇ ਆਪਣਾ ਫੈਸਲਾ ਬਦਲ ਲੈਣ ਪਰ ਗੁਰੂ ਜੀ ਅਡੋਲ ਰਹੇ। ਅੰਤ 11 ਨਵੰਬਰ, 1675 ਨੂੰ ਚਾਂਦਨੀ ਚੌਕ ਵਿੱਚ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਲਈ ਲਿਆਂਦਾ ਗਿਆ। ਇੱਕ ਲਿਖਤ ਅਨੁਸਾਰ ਸ਼ਹੀਦੀ ਬ੍ਰਿਤਾਂਤ ਇਸ ਤਰ੍ਹਾਂ ਦਰਜ ਹੈ:

ਗੁਰੂ ਤੇਗ ਬਹਾਦਰ ਜੀ ਮਹਲਾ ਨੌਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ, ਤੀਨ ਦਿਵਸ ਸ਼ਾਹੀ ਕਾਜੀ ਕੇ, ਹੁਕਮ ਗੈਲ ਕੋਤਵਾਲ ਦਿੱਲੀ ਨੇ ਗੁਰੂ ਜੀ ਕੋ ਘਨਾ ਕਸ਼ਟ ਦੀਆ, ਜੋ ਕਥਨ ਸੇ ਬਾਹਰ ਹੈ। ਸੰਮਤ ਸਤ੍ਰਾਂ ਸੈ ਬਤੀਸ ਮਗਸਰ ਸੁਦੀ ਪੰਚਮੀ ਤੀਜੇ ਪਹਰ ਵੀਰਵਾਰ ਕੇ ਦਿਹੁੰ ਤੀਨ ਸਿਖੋਂ ਕੀ ਸ਼ਹਾਦਤ ਕੇ ਬਾਅਦ, ਗੁਰੂ ਜੀ ਕੋ ਬਰੋਟੇ ਕੇ ਗੈਲ ਚਾਂਦਨੀ ਚੌਕ ਮੇਂ ਲਾਇ ਬਿਠਾਇਆ, ਸ਼ਾਹੀ ਕਾਜੀ ਫਿਰ ਬੋਲਾ, ਯਹ ਆਪ ਕੇ ਲੀਏ ਆਖਰੀ ਸਮਾਂ ਹੈ, ਯਾ ਅਜਮਤ ਯਾ ਇਸਲਾਮ ਕਬੂਲ ਲੈ, ਵਰਨਾ ਮਰਨੇ ਕੇ ਲੀਏ ਤਿਆਰ ਕਰੀਏ।

ਗੁਰੂ ਜੀ ਨੇ ਚੁੱਪ ਸਾਧ ਲੀ, ਕੋਤਵਾਲ ਨੇ ਜਲਾਲੁਦੀਨ ਜਲਾਦ ਕੀ ਤਰਫ ਦੇਖਾ, ਉਸ ਨੇ ਤਲਵਾਰ ਸੇ ਸਿਰ ਧੜ ਸੇ ਜੁਦਾ ਕਰ ਦੀਆ।

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰੱਖਿਆ ਕਰਨ ਦੀ ਖਾਤਰ ਆਪਣਾ ਆਪ ਕੁਰਬਾਨ ਕਰ ਗਏ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੱਡਾ ਸਾਕਾ ਆਖਿਆ ਹੈ।

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥
ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

ਪੰਜਾਬ ਸਰਕਾਰ ਵੱਲੋਂ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ ਚਲਾਇਆ ਜਾ ਰਿਹਾ ਹੈ, ਜਿਨ੍ਹਾਂ ਨੂੰ ਹਿੰਦ ਦੀ ਚਾਦਰ ਵਜੋਂ ਜਾਣਿਆ ਜਾਂਦਾ ਹੈ। ਗੁਰੂ ਜੀ ਦੀ ਸ਼ਹਾਦਤ ਨੂੰ 350 ਸਾਲ ਹੋ ਚੁੱਕੇ ਹਨ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਉਨ੍ਹਾਂ ਦੀ ਸ਼ਹਾਦਤ ਨੂੰ ਸਮਰਪਿਤ ਅਨੇਕਾਂ ਵਿਸ਼ਵ ਪੱਧਰੀ ਪ੍ਰੋਗਰਾਮ ਕਰਵਾਏ ਗਏ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਬੇਮਿਸਾਲ ਅਤੇ ਲਾਸਾਨੀ ਹੈ, ਉਨ੍ਹਾਂ ਦਾ ਜੀਵਨ, ਬਾਣੀ ਤੇ ਸ਼ਹਾਦਤ ਨੂੰ ਸਮਰਪਿਤ ਹੈ। ਉਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ। ਉਨ੍ਹਾਂ ਦੀ ਸ਼ਹੀਦੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹੋਈ ਹੈ, ਉਨ੍ਹਾਂ ਦਾ ਜੀਵਨ ਸਾਨੂੰ ਡਰ ਭੈ ਤੋਂ ਰਹਿਤ ਜ਼ਿੰਦਗੀ ਜਿਊਣ ਦੀ ਪ੍ਰੇਰਣਾ ਦਿੰਦਾ ਹੈ। ਉਨ੍ਹਾਂ ਦੀ ਸ਼ਹਾਦਤ ਸਾਰੀ ਦੁਨੀਆ ਲਈ ਬਹੁਤ ਮਹੱਤਵ ਵਾਲੀ ਹੈ। ਉਨ੍ਹਾਂ ਨੇ ਸ਼ਹਾਦਤ ਦੇ ਕੇ ਜਿੱਥੇ ਧਰਮ ਦੀ ਰੱਖਿਆ ਕੀਤੀ, ਉੱਥੇ ਜ਼ਾਲਮ ਹਕੂਮਤ ਦਾ ਖਾਤਮਾ ਵੀ ਕੀਤਾ।

ਇਸ ਸਦਨ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਸਮੁੱਚੇ ਪੰਜਾਬ, ਦੇਸ਼-ਵਿਦੇਸ਼ ਵਿੱਚ ਪਹੁੰਚਾ ਕੇ ਬਹੁਤ ਵਧੀਆ ਉਪਰਾਲਾ ਕੀਤਾ ਗਿਆ ਹੈ, ਖਾਸ ਤੌਰ ਤੇ ਪੰਜਾਬ ਦੀ ਸਮੁੱਚੀ ਸੰਗਤ ਅਤੇ ਨੌਜਵਾਨ ਪੀੜ੍ਹੀ ਨੂੰ ਸਾਡੇ ਸਾਰਿਆਂ ਦੇ ਮਾਰਗ ਦਰਸ਼ਕ ਗੁਰੂ ਜੀ ਦੀਆਂ ਦਿੱਤੀਆਂ ਸ਼ਹਾਦਤਾਂ ਤੋਂ ਜਾਣੂ ਕਰਵਾਇਆ ਗਿਆ ਹੈ। ਇਹ ਜਾਤ-ਪਾਤ ਤੋਂ ਉਪਰ ਉੱਠ ਕੇ ਆਪਸੀ ਭਾਈਚਾਰੇ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਮੈਂ ਹਾਂ ਤੇਗ ਤੇ ਕਢ ਲੈ ਤੇਗ ਤੂੰ ਵੀ, ਇੱਕ ਦੋ ਨੀ ਪਰਖ ਲੈ ਸੌ ਤੇਗਾਂ,

ਮੈਨੂੰ ਲਕਬ ਹੈ ਤੇਗ ਬਹਾਦਰੀ ਦਾ, ਮੇਰੇ ਸਾਂਹਵੇ ਨੀ ਸਕਦੀਆਂ ਖਲੋ ਤੇਗਾਂ,

ਮੈਂ ਤਾਂ ਜੰਮਦਿਆਂ ਤੇਗਾਂ ਦੀ ਛਾਂ ਮਾਣੀ, ਵੇਖ ਪਿਤਾ ਦੀਆਂ ਪਹਿਨੀਆਂ ਦੋ ਤੇਗਾਂ,

ਮੇਰੇ ਪਿਤਾ ਦੀ ਅਣਖ ਬਹਾਦਰੀ ਤੇ, ਰਿਹਾ ਪਰਖਦਾ ਤੇਰਾ ਪਿਉ ਤੇਗਾਂ,

ਹੁਣ ਵੀ ਵੇਖੀਂ ਆਉਂਦੇ ਭਵਿੱਖ ਅੰਦਰ, ਮੇਰੇ ਪੁੱਤਰ ਨੇ ਵਾਹੁਣੀਆਂ ਓਹ ਤੇਗਾਂ,

ਉਹਦੀ ਤੇਗ ਵਿਚੋਂ ਜਿਹੜੀ ਤੇਗ ਨਿਕਲੂ, ਉਹ ਲੱਖਾਂ ਲਏਗੀ ਤੇਰੀਆਂ ਖੋਹ ਤੇਗਾਂ।"

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ) :** ਧੰਨਵਾਦ ਸਪੀਕਰ ਸਾਹਿਬ। ਤੁਸੀਂ ਮੈਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ 16ਵੀਂ ਪੰਜਾਬ ਵਿਧਾਨ ਸਭਾ ਵਿੱਚ ਨੌਂਵੇ ਸਮਾਗਮ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੀ ਚਾਦਰ ਦੀ 350 ਸਾਲਾ ਸ਼ਹਾਦਤ ਮੌਕੇ ਤੇ ਬੋਲਣ ਦਾ ਸਮਾਂ ਦਿੱਤਾ ਹੈ, ਉਸ ਸਮੇਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂਆਂ ਨੂੰ ਧਰਮ ਪਰਿਵਰਤਨ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਸੀ ਤਾਂ ਕਸ਼ਮੀਰੀ ਪੰਡਿਤਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਫਰਿਆਦ ਕੀਤੀ ਕਿ ਸਾਡੀ ਮਦਦ ਕੀਤੀ ਜਾਵੇ ਤਾਂ ਗੁਰੂ ਸਾਹਿਬ ਦੇ ਪੁੱਤਰ ਗੋਬਿੰਦ ਰਾਏ ਜੋ ਉਸ ਵੇਲੇ ਤਕਬੀਬਨ 8-9 ਸਾਲਾਂ ਦੇ ਸਨ, ਉਨ੍ਹਾਂ ਨੇ ਕਿਹਾ ਪਿਤਾ ਜੀ ਤੁਹਾਡੇ ਤੋਂ ਵੱਡਾ ਕੌਣ ਮਹਾਂਪੁਰਸ਼ ਹੋ ਸਕਦਾ ਹੈ। ਮੁਗਲ ਬਾਦਸ਼ਾਹ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਤੇ ਉਨ੍ਹਾਂ ਦੇ ਸੇਵਕ ਭਾਈ ਜੈਤਾ ਜੀ, ਭਾਈ ਮਤੀ ਦਾਸ ਤੇ ਭਾਈ ਦਿਆਲਾ ਨੂੰ ਨਿਰਦਈ ਪੁਣੇ ਨਾਲ ਸ਼ਹੀਦ ਕੀਤਾ ਗਿਆ ਸੀ, ਉਹ ਸੋਚਦੇ ਸਨ ਕਿ ਸ਼ਾਇਦ ਗੁਰੂ ਸਾਹਿਬ ਡੋਲ ਜਾਣਗੇ। ਪਰ ਗੁਰੂ ਸਾਹਿਬ ਅਡੋਲ ਰਹੇ ਤਾਂ ਮੁਗਲ ਬਾਦਸ਼ਾਹ ਨੇ ਗੁਰੂ ਸਾਹਿਬ ਦੇ ਸੀਸ ਨੂੰ ਧੜ ਤੋਂ ਵੱਖ ਕਰ ਦਿੱਤਾ ਸੀ। ਗੁਰੂ ਸਾਹਿਬ ਦੇ ਸੀਸ ਨੂੰ ਭਾਈ ਜੈਤਾ ਜੀ ਦੁਆਰਾ ਪੰਜਾਬ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਗਿਆ ਸੀ। ਗੁਰੂ ਸਾਹਿਬ ਦੇ ਪੁੱਤਰ ਗੋਬਿੰਦ ਗਏ ਨੂੰ ਗੁਰਗੱਦੀ ਮਿਲੀ ਜਿਨ੍ਹਾਂ ਨੇ ਖਾਲਸੇ ਪੰਥ ਦੀ ਸਿਰਜਨਾ ਕਰਕੇ ਸਿੱਖ ਕੌਮ ਨੂੰ ਇੱਕ ਵੱਖਰੀ ਪਛਾਣ ਦਿੱਤੀ, ਜਿਸ ਕਰਕੇ ਦੁਨੀਆਂ ਵਿਚ ਕਿਤੇ ਵੀ ਸਿੱਖ ਰਹਿੰਦੇ ਹੋਣ, ਪੱਗੜੀ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਅੰਸ਼ ਹਨ। ਦਸਾਂ ਗੁਰੂਆਂ ਦੀ ਜੋਤ ਗੁਰੂ ਗ੍ਰੰਥ ਸਾਹਿਬ ਅੱਜ ਦੁਨਿਆ ਨੂੰ ਮਾਰਗ ਦਰਸ਼ਨ ਦਾ ਕੰਮ ਕਰ ਰਹੀ ਹੈ ਤਾਂ ਹੀ ਕਿਸੇ ਲੇਖਕ ਨੇ ਲਿਖਿਆ ਹੈ ਕਿ ਐਵੇਂ ਨਹੀਂ ਪੂਜਦੀ ਦੁਨੀਆ ਪਹਿਲਾਂ ਸੀਸ ਕਟਵਾਉਣੇ ਪੈਂਦੇ ਹਨ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ)** : ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

ਅੱਜ ਮੈਂ ਉਸ ਗੁਰੂ ਦੀ ਗੱਲ ਕਰਨ ਜਾ ਰਿਹਾ ਹਾਂ ਜਿਸ ਗੁਰੂ ਸਾਹਿਬ ਨੇ ਲੋਕਾਂ ਨੂੰ ਆਪਣਾ ਵਚਨ ਪਾਲਣ, ਆਪਣੀ ਆਤਮਾ ਦੀ ਅਵਾਜ਼ ਸੁਣਨ, ਸੱਚ ਲਈ ਕੁਰਬਾਨ ਹੋਣ ਦੀ ਸਿੱਖਿਆ ਦਿੱਤੀ। ਸਮੁੱਚੀ ਮਨੁੱਖਤਾ ਨੂੰ ਨਿਰਭੈਅ ਹੋ ਕੇ ਜਿਊਣ ਦੀ ਸਿੱਖਿਆ ਦਿੱਤੀ। ਜਿਨ੍ਹਾਂ ਨੂੰ ਅਸੀਂ ਬੜੇ ਹੀ ਮਾਣ ਨਾਲ ਹਿੰਦ ਦੀ ਚਾਦਰ ਵੀ ਕਹਿੰਦੇ ਹਾਂ। ਆਪ ਜੀ ਦੀ ਬਾਣੀ ਦੀਆਂ ਤੁਕਾਂ ਲੋਕਾਂ ਦੇ ਮੂੰਹਾਂ ਤੇ ਅਖਾਣਾਂ ਵਾਂਗ ਚੜੀਆਂ ਹੁੰਦੀਆਂ ਹਨ। ਜਿਵੇਂ :

ਧਰਮ ਹੇਤਿ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

ਗੁਰੂ ਤੇਗ ਬਹਾਦਰ ਜੀ ਸਿੱਖ ਕੌਮ ਦੇ ਮਹਾਨ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਸਨ। ਆਪ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਦੀ ਮਾਤਾ ਦਾ ਨਾਂ ਨਾਨਕੀ ਸੀ। ਆਪ ਜੀ ਦਾ ਜਨਮ 1621 ਈ. ਵਿੱਚ ਅੰਮ੍ਰਿਤਸਰ ਵਿਖੇ ਹੋਇਆ। ਬਚਪਨ ਵਿੱਚ ਗੁਰੂ ਜੀ ਖੇਡਣ ਦੀ ਥਾਂ ਆਪਣੇ ਖਿਆਲਾਂ ਵਿੱਚ ਹੀ ਮਗਨ ਰਹਿੰਦੇ ਸਨ। ਆਪ ਜੀ ਦੀ ਮਾਤਾ ਨਾਨਕੀ ਜੀ ਗੁਰੂ ਹਰਗੋਬਿੰਦ ਸਾਹਿਬ ਨੂੰ ਸ਼ਿਕਾਇਤ ਕਰਦੇ ਸੀ ਕਿ ਇਸ ਬੱਚੇ ਦਾ ਕੀ ਬਣੇਗਾ? ਤਾਂ ਉਸ ਸਮੇਂ ਗੁਰੂ ਹਰਗੋਬਿੰਦ ਸਾਹਿਬ ਜੀ ਮੁਸਕਰਾ ਕੇ ਕਹਿੰਦੇ ਇਹ ਮਹਾਂਪੁਰਖ ਹੋਵੇਗਾ ਅਤੇ ਆਪਣੇ ਧਰਮ ਲਈ ਵੱਡੀ ਕੁਰਬਾਨੀ ਦੇਵੇਗਾ। ਵੈਸੇ ਤਾਂ ਬਚਪਨ ਤੇ ਗੰਭੀਰਤਾ ਦਾ ਮੇਲ ਨਹੀਂ ਹੁੰਦਾ ਪਰ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਗੁਰੂ ਜੀ ਆਪਣੀ ਆਉਣ ਵਾਲੀ ਜ਼ਿੰਦਗੀ ਦੀ ਤਿਆਰੀ ਕਰ ਰਹੇ ਸਨ। ਜਦੋਂ ਸ੍ਰੀ ਹਰਗੋਬਿੰਦ ਸਾਹਿਬ ਜੀ ਜੋਤੀ ਜੋਤ ਸਮਾਏ ਤਾਂ ਉਸ ਸਮੇਂ ਗੁਰੂ ਜੀ ਦੀ ਉਮਰ 23 ਸਾਲ ਦੀ ਹੀ ਸੀ। 25 ਮਈ, 1675 ਦੇ ਦਿਨ ਗੁਰੂ ਜੀ ਅਨੰਦਪੁਰ ਸਾਹਿਬ ਵਿਖੇ ਆਪਣੇ ਦੀਵਾਨ ਵਿੱਚ ਬਿਰਾਜਮਾਨ ਸਨ। ਐਨੇ ਨੂੰ ਕੁਝ ਕਸ਼ਮੀਰੀ ਪੰਡਿਤ ਆਪ ਜੀ ਕੋਲ ਆਏ ਅਤੇ ਉਨ੍ਹਾਂ ਵਿੱਚੋਂ ਪੰਡਿਤਾਂ ਦੇ ਆਗੂ ਕਿਰਪਾ ਰਾਮ ਦੱਤ ਨੇ ਕਿਹਾ ਗੁਰੂ ਜੀ ਸਾਡੇ ਉੱਤੇ ਬਹੁਤ ਭਾਰੀ ਮੁਸੀਬਤ ਆ ਪਈ ਹੈ। ਔਰੰਗਜ਼ੇਬ ਸਾਨੂੰ ਮੱਲੋ-ਮੱਲੀ ਇਸਲਾਮ ਧਰਮ ਕਬੂਲ ਕਰਨ ਲਈ ਕਹਿ ਰਿਹਾ ਹੈ। ਗੁਰੂ ਜੀ ਤੁਸੀਂ ਹੀ ਸਾਡੀ ਮਦਦ ਕਰ ਸਕਦੇ ਹੋ ਤਾਂ ਗੁਰੂ ਜੀ ਨੇ ਉਨ੍ਹਾਂ ਪੰਡਿਤਾਂ ਨੂੰ ਤਸੱਲੀ ਕਰਵਾਉਂਦੇ ਹੋਏ ਕਿਹਾ ਕਿ ਤੁਸੀਂ ਜਾ ਕੇ ਔਰੰਗਜ਼ੇਬ ਨੂੰ ਕਹਿ ਦਿਓ ਜੇਕਰ ਕਿ ਸਾਡੇ ਆਗੂ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਨੌਵੇਂ ਗੁਰੂ ਕਲਮਾਂ ਪੜ੍ਹ ਲੈਣਗੇ ਤਾਂ ਅਸੀਂ ਹੱਸਦੇ ਹੱਸਦੇ ਇਸਲਾਮ ਧਰਮ ਕਬੂਲ ਕਰ ਲਵਾਂਗੇ ਅਤੇ ਦਿੱਲੀ ਦੇ ਬਾਦਸ਼ਾਹ ਨੂੰ ਵੀ ਇਹ ਸੁਨੇਹਾ ਪਹੁੰਚਾ ਦਿਓ ਕਿ ਸਾਡੇ ਆਗੂ ਖੁਦ ਦਿੱਲੀ ਆ ਰਹੇ ਹਨ। ਜਦੋਂ ਗੁਰੂ ਜੀ ਦਿੱਲੀ ਗਏ, ਉੱਥੇ ਗੁਰੂ ਜੀ ਨੂੰ ਪੁੱਛਿਆ ਗਿਆ ਕਿ ਕਲਮਾ ਪੜ੍ਹੋਗੇ ਜਾਂ ਕਰਾਮਾਤ ਦਿਖਾਓਗੇ ਤਾਂ ਗੁਰੂ ਜੀ ਦੋਵਾਂ ਤੋਂ ਹੀ ਇਨਕਾਰ ਕਰ ਦਿੱਤਾ। ਫਿਰ ਇੱਕ ਕਾਜ਼ੀ ਨੇ ਕਿਹਾ ਕਿ ਠੀਕ ਹੈ ਫਿਰ ਤੁਸੀਂ ਤਿਆਰ ਹੋ ਜਾਓ ਸਿਰ ਕਲਮ ਕਰਵਾਉਣ ਲਈ ਤਾਂ ਗੁਰੂ ਜੀ ਨੇ ਕਿਹਾ ਕਿ ਮੈਂ ਤਿਆਰ ਹਾਂ, ਮੈਂ ਆਪ ਮਰ ਕੇ ਸਭ ਨੂੰ ਮਰਨੋਂ ਬਚਾਵਾਂਗਾ। ਇਹ ਸੁਣ ਕੇ ਹਾਕਮ ਭੜਕ ਉੱਠਿਆ ਅਤੇ ਆਪ ਜੀ ਦੇ ਨਾਲ ਆਪ ਦੇ ਤਿੰਨ ਸਾਥੀਆਂ ਨੂੰ ਸ਼ਹੀਦ ਕੀਤਾ ਗਿਆ। ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਇੱਕ ਥੜਾ ਬਣਾਇਆ ਗਿਆ। ਗੁਰੂ ਜੀ ਨੂੰ ਉੱਥੇ ਪਿੰਜਰੇ ਵਿੱਚ ਲਿਆਂਦਾ ਗਿਆ। ਹੌਲੀ ਹੌਲੀ ਹਨੇਰਾ ਹੋ ਰਿਹਾ ਸੀ। ਹਨੇਰੇ ਵਿੱਚ ਗੁਰੂ ਜੀ ਦਾ ਚਿਹਰਾ ਚਮਕ ਰਿਹਾ ਸੀ ਅਤੇ ਜੱਲਾਦ ਦਾ ਬਰਛਾ ਵੀ ਚਮਕ

ਰਿਹਾ ਸੀ। ਜਿਵੇਂ ਨੂਰੀ ਚਿਹਰਾ ਆਪਣੇ ਨੂਰੀ ਪ੍ਰਕਾਸ਼ ਰਾਹੀਂ ਬਰਛੇ ਨੂੰ ਬੁਲਾ ਰਿਹਾ ਹੋਵੇ "ਆ ਵਾਰ ਕਰ, ਮੈਂ ਤਿਆਰ ਹਾਂ"। ਗੁਰੂ ਜੀ ਦੇ ਮੂੰਹ ਵਿੱਚੋਂ ਮਿੱਠੀ ਮਿੱਠੀ ਬਾਣੀ ਨਿਕਲ ਰਹੀ ਸੀ।

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥

ਝੱਖੜ ਤੇਜ਼ ਹੋ ਰਿਹਾ ਸੀ। ਹਨੇਰਾ ਹੋਰ ਵੀ ਗੂੜਾ ਹੋ ਰਿਹਾ ਸੀ ਤੇ ਅਖੀਰ ਗੁਰੂ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ ਗਿਆ ਅਤੇ ਸਭ ਪਾਸੇ ਸੰਨਾਟਾ ਛਾ ਗਿਆ। ਜੋ ਆਪਣੇ ਧਰਮ ਤੇ ਸੱਚ ਲਈ ਕੁਰਬਾਨ ਹੁੰਦਾ ਹੈ, ਅਸਲੀ ਮਹਾਨ ਉਹ ਹੀ ਹੁੰਦਾ ਹੈ। ਆਪ ਜੀ ਦੀ ਸ਼ਹਾਦਤ ਵਾਲੀ ਥਾਂ ਤੇ ਦਿੱਲੀ ਦੇ ਰੇਲਵੇ ਸਟੇਸ਼ਨ ਨੇੜੇ ਸੀਸ ਗੰਜ ਗੁਰਦੁਆਰਾ ਸਾਹਿਬ ਵੀ ਬਣਿਆ ਹੋਇਆ ਹੈ। ਉਸ ਇਮਾਰਤ ਦੇ ਇੱਟ ਵੱਟਿਆਂ ਤੋਂ ਜ਼ਿਆਦਾ ਉੱਥੋਂ ਦੀ ਧੂੜ ਲੋਕਾਂ ਨੂੰ ਆਪਣੇ ਵੱਲ ਖਿਚਦੀ ਹੈ। ਗੁਰੂ ਜੀ ਨੂੰ ਅੱਜ ਤੋਂ ਲਗਭਗ ਸਾਢੇ ਤਿੰਨ ਸੌ ਸਾਲ ਪਹਿਲਾਂ ਉਥੇ ਸ਼ਹੀਦ ਕੀਤਾ ਗਿਆ ਸੀ। ਗੁਰੂ ਜੀ ਨੇ ਆਪਣੇ ਪਵਿੱਤਰ ਖੂਨ ਨਾਲ ਉਸ ਥਾਂ ਦੀ ਮੈਲ ਨੂੰ ਸਦਾ ਲਈ ਹੀ ਧੋ ਦਿੱਤਾ। ਲੋਕ ਉੱਥੋਂ ਦੀ ਧੂੜ ਨੂੰ ਮੱਥੇ ਲਗਾਉਣਾ ਧੰਨ ਭਾਗ ਸਮਝਦੇ ਹਨ।

ਆਓ ਅਸੀਂ ਵਚਨ ਕਰੀਏ ਕਿ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ ਤੇ ਚੱਲਦੇ ਹੋਏ ਅਸੀਂ ਸੱਚਾਈ, ਧਰਮ ਅਤੇ ਮਨੁੱਖਤਾ ਦੀ ਰੱਖਿਆ ਕਰਾਂਗੇ।

**ANNEXURE-II**

**ਪੰਜਾਬ ਵਿਧਾਨ ਸਭਾ,**

**ਸ੍ਰੀ ਅਨੰਦਪੁਰ ਸਾਹਿਬ**

**ਬੁਲੇਟਿਨ ਨੰ: 01**

**ਸੋਮਵਾਰ 24 ਨਵੰਬਰ, 2025**

(01.00 ਵਜੇ ਬਾਅਦ ਦੁਪਹਿਰ ਤੋਂ 03.37 ਵਜੇ ਬਾਅਦ ਦੁਪਹਿਰ ਤੱਕ)

1. **ਮਾਣਯੋਗ ਸਪੀਕਰ ਦੁਆਰਾ ਐਲਾਨ**

**I. ਸਭਾਪਤੀ ਨਾਮਾਂਵਲੀ ਸਬੰਧੀ**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਅਧੀਨ ਨਿਮਨਲਿਖਤ ਮਾਣਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:

1. ਸ. ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ;
2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ;
3. ਸ਼੍ਰੀਮਤੀ ਜੀਵਨਜੋਤ ਕੌਰ, ਐਮ.ਐਲ.ਏ; ਅਤੇ
4. ਸ਼੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ।

2. **ਸਕੱਤਰ ਦੁਆਰਾ ਐਲਾਨ**

ਸਕੱਤਰ ਵੱਲੋਂ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਨੌਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਮਾਣਯੋਗ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਗਿਆ।

3. **ਨਿਯਮ 16 ਅਧੀਨ ਪ੍ਰਸਤਾਵ**

ਸੰਸਦੀ ਮਾਮਲੇ ਮੰਤਰੀ ਦੁਆਰਾ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ-

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

4. **ਸਰਕਾਰੀ ਮਤਾ**

1. ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ ਵੱਲੋਂ ਹੇਠ ਲਿਖਿਆ ਸਰਕਾਰੀ ਮਤਾ ਪੇਸ਼ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:-

"ਕਿ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਦੇ ਇਤਿਹਾਸਕ ਮੌਕੇ ਤੇ ਮਹਾਨ ਸਿੱਖ ਗੁਰੂ ਪ੍ਰਤੀ ਆਪਣੀ ਡੂੰਘੀ ਸ਼ਰਧਾ ਅਤੇ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਸਤਿਕਾਰ, ਭਾਵਨਾ ਅਤੇ ਵਿਸ਼ਵਾਸ ਨਾਲ ਨਿਮਰਤਾ ਸਹਿਤ ਸੀਸ ਝੁਕਾਉਂਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਧਰਮ ਦੀ ਆਜ਼ਾਦੀ ਨਾਲ ਪਾਲਣਾ ਕਰਨ ਦੇ ਅਧਿਕਾਰ ਦੀ ਰੱਖਿਆ ਕਰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ ਅਤੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਸਵੈਮਾਨ ਦੇ ਸਿਧਾਂਤਾਂ ਨੂੰ ਮਜ਼ਬੂਤੀ ਨਾਲ ਕਾਇਮ ਰੱਖਿਆ:

ਉਨ੍ਹਾਂ ਦੀ ਸਰਵਉੱਚ ਕੁਰਬਾਨੀ ਪੀੜ੍ਹੀਆਂ ਲਈ ਪ੍ਰੇਰਨਾ ਦਾ ਚਾਨਣ ਮੁਨਾਰਾ ਰਹੀ ਹੈ, ਜਿਸ ਨੇ ਸੂਰਬੀਰਤਾ, ਹਮਦਰਦੀ ਅਤੇ ਨਿਆਂ ਪ੍ਰਤੀ ਅਟੁੱਟ ਵਚਨਬੱਧਤਾ ਦੀਆਂ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕੀਤਾ ਹੈ:

ਪੰਜਾਬ ਦੇ ਲੋਕ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਉਹ ਗੁਰੂ ਜੀ ਦੀ ਅਮੀਰ ਅਧਿਆਤਮਿਕ ਵਿਰਾਸਤ ਦੇ ਖੇਤਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਤੇ ਅਤਿਅੰਤ ਮਾਣ ਮਹਿਸੂਸ ਕਰਦੇ ਹਨ:

ਇਸ ਲਈ ਇਹ ਸਦਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹੈ ਅਤੇ ਉਨ੍ਹਾਂ ਦੀ ਸ਼ਹੀਦੀ ਦੀ 350ਵੀਂ ਵਰ੍ਹੇਗੰਢ ਤੇ ਪੂਰੀ ਗੰਭੀਰਤਾ ਅਤੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਸਨਮਾਨ ਸਹਿਤ ਯਾਦ ਕਰਦਾ ਹੈ।

ਇਸ ਮੌਕੇ ਨੂੰ ਸਮਰਪਿਤ ਵੱਖ-ਵੱਖ ਸਮਾਗਮਾਂ ਅਤੇ ਪ੍ਰੋਗਰਾਮਾਂ ਦੇ ਆਯੋਜਨ ਲਈ ਪੰਜਾਬ ਸਰਕਾਰ ਦੇ ਯਤਨਾਂ ਦੀ ਸ਼ਲਾਘਾ ਕਰਦਾ ਹੈ, ਜਿਸ ਵਿੱਚ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਦੇ ਨਾਲ-ਨਾਲ ਨਗਰ ਕੀਰਤਨ, ਕੀਰਤਨ ਦਰਬਾਰ ਅਤੇ ਗੁਰੂ ਸਾਹਿਬ ਦੇ ਜੀਵਨ ਅਤੇ ਵਿਰਾਸਤ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ/ਡਰੋਨ ਸ਼ੋਅ ਅਤੇ ਸਰਵ ਧਰਮ ਸੰਮੇਲਨ ਸ਼ਾਮਲ ਹਨ।

ਇਹ ਸਦਨ ਸਰਕਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਦਰਸਾਏ ਗਏ ਧਰਮ ਨਿਰਪੱਖਤਾ ਵਿਸ਼ਵਵਿਆਪੀ ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਲਾਂ ਦੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਨਾ ਜਾਰੀ ਰੱਖਣ ਦੀ ਅਪੀਲ ਕਰਦਾ ਹੈ।

ਇਹ ਸਦਨ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਖੁਸ਼ਹਾਲੀ, ਸਮਾਜ ਵਿੱਚ ਸ਼ਾਂਤੀ, ਸਹਿਣਸ਼ੀਲਤਾ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਨ ਦਾ ਸੰਕਲਪ ਕਰਦਾ ਹੈ।"

ਨਿਮਨਲਿਖਤ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | |
|---|---|
| 1. ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ | 08 ਮਿੰਟ |
| 2. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 05 ਮਿੰਟ |
| 3. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਆਮ ਆਦਮੀ ਪਾਰਟੀ | 07 ਮਿੰਟ |
| 4. ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ | 06 ਮਿੰਟ |
| 5. ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 12 ਮਿੰਟ |
| 6. ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 07 ਮਿੰਟ |
| 7. ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ | 06 ਮਿੰਟ |
| 8. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ | 11 ਮਿੰਟ |
| 9. ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ | 07 ਮਿੰਟ |
| 10. ਸਰਦਾਰ ਇੰਦਰਬੀਰ ਸਿੰਘ ਨਿੱਜਰ, ਆਮ ਆਦਮੀ ਪਾਰਟੀ | 07 ਮਿੰਟ |
| 11. ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 06 ਮਿੰਟ |
| 12. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 06 ਮਿੰਟ |

ਬਹਿਸ ਵਿਚ ਭਾਗ ਲੈਂਦੇ ਹੋਏ ਮਾਣਯੋਗ ਮੁੱਖ ਮੰਤਰੀ 25 ਮਿੰਟਾਂ ਲਈ ਬੋਲੇ।

**2. ਮਤਾ**

ਮਾਣਯੋਗ ਮੁੱਖ ਮੰਤਰੀ ਵੱਲੋਂ ਹੇਠ ਲਿਖਿਆ ਮਤਾ ਪੇਸ਼ ਕੀਤਾ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:-

"ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਸੱਚੇ ਪਾਤਸ਼ਾਹ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਦੌਰਾਨ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸਮਾਗਮ ਨੂੰ ਇਤਿਹਾਸਕ ਬਣਾਉਣ ਲਈ ਮੈਂ ਮਹਿਸੂਸ ਕਰਦਾ ਹਾਂ ਅਤੇ ਇਸ ਸਦਨ ਦੇ ਬਾਕੀ ਮੈਂਬਰ ਵੀ ਮਹਿਸੂਸ ਕਰਦੇ ਹੋਣਗੇ ਕਿ ਸਾਡੇ ਗੁਰੂ ਸਾਹਿਬਾਨ ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਰਹੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤਾਂ ਕੁਰਬਾਨੀ ਵੀ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਹੋਈ ਹੈ। ਉਨ੍ਹਾਂ ਨੇ ਅਨੰਦਪੁਰ ਸਾਹਿਬ ਵਸਾਉਣ ਲਈ ਇੱਥੋਂ ਦੀ ਜ਼ਮੀਨ ਖਰੀਦ ਕੇ ਆਪ ਇਹ ਸ਼ਹਿਰ ਵਸਾਇਆ ਸੀ। ਉਨ੍ਹਾਂ ਦੇ ਇਕਲੌਤੇ ਸਾਹਿਬਜ਼ਾਦੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਗਭਗ 30 ਸਾਲ ਇਸ ਪਾਵਨ ਧਰਤੀ ਤੇ ਰਹੇ। ਉਨ੍ਹਾਂ ਨੇ ਇੱਥੇ ਰਹਿੰਦਿਆਂ ਹੀ ਜ਼ੁਲਮ ਨਾਲ ਲੜਨ ਲਈ ਦੇਸ਼ ਦੀ ਰਾਖੀ ਵਾਸਤੇ ਖਾਲਸਾ ਪੰਥ ਦੀ ਸਾਜਨਾ ਵੀ

ਇਸੇ ਪਵਿੱਤਰ ਧਰਤੀ ਤੇ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਵਿਚੋਂ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇਸੇ ਧਰਤੀ ਤੇ ਹੋਇਆ। ਜਿਨ੍ਹਾਂ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ। ਸੋ, ਨਾਲ ਹੀ ਪਾਤਸ਼ਾਹ ਦੇ ਸਾਜੇ ਪੰਜ ਤਖਤਾਂ ਵਿੱਚੋਂ ਤਿੰਨ ਤਖਤ ਵੀ ਇਸੇ ਪੰਜਾਬ ਦੀ ਧਰਤੀ ਤੇ ਸਾਡੇ ਹਿੱਸੇ ਆਏ ਹਨ। ਸ੍ਰੀ ਅਕਾਲ ਤਖਤ ਸਾਹਿਬ ਜੋ ਕਿ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਸੁਸ਼ੋਭਿਤ ਹੈ। ਮਾਲਵੇ ਦੀ ਮਹਾਨ ਧਰਤੀ ਤੇ ਤਖਤ ਸ੍ਰੀ ਦਮਦਮਾ ਸਾਹਿਬ ਜੋ ਕਿ ਤਲਵੰਡੀ ਸਾਬੋ ਵਿੱਚ ਸਥਿਤ ਹੈ। ਬਹੁਤ ਸਾਲਾਂ ਤੋਂ ਉੱਠ ਰਹੀ ਮੰਗ ਨੂੰ ਮੁੱਖ ਰੱਖਦਿਆਂ ਪੰਜਾਬ ਵਿਧਾਨ ਸਭਾ ਦੇ ਇਸ ਸੈਸ਼ਨ ਨੂੰ ਆਉਣ ਵਾਲੇ ਇਤਿਹਾਸ ਵਿੱਚ ਸਦੀਵੀ ਤੌਰ ਤੇ ਚੇਤੇ ਰੱਖਣ ਵਾਸਤੇ ਇਹ ਸਦਨ ਅੱਜ ਸਿਫਾਰਸ਼ ਕਰਦਾ ਹੈ ਕਿ ਸੂਬਾ ਸਰਕਾਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਗਲਿਆਰਾ, ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਤਿੰਨੋਂ ਤਖਤਾਂ ਦੇ ਸ਼ਹਿਰਾਂ ਨੂੰ ਪੰਜਾਬ ਦੇ ਅਧਿਕਾਰਤ ਪਵਿੱਤਰ ਸ਼ਹਿਰ ਵਜੋਂ ਐਲਾਨ ਕਰਨ ਦਾ ਫੈਸਲਾ ਕਰੇ। ਇੱਥੇ ਮਾਸ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿੱਕਰੀ ਅਤੇ ਵਰਤੋਂ ਤੇ ਪਾਬੰਦੀ ਲਗਾ ਕੇ ਮੀਟ ਦੀਆਂ ਦੁਕਾਨਾਂ, ਸ਼ਰਾਬ ਦੇ ਠੇਕੇ, ਸਿਗਰਟ ਦੀਆਂ ਦੁਕਾਨਾਂ ਤੇ ਨਸ਼ੇ ਦੇ ਅੱਡੇ ਬੰਦ ਕਰਕੇ ਸੰਗਤਾਂ ਦੀ ਚਿਰੋਕਣੀ ਮੰਗ ਪੂਰੀ ਕੀਤੀ ਜਾਵੇ। ਇਹ ਸ਼ਹਿਰ ਨਾ ਸਿਰਫ ਧਾਰਮਿਕ ਕੇਂਦਰ ਹਨ ਬਲਕਿ ਸਾਡੀ ਸੱਭਿਆਚਾਰਕ ਵਿਰਾਸਤ ਦੇ ਪ੍ਰਤੀਕ ਵੀ ਹਨ। ਸੋ, ਇਹ ਮੰਗ ਕਿਸੇ ਇੱਕ ਧਿਰ, ਵਰਗ ਜਾਂ ਧਰਮ ਦੀ ਨਹੀਂ ਹੈ ਸਗੋਂ ਆਪਣੀ ਵਿਰਾਸਤ ਨੂੰ ਸੰਭਾਲਣ ਅਤੇ ਵਿਸ਼ਵ ਪੱਧਰ ਤੇ ਪ੍ਰਚਾਰਿਤ ਕਰਨ ਹਿੱਤ ਇਹ ਕਦਮ ਚੁੱਕਣਾ ਜ਼ਰੂਰੀ ਹੈ।

ਇਸ ਦੇ ਨਾਲ ਹੀ ਇਨ੍ਹਾਂ ਸ਼ਹਿਰਾਂ ਵਿੱਚ ਸਾਰੇ ਧਾਰਮਿਕ ਅਸਥਾਨਾਂ ਨਾਲ ਸਬੰਧਿਤ ਇੱਕ ਸਰਬ ਧਰਮ ਕਮੇਟੀ ਬਣਾਈ ਜਾਵੇ, ਜਿਸ ਵਿੱਚ ਸਾਰੇ ਧਰਮਾਂ ਦੇ ਨੁਮਾਇੰਦੇ ਸ਼ਾਮਿਲ ਹੋਣ। ਪੰਜਾਬ ਸਰਕਾਰ ਇਨ੍ਹਾਂ ਪਵਿੱਤਰ ਸ਼ਹਿਰਾਂ ਦੇ ਵਿਕਾਸ, ਸਫਾਈ, ਸੁਰੱਖਿਆ ਅਤੇ ਧਾਰਮਿਕ ਸੈਰ-ਸਪਾਟੇ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਲੋੜੀਂਦਾ ਬਜਟ ਜਾਰੀ ਕਰੇਗੀ ਅਤੇ ਕੇਂਦਰ ਸਰਕਾਰ ਤੋਂ ਵੀ ਫੰਡਾਂ ਦੀ ਮੰਗ ਕਰੇ।"

**<u>ਸੱਪਸ਼ਟੀਕਰਨ/ਨੋਟ</u>** - *ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਉਕਤ ਮਤੇ ਸਬੰਧੀ ਮਾਣਯੋਗ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਮਤਾ ਪੇਸ਼ ਕਰਨ ਵਾਲੇ ਮਾਣਯੋਗ ਮੈਂਬਰ (ਮਾਣਯੋਗ ਮੁੱਖ ਮੰਤਰੀ ਜੀ) ਨਾਲ ਹੋਈ ਗੱਲਬਾਤ ਅਨੁਸਾਰ ਸਪੱਸ਼ਟ ਕੀਤਾ ਗਿਆ ਹੈ ਕਿ ਪੇਸ਼ ਕੀਤੇ ਗਏ ਮਤੇ ਵਿੱਚ ਦਰਜ ਸ਼ਬਦਾਂ "ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦਾ ਗਲਿਆਰਾ" ਤੋਂ ਉਨਾਂ ਦਾ ਭਾਵ "ਪੁਰਾਣਾ ਅੰਮ੍ਰਿਤਸਰ ਸ਼ਹਿਰ (Walled City of Amritsar) ਹੈ।

ਨਿਮਨਲਿਖਤ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਨੇ ਉਕਤ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

| | | |
|---|---|---|
| 1. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 01 ਮਿੰਟ |
| 2. | ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |

ਮਾਣਯੋਗ ਸਪੀਕਰ ਸਾਹਿਬ ਵੀ ਸ੍ਰੀ ਗੁਰੂ ਤੇਗ ਬਹਾਦਰ ਨੂੰ ਆਪਣੀ ਸ਼ਰਧਾ ਭੇਂਟ ਕਰਦੇ ਹੋਏ ਵੱਖ-ਵੱਖ ਸਮੇਂ ਤੇ ਬੋਲੇ ਜਿਨ੍ਹਾਂ ਦੀ ਸਪੀਚ ਡਿਬੇਟ ਵਿੱਚ ਸ਼ਾਮਲ ਹੈ।

5. **<u>ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ</u>**

1) ਮਾਣਯੋਗ ਸਪੀਕਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਇਜਲਾਸ ਦੀ ਕਾਰਵਾਈ ਨੂੰ ਦੇਖਣ ਲਈ ਉਚੇਚੇ ਤੌਰ **ਤੇ** ਹਾਜ਼ਰ ਹੋਈਆਂ ਹੇਠ ਲਿਖੀਆਂ ਸ਼ਖਸੀਅਤਾਂ ਦੇ ਗੈਲਰੀ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ:-

1. ਸ੍ਰੀ ਅਰਵਿੰਦ ਕੇਜਰੀਵਾਲ, ਸਾਬਕਾ ਮੁੱਖ ਮੰਤਰੀ, ਦਿੱਲੀ;
2. ਸ੍ਰੀਮਤੀ ਸੁਨੀਤਾ ਕੇਜਰੀਵਾਲ;
3. ਸ੍ਰੀ ਮਨੀਸ਼ ਕੁਮਾਰ ਸਿਸੋਦੀਆ, ਸਾਬਕਾ ਉੱਪ ਮੁੱਖ ਮੰਤਰੀ, ਦਿੱਲੀ;
4. ਡਾਕਟਰ ਵਿਕਰਮਜੀਤ ਸਿੰਘ ਸਾਹਨੀ, ਐਮ.ਪੀ. ;
5. ਡਾਕਟਰ ਰਾਜ ਕੁਮਾਰ ਚੱਬੇਵਾਲ, ਐਮ.ਪੀ. ;
6. ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਐਮ.ਪੀ. ;
7. ਸਰਦਾਰ ਮਾਲਵਿੰਦਰ ਸਿੰਘ ਕੰਗ, ਐਮ.ਪੀ. ;
8. ਬਾਬਾ ਬਲਬੀਰ ਸਿੰਘ ਸੀਚੇਵਾਲ, ਐਮ.ਪੀ. ;
9. ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਪੀ.
10. ਡਾਕਟਰ ਚਰਨਜੀਤ ਸਿੰਘ ਅਟਵਾਲ, ਸਾਬਕਾ ਸਪੀਕਰ, ਪੰਜਾਬ ਵਿਧਾਨ ਸਭਾ।
11. ਸੰਤ ਬਾਬਾ ਸੇਵਾ ਸਿੰਘ ਜੀ;
12. ਬਾਬਾ ਕਸ਼ਮੀਰ ਸਿੰਘ ਜੀ, ਭੂਰੀ ਵਾਲੇ;
13. ਸ੍ਰੀ ਮਹਾਂਮੰਡਲੇਸ਼ਵਰ ਬੰਸੀ ਦਾਸ ਜੀ, ਸਨਾਤਨ ਧਰਮ ਦੇ ਸੰਤ;
14. ਡਾਕਟਰ ਸਤਿੰਦਰ ਸਰਤਾਜ, ਪੰਜਾਬੀ ਗਾਇਕ;
15. ਸ੍ਰੀ ਵਰਿੰਦਰ ਵਾਲੀਆ, ਐਡੀਟਰ, ਪੰਜਾਬੀ ਜਾਗਰਣ;
16. ਸ੍ਰੀ ਅਭਿਸ਼ੇਕ ਵਿੱਜ, ਦੈਨਿਕ ਸਵੇਰਾ;

**17.** ਸ੍ਰੀ ਇਰਵਿਨ ਖੰਨਾ, ਐਡੀਟਰ ਇਨ ਚੀਫ, ਉੱਤਮ ਹਿੰਦੂ;

**18.** ਸ੍ਰੀ **ਰਿ**ਤਿਨ ਖੰਨਾ, ਐਡੀਟਰ, ਉੱਤਮ ਹਿੰਦੂ;

**19.** ਸ੍ਰੀ ਬਲਦੇਵ ਕ੍ਰਿਸ਼ਨ ਸ਼ਰਮਾ, ਰੈਂਜੀਡੈਂਟ ਐਡੀਟਰ, ਦੈਨਿਕ ਭਾਸਕਰ;

**20.** ਸ੍ਰੀ ਜਗਦੀਪ ਸੰਧੂ, ਐਡੀਟਰ, ਡੇਅਲੀ ਪੋਸਟ;

**21.** ਸ੍ਰੀ ਯਾਦਵਿੰਦਰ ਸਿੰਘ, ਐਡੀਟਰ, ਪ੍ਰੋ ਪੰਜਾਬ;

**22.** ਸ੍ਰੀ ਗੌਰਵ ਸ਼ੁਕਲਾ, ਐਡੀਟਰ, ਨਿਊਜ਼ 18;

**23.** ਸ੍ਰੀ ਅਤੁਲ, ਐਡੀਟਰ, ਲਿਵਿੰਗ ਇੰਡੀਆ;

**24.** ਸ੍ਰੀਮਤੀ ਜਯੋਤੀ ਮਲਹੋਤਰਾ, ਐਡੀਟਰ ਇੰਨ ਚੀਫ, ਦਿ ਟ੍ਰਿਬਿਊਨ;

**25.** ਸ੍ਰੀ ਮਨੀਸ਼ ਤਿਵਾੜੀ, ਐਡੀਟਰ, ਡੇਲੀ ਵਰਲਡ; **ਅਤੇ**

**26.** ਸ੍ਰੀ ਵਿਨੋਦ ਲਾਂਬਾ, ਐਡੀਟਰ, ਜ਼ੀ ਮੀਡੀਆ

**6. ਵਾਕ-ਆਊਟ**

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਸਰਕਾਰੀ ਮਤੇ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਸਦਨ ਵਿੱਚੋਂ ਵਾਕ-ਆਊਟ ਕਰ ਗਏ।

**7. ਮਾਣਯੋਗ ਸਪੀਕਰ ਦੁਆਰਾ ਰੂਲਿੰਗ**

ਮਾਣਯੋਗ ਸਪੀਕਰ ਦੁਆਰਾ ਹੇਠ ਲਿਖੇ ਅਨੁਸਾਰ ਰੂਲਿੰਗ ਦਿੱਤੀ ਗਈ-

"ਮੈਂ ਚਾਹੁੰਦਾ ਹਾਂ ਕਿ ਸਾਰੇ ਮਾਣਯੋਗ ਮੈਂਬਰਾਂ ਨੂੰ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਜਾਵੇ, ਲੇਕਿਨ ਸਮੇਂ ਦੀ ਘਾਟ ਕਰਕੇ ਇਹ ਨਹੀਂ ਹੋ ਸਕਿਆ। ਕਾਫੀ ਸਾਰੇ ਮੈਂਬਰ ਆਪਣੀ ਰਿਟਨ ਅਕੀਦਤ ਵਿਧਾਨ ਸਭਾ ਨੂੰ ਭੇਜ ਚੁੱਕੇ ਹਨ, ਜਿਨ੍ਹਾਂ ਕੋਲ ਹੁਣ ਹੈ, ਉਹ ਰਿਟਨ ਅਕੀਦਤ ਇੱਥੇ ਸਦਨ ਦੀ ਮੇਜ਼ ਤੇ ਰੱਖ ਸਕਦੇ ਹਨ, ਜਿਸ ਨੂੰ ਡਿਬੇਟ ਦਾ ਹਿੱਸਾ ਬਣਾਇਆ ਜਾਵੇਗਾ। ਸੋ, ਸਮੇਂ ਦੀ ਘਾਟ ਹੈ। I wish ਮੈਂ ਸਭ ਨੂੰ ਬੁਲਾ ਸਕਦਾ ਪਰ, ਸਾਰਿਆਂ ਦੀ ਅਕੀਦਤ ਨੂੰ ਰਿਕਾਰਡ ਦਾ ਹਿੱਸਾ ਬਣਾਇਆ ਜਾਵੇਗਾ। ਮੈਂ ਪਹਿਲਾਂ ਹੀ ਤੁਹਾਨੂੰ ਬੇਨਤੀ ਕਰ ਦਿੱਤੀ ਸੀ ਕਿ ਆਪਣੀ ਰਿਟਨ ਅਕੀਦਤ ਸਦਨ ਨੂੰ ਭੇਜ ਦੇਈਏ।"

**8. ਮਾਣਯੋਗ ਸਪੀਕਰ ਵੱਲੋਂ ਬੇਨਤੀ/ਐਲਾਨ**

ਮਾਣਯੋਗ ਸਪੀਕਰ ਵੱਲੋਂ ਹੇਠ ਲਿਖੇ ਅਨੁਸਾਰ ਐਲਾਨ ਕੀਤਾ ਗਿਆ-

"ਜਿਹੜੇ ਵੀ ਕਾਗਜ਼ ਪੱਤਰ ਇੱਥੇ ਸਰਕੂਲੇਟ ਹੋ ਰਹੇ **ਹਨ**, ਵੈਸੈ ਤਾਂ ਪੇਪਰਲੈੱਸ ਹੈ,ਪਰ ਕੁਝ ਕਾਗਜ਼ ਅਜਿਹੇ ਹਨ, ਜਿਨ੍ਹਾਂ ਉੱਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲਿਖਿਆ ਹੋਇਆ, ਸੋ **ਸੈ**ਸ਼ਨ ਦੀ

ਸਮਾਪਤੀ ਤੋਂ ਬਾਅਦ ਉਨ੍ਹਾਂ ਨੂੰ ਸੰਭਾਲਿਆ ਜਾਵੇ ਤਾਂਕਿ ਕੋਈ ਬੇਅਦਬੀ ਨਾ ਹੋਵੇ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ ਰੱਖਿਆ ਜਾ ਸਕੇ।"

ਮਾਣਯੋਗ ਡਿਪਟੀ ਸਪੀਕਰ ਨੇ 02.25 ਵਜੇ ਬਾਅਦ ਦੁਪਹਿਰ ਤੋਂ 02.29 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

------

**PUNJAB VIDHAN SABHA,**

**SRI ANANDPUR SAHIB**

**BULLETIN NO.1**

**Monday, the 24th November, 2025**

(From 01:00 PM to 03:37 PM)

1. **Announcement by the Hon'ble Speaker**

   1. **Regarding Panel of Chairmen**

The Hon'ble Speaker made an announcement under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly) regarding nomination of the following Hon'ble Members to serve on the Panel of Chairmen:

1. Sardar Manjit Singh Bilaspur, MLA;
2. Rana Gurjeet Singh, MLA;
3. Smt. Jeevan Jyot Kaur, MLA; and
4. Shri Jangi Lal Mahajan, MLA.

2. **Announcement by the Secretary**

The Secretary laid on the table of the House a statement showing the details of the bills passed by the 16th Punjab Vidhan Sabha during its 9th session, which have since been assented to by the Hon'ble Governor.

3. **Motion under Rule 16**

The following motion moved by the Parliamentary Affairs Minister was put to the vote of the House and carried: -

"That the Vidhan Sabha (Assembly) at its rising this day shall stand adjourned sine-die."

4. **Official Resolution**

Sardar Harjot Singh Bains, Education Minister moved the following official Resolution and was carried unanimously: -

"On the historic occasion of the 350th year of martyrdom of Sri Guru Tegh Bahadur Ji, this House, expresses its deepest reverence and pays tribute to the great Sikh Guru and humbly bows down in respect, devotion and faith.

WHEREAS Sri Guru Tegh Bahadur Ji laid down his life in defense of the Kashmiri Pandits' right to practice their faith freely and upheld the principles of religious freedom, human rights and dignity;

AND WHEREAS his supreme sacrifice has been a beacon of inspiration for generations, promoting values of courage, compassion and unwavering commitment to justice;

AND WHEREAS the people of Punjab, irrespective of their religious inclination, have immense pride in the Guru's legacy and contributions to the rich cultural and spiritual heritage of the region;

NOW, THEREFORE, this House resolves to:

1. Pay its humble tributes to Sri Guru Tegh Bahadur Ji and honor his memory by observing his 350th martyrdom anniversary with due solemnity and reverence.

2. Commend the Punjab Government's efforts in organizing various events and programs to commemorate this occasion, including the Special Session of the Vidhan Sabha, Nagar Kirtans, Kirtan Darbars, Light and Sound shows/drone shows dedicated to the life and legacy of Guru Sahib and Sarv Dharam Sammelan.
3. Urge the Government to continue promoting the values of secularism, universal brotherhood and human rights, as exemplified by Sri Guru Tegh Bahadur Ji.
4. Resolve to draw inspiration from the Guru's life and teachings to work towards the welfare and prosperity of the people of Punjab, promoting peace, tolerance and harmony in the society.''

The following Hon'ble Members and Hon'ble Ministers took part in the discussion and spoke for the time as mentioned against their names: -

1. Sardar Harjot Singh Bains, Education Minister 08 Minutes
2. Doctor Nachhatarpal, Bahujan Samaj Party 05 Minutes
3. Sardar Manwinder Singh Giaspura, Aam Aadmi Party 07 Minutes
4. Sardar Kuldeep Singh Dhaliwal, Aam Aadmi Party 06 Minutes
5. Sardar Partap Singh Bajwa, Leader of the Opposition 12 Minutes

6. Shri Aman Arora, New and Renewable Energy Resources Minister 07 Minutes
7. Shri Ashwani Kumar Sharma, Bharatiya Janta Party 06 Minutes
8. Sardar Manjit Singh Bilaspur, Aam Aadmi Party 11 Minutes
9. Smt. Inderjit Kaur Mann, Aam Aadmi Party 07 Minutes
10. Sardar Inderbir Singh Nijjar, Aam Aadmi Party 07 Minutes
11. Sardar Harpal Singh Cheema, Finance Minister 06 Minutes
12. Sardar Manpreet Singh Ayali, Shiromani Akali Dal 06 Minutes

While taking part in the discussion, the Hon'ble Chief Minister spoke for 25 Minutes.

**2. Resolution**

The following resolution was moved by the Hon'ble Chief Minister and was carried unanimously:

"On the occasion dedicated to 350th martyrdom anniversary of Sri Guru Tegh Bahadur Ji, the special session of the Punjab Legislative Assembly being held at the holy land of Sri Anandpur Sahib is truly historic. I believe and I am confident and other Members of this House

would also believe that our revered Gurus have always upheld the philosophy of Sarbat da Bhala (Welfare of all). The supreme sacrifice of Sri Guru Tegh Bahadur Sahib ji was also made for the protection of human rights. To establish Anandpur Sahib, he purchased land here and settled this city himself. The only son of Guru Sahib, Sri Guru Gobind Singh ji spent nearly 30 years on this holy land. While staying here, he also founded Khalsa Panth for the defence of the nation and to stand against tyranny. Among the four Sahibzadas of Sri Guru Gobind Singh Ji, three Sahibzadas were also born here and the sacrifice of Sahibzadas stands unmatched anywhere in history. So out of the five takhts established by the Guru Sahib, three of these have also been bestowed upon us on the land of Punjab. Sri Akal Takht Sahib which stands magnificent in Sri Amritsar- the holy city founded by Sri Guru Ramdas Ji- is also situated here. The Takht of Sri Damdama Sahib of Malwa is situated in Talwandi Sabo. Keeping in view the long standing demand and with a view that this session of the Punjab Vidhan Sabha be remembered forever in the annals of history, this House today recommends that the State Government should decide to declare Darbar Sahib Corridor at Sri Amritsar Sahib, Sri Anandpur Sahib and Sri Damdama Sahib Talwandi Sabo, all three Takht cities, as official holy cities of Punjab. The long standing and persistent demand of the Sangat be fulfilled by imposing a ban on the sale and consumption of meat, alcohol, tobacco and other intoxicants here by closing meat shops, liquor shops, cigarette shops and drug stores. These cities are not only religious centers but also symbols of

our cultural heritage. Therefore, this demand does not pertain to any party, caste or religion rather it is necessary to take this step to preserve our heritage and to promote it globally.

Along with this, an interfaith (Sarb Dharm) committee related to all religious places be formed in these cities, comprising representatives of all religions. The Punjab Government shall allocate the necessary budget for the development, cleanliness, security and promotion of religious tourism in these holy cities and shall also seek financial aid from the Central Government.''

**Clarification/Note-** *Regarding the said resolution passed by the Punjab Vidhan Sabha, it has been clarified by the Hon'ble Speaker, Punjab Vidhan Sabha as per the discussion held with the Hon'ble Member (Hon'ble Chief Minister) who moved the resolution that the words ''Corridor of Darbar Sahib at Sri Amritsar Sahib''mentioned in the presented resolution meant ''Old Amritsar city (Walled City of Amritsar)''

The following Hon'ble Member and Hon'ble Minister took part in the discussion on Resolution and spoke for the time as mentioned against their names: -

| | | |
|---|---|---|
| 1. | Sardar Harpal Singh Cheema, Finance Minister | 01 Minute |
| 2. | Sardar Pargat Singh Powar, Indian National Congress | 01 Minute |

The Hon'ble Speaker also paid his tribute to Sri Guru Teg Bahadur and spoke at different times, whose speech is included in the debate.

## 5. Welcome Announcement by the Hon'ble Speaker

The Hon'ble Speaker informed the House about the presence of the following personalities in the gallery, who were eminently present to witness the proceedings of the Special Session of the Punjab Vidhan Sabha at Sri Anandpur Sahib, dedicated to the 350th Martyrdom day of Sri Guru Teg Bahadur Ji and welcomed them on behalf of the entire House: -

**1.** Shri Arvind Kejriwal, Ex-Chief Minister, Delhi;

**2.** Smt. Sunita Kejriwal;

**3.** Shri Manish Kumar Sisodia, Ex-Deputy Chief Minister, Delhi:

**4.** Dr. Vikramjit Singh Sahney, M.P;

**5.** Dr. Raj Kumar Chabbewal, M.P;

**6.** Shri Gurmeet Singh Meet Hayer, M.P;

**7.** Sardar Malvinder Singh Kang, M.P;

**8.** Baba Balbir Singh Seechewal, M.P;

**9.** Shri Amrinder Singh Raja Warring, M.P;

**10.** Dr. Charanjit Singh Atwal, Ex-Speaker, Punjab Vidhan Sabha.

**11.** Sant Baba Sewa Singh ji;

**12.** Baba Kashmir Singh ji, Bhuri wale;

**13.** Shri Mahamandaleshwar Bansi das ji, Saint of Santan Dharm;

**14.** Dr. Satinder Sartaaj, Punjabi Singer;

**15.** Shri Varinder Walia, Editor, Punjabi Jagran;

**16.** Shri Abhishek Vij, Dainik Savera;

**17.** Shri Irwin Khanna, Editor in Chief, Uttam Hindu;

**18.** Shri Ritin Khanna, Editor, Uttam Hindu;

**19.** Shri Baldev Krishan Sharma, Resident Editor, Dainik Bhaskar;

**20.** Shri Jagdeep Sandhu, Editor, Daily Post;

**21.** Shri Yadwinder Singh, Editor, Pro Punjab;

**22.** Shri Gaurav Shukla, Editor, News 18;

**23.** Shri Atul, Editor, Living India;

**24.** Smt. Jyoti Malhotra, Editor in Chief, The Tribune;

**25.** Shri Manish Tiwari, Editor, Daily World;and

**26.** Shri Vinod Lamba, Editor, Zee Media

**6. Walk Out**

Sardar Sukhpal Singh Khaira, Member of Indian National Congress Party staged a walk out from the House in protest against not being given time to speak on the official resolution.

**7. Ruling by the Hon'ble Speaker**

The following Ruling was given by the Hon'ble Speaker-

''I want that all the Honorable Members should be given an opportunity to speak on the resolution, but due to shortage of time this could not be done. Many Members have sent their written speech to the Vidhan Sabha, those who have written speech they can place the same on the table of the House, which will be made part of the debate. So, there is a shortage of time. I wish I could allow everyone, but written speech of everyone will be made the part of record. I had already requested you to send your written speech to the House.''

**8. Request/Announcement by the Hon'ble Speaker**

The Hon'ble Speaker made an announcement as follows -

"The Papers which are being circulated here, though its paperless, but there are some papers on which the name of Sri Guru Teg Bahadur Ji is written, so these should be kept respectfully after the end of the session, so that no sacrilege happens and papers can be kept with respect."

The Hon'ble Deputy Speaker occupied the Chair of the House from 02.25 P.M to 02.29 P.M.

The House, then adjourned sine-die.

------

© 2025

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।